Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 48; November 29, 2025 20451 N. Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਦੇ ਅੰਦਰੂਨੀ ਸ਼ਹਿਰ ਪਵਿੱਤਰ ਐਲਾਨੇ

## ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਮਤਾ ਪਾਸ



**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਸ਼ਹਿਰਾਂ ਨੂੰ ਪੰਜਾਬ ਸਰਕਾਰ ਨੇ ਪਰਵਿੱਤਰ ਸ਼ਹਿਰ ਐਲਾਨ ਦਿੱਤਾ ਹੈ। ਇਸ ਨਾਲ ਹੁਣ ਇਨ੍ਹਾਂ ਤਿੰਨਾਂ ਸ਼ਹਿਰਾਂ ਦੇ ਅੰਦਰੂਨੀ ਇਲਾਕਿਆਂ (ਵਾਲਡ ਸਿਟੀ) 'ਚ ਮੀਟ, ਤੰਬਾਕੂ, ਸ਼ਰਾਬ ਤੇ ਹੋਰ ਨਸ਼ੀਲੇ ਪਦਾਰਥ ਵੇਚਣ ਤੇ ਵਰਤਣ 'ਤੇ ਪੂਰਨ ਪਾਬੰਦੀ ਹੋਵੇਗੀ। ਸੋਮਵਾਰ ਨੂੰ ਇਸ ਸਬੰਧੀ ਮਤਾ ਸ੍ਰੀ ਅਨੰਦਪੁਰ ਸਾਹਿਬ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬੁਲਾਏ ਗਏ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਪਾਸ ਕਰ ਦਿੱਤਾ ਗਿਆ। ਸੂਬੇ 'ਚ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਵਿਧਾਨ ਸਭਾ ਦਾ ਕੋਈ ਇਜਲਾਸ ਬੁਲਾਇਆ ਗਿਆ।

ਭਾਈ ਜੈਤਾ ਜੀ ਮੈਮੋਰੀਅਲ ਹਾਲ 'ਚ ਇਜਲਾਸ ਦੌਰਾਨ ਮੁੱਖ ਮੰਤਰੀ ਨੇ ਮਤਾ ਪੇਸ਼ ਕਰਦਿਆਂ ਕਿਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜ਼ਮੀਨ ਖ਼ਰੀਦ ਕੇ ਆਪ ਸ੍ਰੀ ਅਨੰਦਪੁਰ ਸਾਹਿਬ ਵਸਾਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਕਰੀਬ ਲਗਪਗ 30 ਸਾਲ ਇਸ ਪਾਵਨ ਧਰਤੀ 'ਤੇ ਰਹੇ ਹਨ। ਉਨ੍ਹਾਂ ਜਬਰ ਜ਼ੁਲਮ ਖ਼ਿਲਾਫ਼ ਲੜਣ ਲਈ ਖ਼ਾਲਸਾ ਪੰਥ ਦੀ ਸਾਜਨਾ ਵੀ ਇਸੇ ਪਵਿੱਤਰ ਧਰਤੀ 'ਤੇ ਹੀ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ 'ਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸੇ ਧਰਤੀ 'ਤੇ ਹੋਇਆ।ਇਸੇ ਲਈ ਇਸ ਧਰਤੀ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਹੈ। ਮਾਨ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਨੂੰ ਇਤਿਹਾਸ 'ਚ ਸਦੀਵੀ ਤੌਰ 'ਤੇ ਚੇਤੇ ਰੱਖਣ ਵਾਸਤੇ ਸਿਫ਼ਾਰਸ਼ ਕਰਦਾ ਹੈ ਕਿ ਸੂਬਾ ਸਰਕਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ,-ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਤਲਵੰਡੀ ਸਾਬੋ ਸਥਿਤ ਸ੍ਰੀ ਦਮਦਮਾ ਸਾਹਿਬ ਜੀ ਦੇ ਗਲਿਆਰੇ ਨੂੰ ਪਵਿੱਤਰ ਐਲਾਨਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਇੱਥੇ ਮੀਟ, ਸ਼ਰਾਬ, ਤੰਬਾਕੂ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਵਰਤੋਂ 'ਤੇ ਪਾਬੰਦੀ ਲਗਾਈ ਜਾਵੇਗੀ। ਮੀਟ ਦੀਆਂ ਦੁਕਾਨਾਂ ਤੇ ਸ਼ਰਾਬ ਦੇ ਠੇਕੇ ਅੰਦਰੂਨ ਸ਼ਹਿਰ 'ਚੋਂ ਬਾਹਰ ਕੱਢੇ ਜਾਣਗੇ। ਇਨ੍ਹਾਂ ਸ਼ਹਿਰਾਂ 'ਚ ਸਾਰੇ ਧਾਰਮਿਕ ਸਥਾਨਾਂ ਨਾਲ ਸਬੰਧਤ ਇਕ ਸਰਬ ਧਰਮ ਕਮੇਟੀ ਬਣਾਈ ਜਾਵੇਗੀ, ਜਿਸ 'ਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣਗੇ।

(ਬਾਕੀ ਸਫ਼ਾ 6 'ਤੇ)

## ਆਪਣੇ ਹੱਕ ਲੈਣਾ ਜਾਣਦਾ ਹੈ ਪੰਜਾਬ: ਭਗਵੰਤ ਮਾਨ




**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਚੰਡੀਗੜ੍ਹ ਦਾ ਮੁੱਦਾ ਵੀ ਗੂੰਜਿਆ। ਹੁਕਮਰਾਨ ਤੇ ਵਿਰੋਧੀ ਧਿਰ ਨੇ ਇਕਸੁਰ ਹੋ ਕੇ ਬਿਨਾਂ ਨਾਮ ਲਏ ਕੇਂਦਰ 'ਤੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਦਾ ਦੋਸ਼ ਲਾਇਆ। ਹਾਲਾਂਕਿ ਭਾਜਪਾ ਇਸ ਤੋਂ ਬਾਹਰ ਰਹੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਗਲਤ ਫ਼ਹਿਮੀ ਹੈ ਕਿ ਪੰਜਾਬ ਆਪਣਾ ਹੱਕ ਛੱਡ ਦੇਵੇਗਾ ਪਰ ਪੰਜਾਬ

(ਬਾਕੀ ਸਫ਼ਾ 6 'ਤੇ)

# ਅਲਵਿਦਾ! ਧਰਮ ਭਾ ਜੀ!

## ਸੋਗ 'ਚ ਡੁੱਬਿਆ ਪੂਰਾ ਦੇਸ਼ ਅਤੇ ਫ਼ਿਲਮ ਜਗਤ



**ਮੁੰਬਈ:** ਬਾਲੀਵੁੱਡ ਦੇ 'ਹੀ ਮੈਨ' ਪ੍ਰਸਿੱਧ ਅਦਾਕਾਰ ਧਰਮਿੰਦਰ ਦਾ ਅੱਜ ਲੰਮੀ ਬਿਮਾਰੀ ਦੇ ਬਾਅਦ ਦਿਹਾਂਤ ਹੋ ਗਿਆ। 89 ਸਾਲ ਦੇ ਅਦਾਕਾਰ ਨੇ ਸੋਮਵਾਰ ਦੁਪਹਿਰ ਕਰੀਬ 1 ਵਜੇ ਆਪਣੇ ਘਰ ਵਿਚ ਹੀ ਆਖ਼ਰੀ ਸਾਹ ਲਏ। ਦਿੱਗਜ ਅਦਾਕਾਰ ਦੇ ਦਿਹਾਂਤ ਨਾਲ ਸਿਨੇਮਾ ਜਗਤ ਦੇ ਨਾਲ ਪੂਰਾ ਦੇਸ਼ ਸੋਗ 'ਚ ਡੁੱਬ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਪੂਰੇ ਸਨਮਾਨ ਨਾਲ ਵਿਲੇ ਪਾਰਲੇ ਸ਼ਮਸ਼ਾਨਘਾਟ ਵਿਚ ਕੀਤਾ ਗਿਆ। ਉਨ੍ਹਾਂ ਦੇ ਵੱਡੇ ਬੇਟੇ ਸਨੀ ਦਿਓਲ ਨੇ ਅੰਤਿਮ ਰਸਮਾਂ ਨਿਭਾਈਆਂ। ਅੰਤਿਮ ਸੰਸਕਾਰ ਮੌਕੇ ਮੌਕੇ ਅਮਿਤਾਭ ਬਚਨ, ਅਭਿਸ਼ੇਕ ਬਚਨ, ਸ਼ਾਹਰੁਖ ਖ਼ਾਨ, ਆਮਿਰ ਖ਼ਾਨ, ਨਿਰਮਾਤਾ ਸਲੀਮ ਖ਼ਾਨ, ਸਲਮਾਨ ਖ਼ਾਨ, ਸੰਜੇ ਦੱਤ, ਨਿਰਦੇਸ਼ਕ ਰਾਜ ਕੁਮਾਰ ਸੰਤੋਸ਼ੀ, ਅਨਿਲ ਕਪੂਰ ਸਮੇਤ ਕਈ ਮਸ਼ਹੂਰ ਹਸਤੀਆਂ ਸ਼ਾਮਿਲ ਹੋਈਆਂ।

ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਸਮੇਤ ਵੱਖ-ਵੱਖ ਆਗੂਆਂ ਨੇ ਧਰਮਿੰਦਰ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ। ਜ਼ਿਕਰਯੋਗ ਹੈ ਕਿ ਬਜ਼ੁਰਗ ਅਦਾਕਾਰ ਨੂੰ ਸਾਹ ਲੈਣ 'ਚ ਤਕਲੀਫ਼ ਦੇ ਚੱਲਦਿਆਂ ਕੁਝ ਦਿਨ ਪਹਿਲਾਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਪਤਨੀ ਤੇ ਅਦਾਕਾਰਾ ਹੇਮਾ ਮਾਲਿਨੀ, ਪੁੱਤਰ ਸੰਨੀ ਦਿਓਲ' ਤੇ ਬੌਬੀ ਦਿਓਲ ਨੇ ਆਪਣੇ ਬਿਮਾਰ ਪਿਤਾ ਨਾਲ ਮੁਲਾਕਾਤ ਕੀਤੀ ਸੀ। ਹਾਲਾਂਕਿ ਸਿਹਤ ਵਿਚ ਕੁਝ ਸੁਧਾਰ ਹੋਣ ਤੋਂ ਬਾਅਦ ਪਰਿਵਾਰ ਅਦਾਕਾਰ ਨੂੰ ਘਰ ਲੈ ਗਿਆ ਸੀ ਅਤੇ ਡਾਕਟਰਾਂ ਵਲੋਂ ਉਨ੍ਹਾਂ ਦਾ ਇਲਾਜ ਘਰ 'ਚ ਹੀ ਕੀਤਾ ਜਾ ਰਿਹਾ ਸੀ। ਧਰਮਿੰਦਰ ਦੇ ਦਿਹਾਂਤ ਨਾਲ ਬਾਲੀਵੁੱਡ ਦੇ ਇਕ ਯੁੱਗ ਦਾ ਅੰਤ ਹੋ ਗਿਆ। ਉਨ੍ਹਾਂ ਨੇ 300 ਤੋਂ ਵੱਧ ਫ਼ਿਲਮਾਂ ਨਾਲ ਸਿਨੇਮਾ ਜਗਤ 'ਚ ਆਪਣੀ ਅਮਿੱਟ ਛਾਪ ਛੱਡੀ। ਧਰਮਿੰਦਰ ਨੂੰ ਭਾਰਤੀ ਸਿਨੇਮਾ ਵਿਚ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ 1997 ਵਿਚ ਫ਼ਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ ਅਤੇ ਭਾਰਤ ਸਰਕਾਰ ਵਲੋਂ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਪਦਮ ਭੂਸ਼ਨ 2012 ਵਿਚ ਪ੍ਰਦਾਨ ਕੀਤਾ ਗਿਆ। ਇੱਕ ਅਦਾਕਾਰ ਹੋਣ ਦੇ ਨਾਲ-ਨਾਲ ਧਰਮਿੰਦਰ ਨੇ ਰਾਜਨੀਤੀ ਵਿਚ ਵੀ ਹੱਥ ਅਜ਼ਮਾਇਆ।

(ਬਾਕੀ ਸਫ਼ਾ 6 'ਤੇ)

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloodo Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਗ੍ਰਿਫ਼ਤਾਰ ਕਰਨ ਪਿੱਛੋਂ ਫ਼ਰਜ਼ੀ ਮੁਕਾਬਲੇ ਬਣਾ ਕੇ ਮਾਰਨਾ ਇੱਕ ਖ਼ਤਰਨਾਕ ਵਰਤਾਰਾ

**ਬਠਿੰਡਾ:**ਆਂਧਰਾ ਪ੍ਰਦੇਸ਼ ਦੀ ਪੁਲਸ ਵੱਲੋਂ ਸੀਪੀਆਈ (ਮਾਓਵਾਦੀ) ਦੇ ਸੈਂਟਰਲ ਕਮੇਟੀ ਮੈਂਬਰ ਹਿੜਮਾ ਨੂੰ ਪੰਜ ਹੋਰ ਸਾਥੀਆਂ ਸਮੇਤ ਮੁਕਾਬਲੇ ਵਿੱਚ ਮਾਰੇ ਜਾਣ ਦੇ ਦਾਵਿਆਂ ਨੂੰ ਖਾਰਜ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਸੂਬਾ ਸਕੱਤਰ ਪ੍ਰਿਤਪਾਲ ਸਿੰਘ, ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਅਤੇ ਸੂਬਾ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਇਕ ਪ੍ਰੈਸ ਬਿਆਨ ਰਾਹੀਂ ਆਖਿਆ ਹੈ ਕਿ ਪਰ ਹੁਣ ਤੱਕ ਇਹ ਤੱਥ ਬਾਹਰ ਆਏ ਹਨ ਕਿ ਹਿਡਮਾ ਤੇ ਉਹਦੇ ਸਾਥੀਆਂ ਨੂੰ ਕੁੱਝ ਦਿਨ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪਿੱਛੋਂ ਉਨ੍ਹਾਂ ਨੂੰ ਮੇਰੇਦੂਮਿਲੀ ਦੇ ਜੰਗਲਾਂ ਵਿੱਚ ਲਿਜਾਕੇ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ । ਇੱਕ ਚਸ਼ਮਦੀਦ ਦੇ ਦੱਸੇ ਅਤੇ ਆਂਧਰਾ ਦੀ ਸਿਵਲ ਲਿਬਰਟੀਜ਼ ਕਮੇਟੀ ਵੱਲੋਂ ਇਕੱਠੀ ਕੀਤੀ ਜਾਣਕਾਰੀ ਦੇ ਅਧਾਰਤ, ਕਮੇਟੀ ਨੇ ਇਸ ਨੂੰ ਫ਼ਰਜ਼ੀ ਪੁਲਿਸ ਮੁਕਾਬਲਾ ਕਰਾਰ ਦਿੱਤਾ ਹੈ।



ਮਾਓਵਾਦੀਆਂ ਜਾਂ ਹਕੂਮਤ ਵਿਰੁੱਧ ਲੜ ਰਹੇ ਲੋਕਾਂ ਨੂੰ ਇਓਂ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦਾ ਸਿਲਸਲਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਰ ਭਾਜਪਾ ਸਰਕਾਰ ਦੇ ਸਮੇਂ ਦੌਰਾਨ ਇਸ ਵਰਤਾਰੇ ਦਾ ਵਿਆਪਕ ਪਸਾਰਾ ਹੋਇਆ ਹੈ। ਸੈਂਕੜੇ ਹੀ ਨਹੀਂ ਹਜਾਰਾਂ ਨਿਹੱਥੇ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰਕੇ ਮਾਰਿਆ ਗਿਆ ਹੈ। ਇੱਥੋਂ ਤੱਕ ਕਿ ਜੰਗਲਾਂ 'ਚ ਰਹਿੰਦੇ ਆਦਿਵਾਸੀਆਂ, ਉਨ੍ਹਾਂ ਦੇ ਬੱਚਿਆਂ ਅਤੇ ਔਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਇਹ ਵਰਤਾਰਾ ਸਭ ਤੋਂ ਵੱਡੀ ਜਮਹੂਰੀਅਤ ਦਾ ਦਾਅਵਾ ਕਰਨ ਵਾਲੀ ਭਗਵਾ ਹਕੂਮਤ ਦੇ ਤਾਨਾਸ਼ਾਹ ਚਿਹਰੇ ਨੂੰ ਬੇਪਰਦ ਕਰਦਾ ਹੈ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਦਾਅਵਾ ਹੈ ਕਿ ਮਾਓਵਾਦ/ਨਕਸਲਵਾਦ ਨੂੰ 31 ਮਾਰਚ 2026 ਤੱਕ ਖ਼ਤਮ ਕਰਨ ਦੇ ਟੀਚੇ ਨੂੰ ਅਸੀ ਪਹਿਲਾਂ ਹੀ ਪ੍ਰਾਪਤ ਕਰ ਲਵਾਂਗੇ। ਮਾਓਵਾਦੀਆਂ/ਨਕਸਲਵਾਦੀਆਂ ਨੂੰ ਖ਼ਤਮ ਕਰਨ ਦੇ ਬਿਰਤਾਂਤ ਵਿੱਚ ਆਦਿ ਵਾਸੀਆਂ ਦੇ ਮਸਲੇ ਜਲ ਜੰਗਲ਼ ਜ਼ਮੀਨ ਸਬੰਧੀ ਕੋਈ ਚਰਚਾ ਨਹੀਂ ਕੀਤੀ ਜਾ ਰਹੀ ਹੈ ਅਤੇ ਮਾਓਵਾਦੀਆਂ ਤੋਂ ਮੁਕਤ ਕਰਵਾਏ ਖੇਤਰਾਂ ਨੂੰ ਕਾਰਪੋਰੇਟ ਘਰਾਣਿਆਂ ਦੀ ਖੁਦਾਈ ਲਈ ਧੂੰਮ ਧਾਮ ਨਾਲ ਖੋਲ੍ਹਿਆ ਜਾ ਰਿਹਾ ਹੈ ਅਤੇ ਆਦਿਵਾਸੀਆਂ ਨੂੰ ਮਨਰੇਗਾ ਵਰਗੀਆਂ ਫੇਲ੍ਹ ਹੋਈਆਂ ਸਕੀਮਾਂ ਮੁਹੱਈਆ ਕਰਵਾਉਣ ਦੀਆਂ ਖਬਰਾਂ ਆ ਰਹੀਆਂ ਹਨ। ਜਮਹੂਰੀ ਅਧਿਕਾਰ ਸਭਾ ਸਮਝਦੀ ਹੈ ਕਿ ਮੱਧ ਭਾਰਤ ਵਿੱਚ ਆਦਿਵਾਸੀਆਂ ਦੀਆਂ ਜਿਉਣ ਹਾਲਤਾਂ ਹੱਲ ਕਰਨ ਦੀ ਬਜਾਏ ਆਰ ਐਸ ਐਸ ਦੇ ਫ਼ਿਰਕੂ ਫਾਸ਼ੀ ਏਜੰਡੇ ਨੂੰ ਅੱਗੇ ਵਧਾ ਰਹੀ ਮੋਦੀ ਸਰਕਾਰ ਮਾਓਵਾਦੀਆਂ ਨੂੰ ਖ਼ਤਮ ਕਰਨ ਦੇ ਰਾਹ ਪੈਕੇ ਦੇਸ਼ ਵਾਸੀਆਂ ਦਾ ਧਿਆਨ ਅਸਲ ਮਸਲੇ ਤੋਂ ਤਿਲਕਾ ਰਹੀ ਹੈ ਅਤੇ ਬਸਤਰ ਦੇ ਪਿਛੜੇਪਣ ਦੇ ਅਸਲ ਕਾਰਨਾਂ ਨੂੰ ਛੁਪਾ ਰਹੀ ਹੈ ਅਤੇ ਆਪਣੀ ਮਸ਼ੀਨਰੀ ਦੇ ਦੰਦ ਹੋਰ ਤਿੱਖੇ ਕਰ ਰਹੀ ਹੈ ਤਾਂ ਕਿ ਦੇਸ਼ ਵਿੱਚੋਂ ਵਿਰੋਧ ਦੀ ਹਰ ਆਵਾਜ਼ ਖ਼ਤਮ ਕੀਤੀ ਜਾ ਸਕੇ ਅਤੇ ਬੇਸ਼ਕੀਮਤੀ ਖਣਿਜ ਪਦਾਰਥਾਂ ਨਾਲ ਭਰਪੂਰ ਜੰਗਲਾਂ ਨੂੰ ਕਾਰਪੋਰਟਾਂ ਦੇ ਹਵਾਲੇ ਕਰਨ ਨੂੰ ਖੁੱਲ੍ਹ ਦਿੱਤੀ ਜਾ ਸਕੇ। ਸਮੂਹ ਇਨਸਾਫ ਪਸੰਦ ਅਤੇ ਜਮਹੂਰੀ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਆਦਿਵਾਸੀਆਂ ਤੇ ਮਾਓਵਾਦੀ ਆਗੂਆਂ ਦੇ ਕਤਲੇਆਮ ਖਿਲਾਫ਼ ਅਤੇ ਆਦਿਵਾਸੀਆਂ ਇਲਾਕਿਆ ਦਾ ਵਿਕਾਸ ਉਨ੍ਹਾਂ ਦੀ ਰਾਏ ਅਨੁਸਾਰ ਕਰਨ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਸ਼੍ਰੋਮਣੀ ਕਮੇਟੀ ਨੇ 350 ਸਾਲਾ ਗੁਰਤਾਗੱਦੀ ਦਿਵਸ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ:**ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ 350ਵੀਂ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਸਮਾਗਮਾਂ ਦੌਰਾਨ ਗੁਰਦੁਆਰਾ ਸੀਸਗੰਜ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਸਵੇਂ ਪਾਤਸ਼ਾਹ ਜੀ ਦੇ ਗੁਰਿਆਈ ਅਸਥਾਨ ਗੁਰਦੁਆਰਾ ਦਮਦਮਾ ਸਾਹਿਬ, ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ। ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਵਲੋਂ ਗੁਰੂ ਸਾਹਿਬ ਜੀ ਦੇ ਜੀਵਨ, ਇਤਿਹਾਸ ਬਾਰੇ ਤਿੰਨ ਪੁਸਤਕਾਂ ਅਤੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੋਵੀਨਾਰ ਵੀ ਜਾਰੀ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਗੁਰਿਆਈ ਅਸਥਾਨ ਵਿਖੇ ਦਸਵੇਂ ਪਾਤਸ਼ਾਹ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਸਬੰਧੀ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਰਾਗੀ ਜਥਿਆਂ ਨੇ ਕੀਰਤਨ ਕੀਤਾ ਅਤੇਪ੍ਰਮੁੱਖ ਸ਼ਖ਼ਸੀਅਤਾਂ ਨੇ ਗੁਰੂ ਸਾਹਿਬ ਦੇ ਜੀਵਨ, ਸਿਧਾਂਤ ਤੇ ਸ਼ਹੀਦੀ ਬਾਰੇ ਵਿਚਾਰ ਸਾਂਝੇ ਕੀਤੇ।

ਸ਼੍ਰੋਮਣੀ ਕਮੇਟੀ ਵਲੋਂ ਸ਼ਤਾਬਦੀ ਸਮਾਗਮ ਦੌਰਾਨ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਹਿਮਾਚਲ ਪ੍ਰਦੇਸ਼ ਦੇ ਸੁੱਖੂ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ ਦਲਜੀਤ ਸਿੰਘ ਚੀਮਾ, ਬਾਬਾ

# ਹੱਦਾਂ ਸਥਾਈ ਨਹੀਂ ਹੁੰਦੀਆਂ, ਭਾਰਤ 'ਚ ਵਾਪਸ ਆ ਸਕਦੈ ਸਿੰਧ: ਰਾਜਨਾਥ

**ਨਵੀਂ ਦਿੱਲੀ:**ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਵੰਡ ਦੇ ਦੌਰਾਨ ਪਾਕਿਸਤਾਨ 'ਚ ਗਿਆ ਸਿੰਧ ਸੂਬਾ ਭਵਿੱਖ 'ਚ ਭਾਰਤ 'ਚ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਨੇ ਸਾਬਕਾ ਉਪ ਪ੍ਰਧਾਨ ਮੰਤਰੀ ਲਾਲਕ੍ਰਿਸ਼ਨ ਅਡਵਾਣੀ ਦੇ ਉਸ ਬਿਆਨ ਦਾ ਹਵਾਲਾ ਦਿੱਤਾ, ਜਿਸ ਵਿਚ ਅਡਵਾਣੀ ਨੇ ਕਿਹਾ ਸੀ ਕਿ 'ਸੀਮਾਵਾਂ ਸਥਾਈ ਨਹੀਂ ਹੁੰਦੀਆਂ, ਉਹ ਬਦਲ ਵੀ ਸਕਦੀਆਂ ਹਨ। ਕੌਣ ਜਾਣਦਾ ਹੈ, ਕੱਲ੍ਹ ਸਿੰਧ ਦੁਬਾਰਾ ਭਾਰਤ ਦਾ ਹਿੱਸਾ ਬਣ ਜਾਵੇ।'

ਰਾਜਨਾਥ ਸਿੰਘ ਨੇ ਕਿਹਾ ਕਿ ਸਿੰਧ, ਜਿਸਨੂੰ ਸਿੰਧੀ ਸਮਾਜ ਦੀ ਮਾਤਭੂਮੀ ਮੰਨਿਆ ਜਾਂਦਾ ਹੈ, ਭਾਰਤੀ ਸੱਭਿਆਚਾਰ ਦੇ ਮੁੱਖ ਕੇਂਦਰ ਸਿੰਧੂ ਘਾਟੀ ਸੱਭਿਆਚਾਰ ਦਾ ਅਭਿੰਨ ਹਿੱਸਾ ਰਿਹਾ ਹੈ। ਸਿੰਧੀ ਸਮਾਜ ਦੇ ਇਕ ਸੰਮੇਲਨ 'ਚ ਉਨ੍ਹਾਂ ਨੇ ਕਿਹਾ, 'ਅੱਜ ਭਾਵੇਂ ਸਿੰਧ ਭਾਰਤ ਦੀ ਭੂਗੋਲਿਕ ਸੀਮਾ 'ਚ ਸ਼ਾਮਲ ਨਹੀਂ ਹੈ, ਪਰ ਸੱਭਿਆਚਾਰਕ ਨਜ਼ਰੀਏ ਤੋਂ ਇਹ ਸਦਾ ਭਾਰਤ ਦਾ ਹਿੱਸਾ ਰਿਹਾ ਹੈ। ਜਿੱਥੇ ਤੱਕ ਜ਼ਮੀਨ ਦੀ ਗੱਲ ਹੈ, ਸੀਮਾਵਾਂ ਸਮੇਂ ਦੇ ਨਾਲ ਬਦਲਦੀਆਂ ਰਹੀਆਂ ਹਨ।ਉਨ੍ਹਾਂ ਸਿੰਧ ਖੇਤਰ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ 'ਸਿੰਧ ਦੇ ਕਈ ਮੁਸਲਮਾਨ ਵੀ ਮੰਨਦੇ ਹਨ ਕਿ ਸਿੰਧੂ ਨਦੀ ਦਾ ਪਾਣੀ ਮੱਕਾ ਦੇ ਆਬ-ਏ- ਜਮਜਮ ਤੋਂ ਘੱਟ ਪਵਿੱਤਰ ਨਹੀਂ ਹੈ।'

ਰੱਖਿਆ ਮੰਤਰੀ ਨੇ ਇਸ ਮੌਕੇ 'ਤੇ ਲਾਲ ਕ੍ਰਿਸ਼ਨ ਅਡਵਾਨੀ ਦਾ ਵਿਸ਼ੇਸ਼ ਉਲੇਖ ਕਰਦਿਆਂ ਕਿਹਾ ਕਿ ਅਡਵਾਣੀ ਨੇ ਆਪਣੀ ਪੁਸਤਕ 'ਚ ਲਿਖਿਆ ਹੈ ਕਿ ਉਨ੍ਹਾਂ ਦੀ ਪੀੜ੍ਹੀ ਦੇ ਸਿੰਧੀ ਹਿੰਦੂ ਅਜੇ ਤੱਕ ਸਿੰਧ ਦੇ ਭਾਰਤ ਤੋਂ ਵੱਖ ਹੋ ਜਾਣ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਪਾਏ ਹਨ। ਉਨ੍ਹਾਂ ਕਿਹਾ, 'ਪੂਰੇ ਭਾਰਤ ਵਿਚ ਹਿੰਦੂ ਸਿੰਧੂ ਨਦੀ ਨੂੰ ਪਵਿੱਤਰ ਮੰਨਦੇ ਹਨ। ਸਾਡੇ ਸਿੰਧੀ ਭਾਈਆਂ ਨੇ ਸਿੰਧੂ ਨੂੰ ਪਵਿੱਤਰ ਬਣਾਈ ਰੱਖਿਆ ਹੈ। ਉਹ ਚਾਹੇ ਦੁਨੀਆ ਵਿਚ ਕਿੱਥੇ ਵੀ ਰਹਿਣ, ਉਹ ਸਾਡੇ ਆਪਣੇ ਹਨ ਅਤੇ ਸਦਾ ਸਾਡੇ ਹੀ ਰਹਿਣਗੇ।''


**Singh Enterprises, LLC**

**ਰੈਸਟੋਰੈਂਟ ਦੇ ਸਾਮਾਨ ਦੇ ਹੋਲਸੇਲਰ ਸਪਲਾਇਰ**

**Restaurant/Retail (Manufacturer/Importer/Wholesaler)**

*ਅਸੀਂ ਰੈਸਟੋਰੈਂਟ ਦੇ ਸਾਮਾਨ ਦੀ ਹੋਲਸੇਲ ਸਪਲਾਈ ਕਰਦੇ ਹਾਂ ਅਤੇ ਭਾਰਤੀ ਰੈਸਟੋਰੈਂਟ ਦੇ ਰਸੋਈ ਦੇ ਸਾਮਾਨ ਦੇ ਨਾਲ-ਨਾਲ ਆਪਣੇ ਤੰਦੂਰ ਵੀ ਬਣਾਉਂਦੇ ਹਾਂ। ਅਸੀਂ ਮਸਾਲੇ/ਦਾਲ/ਬਾਸਮਤੀ ਚਾਵਲ ਆਦਿ ਦੀਆਂ ਵੱਡੀਆਂ ਪੈਕਿੰਗਜ਼ ਇੰਪੋਰਟ ਕਰਦੇ ਹਾਂ ਅਤੇ ਦੇਸ਼ ਭਰ ਵਿਚ ਸਾਰੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ। ਰੈਸਟੋਰੈਂਟ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਪਲਾਈ ਲਈ ਸਾਡੇ ਨਾਲ ਸੰਪਰਕ ਕਰੋ।*

Amardeep Singh (CEO) Ph: 303-645-3739, Cell-303-396-2536
Fax: 866-460-0303. www.singhenterprisesco.net
6769 East 50th Avenue, Commerce City, CO 80022.



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS
Of Counsel

Offices in San Francisco and Union City


No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

We sell and ship homeopathic remedies through out North America.





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

ਅਮਰੀਕਾ ਵਿਚ ਪੱਕੀ 42 ਸਾਲ 5'3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 'ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com 'ਤੇ ਭੇਜ ਸਕਦੇ ਹੋ। 45-48

Jat Sikh Sandhu family looking for a suitable match for their daughter, born June 1995, height 5'3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/ WhatsApp 630-261-5723 or email bdhillon776@gmail.com. No Marriage bureau contact please. 43-46

## ਲੜਕੀ ਦੀ ਲੋੜ ਹੈ

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl's biodata and family details via: E-mail: Amrit.Naam.2022@gmail.com WhatsApp (USA): +1-480-906-5614 47-50

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੁਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ
HISTORICAL SIKH SHRINES

'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਦੁਨੀਆਂ ਦੀ ਪਹਿਲੀ ਤੇ ਇੱਕੋ-ਇਕ ਕਿਤਾਬ ਹੈ ਜਿਸ ਵਿਚ ਗੁਰੂ ਸਾਹਿਬ ਅਤੇ ਸ਼ਹੀਦਾਂ ਨਾਲ ਸਬੰਧਤ ਪੰਜਾਬ ਤੇ ਭਾਰਤ ਦੇ ਸਾਰੇ ਸੂਬਿਆਂ, ਪਾਕਿਸਤਾਨ ਦੇ ਸਾਰੇ ਪਿੰਡਾਂ ਤੇ ਨਗਰਾਂ, ਅਫ਼ਗਾਨਿਸਤਾਨ, ਨੇਪਾਲ, ਬੰਗਲਾ ਦੇਸ਼ ਅਤੇ ਹੋਰ ਥਾਂਵਾਂ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਅਸਲ ਇਤਿਹਾਸ, ਪਿੰਡ/ਨਗਰ ਜਾਣ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦਿੱਤੀਆਂ ਹੋਈਆਂ ਹਨ। ਇਸ ਵਿਚ 850 ਪਿੰਡਾਂ ਤੇ ਨਗਰਾਂ ਦੇ ਸਾਰੇ ਦੇ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਤੇ ਅਸਲ ਇਤਿਹਾਸ ਹਨ।

ਸਾਰੀ ਕਿਤਾਬ ਵਧੀਆ ਆਰਟ ਪੇਪਰ 'ਤੇ ਛਪੀ ਹੋਈ ਹੈ। ਇਹ ਬਹੁਤ ਵੱਡਾ ਗ੍ਰੰਥ ਹੈ। ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਦੀ ਕੀਮਤ, ਕੋਰੀਅਰ ਖ਼ਰਚ ਸਣੇ ਸਿਰਫ਼ 125 ਅਮਰੀਕਨ ਡਾਲਰ ਹੈ।

ਕਿਤਾਬ ਖ਼ਰੀਦਣ ਵਾਸਤੇ ਰਾਬਤਾ ਕਰੋ:
ਜਸਪ੍ਰੀਤ ਕੌਰ, ਫੋਨ: 224-422-4773



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ
ਸੰਪਰਕ ਕਰੋ: 847-359-0746
To Advertise in Punjab Tmes
Contact us at: 847-359-0746

# ਸਿੱਖ ਧਾਰਮਿਕ ਮਾਮਲਿਆਂ ਵਿਚ ਨਾ ਕੀਤੀ ਜਾਵੇ ਦਖਲਅੰਦਾਜ਼ੀ

## ਸ਼੍ਰੋਮਣੀ ਅਕਾਲੀ ਦਲ ਵਲੋਂ ਕੇਂਦਰ ਅਤੇ ਸੂਬਾ ਸਰਕਾਰ ਨੂੰ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਅਤੇ ਖਾਲਸਾ ਪੰਥ ਦੇ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਸਮੇਤ ਤਖ਼ਤਾਂ 'ਤੇ ਕੰਟਰੋਲ ਕਰਨ ਦੇ ਰੁਝਾਨ ਤੋਂ ਗੁਰੇਜ਼ ਕਰਨ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ

**ਉਹਨਾਂ ਮੰਗ ਕੀਤੀ ਕਿ ਕੇਂਦਰ ਸ਼ਾਸਤ ਪ੍ਰਦੇਸ਼ ਪੰਜਾਬ ਨੂੰ ਦਿੱਤਾ ਜਾਵੇ।**

ਕਬਜ਼ਾ ਕਰਨਾ ਅਤੇ ਧੱਕੇ ਨਾਲ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨਾ ਉਹਨਾਂ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਸਹੀ ਤਰੀਕਾ ਨਹੀਂ ਹੈ ਜਿਹਨਾਂ ਨੇ ਧਾਰਮਿਕ ਅਸਹਿਣਸ਼ੀਲਤਾ ਅਤੇ ਜ਼ਬਰ ਦੇ ਖਿਲਾਫ ਸ਼ਹਾਦਤਾਂ ਦਿੱਤੀਆਂ।ਪਾਰਟੀ ਦੇ ਮੁੱਖ ਦਫਤਰ ਵਿਚ ਹੋਈ ਕੋਰ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤੇ ਮਤੇ ਵਿਚ ਕਿਹਾ ਗਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਧਾਰਮਿਕ ਵਿਸ਼ਵਾਸ, ਕਦਰਾਂ ਕੀਮਤਾਂ ਅਤੇ ਹੋਰ ਧਾਰਮਿਕ ਮਾਮਲਿਆਂ ਵਿਚ ਆਪਣੀ ਸਰਵੋਤਮ ਸ਼ਹਾਦਤ ਦੇ ਕੇ ਇਕ ਨਿਵੇਕਲੀ ਉਦਾਹਰਣ ਪੇਸ਼ ਕੀਤੀ ਹੈ। ਇਹ ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਕੇਂਦਰ ਅਤੇ ਮਹਾਰਾਸ਼ਟਰ, ਬਿਹਾਰ ਅਤੇ ਹਰਿਆਣਾ ਸਰਕਾਰ ਇਸ ਧਾਰਮਿਕ ਦਖਲਅੰਦਾਜ਼ੀ ਅਤੇ ਜ਼ਬਰ ਜਿਸ ਖਿਲਾਫ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦਿੱਤੀ, ਨੂੰ ਜਾਰੀ ਰੱਖ ਰਹੀ



ਹੈ। ਇਹ ਵਿਸ਼ਵਾਸਯੋਗ ਨਹੀਂ ਹੈ ਕਿ ਸਰਕਾਰਾਂ ਅੱਜ ਔਰੰਗਜ਼ੇਬ ਦੀ ਉਹੀ ਨੀਤੀ 'ਤੇ ਚਲ ਰਹੀਆਂ ਹਨ।

ਬਿਆਨ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਬਹੁਤ ਵੱਡੀ ਗੱਲ ਹੈ ਕਿ ਸਾਰਾ ਦੇਸ਼ ਅੱਜ ਮਹਾਨ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸ਼ਰਧਾ ਦੇ ਫੁੱਲ ਤਾਂ ਹੀ ਸੱਚੇ ਸਾਬਤ ਹੋਣਗੇ ਜੇਕਰ ਕੇਂਦਰ ਦੇ ਨਾਲ ਨਾਲ ਬਿਹਾਰ, ਮਹਾਰਾਸ਼ਟਰ, ਦਿੱਲੀ, ਹਰਿਆਣਾ ਅਤੇ ਹੋਰ ਰਾਜਾਂ ਦੀਆਂ ਸਰਕਾਰਾਂ ਸਿੱਖ ਧਾਰਮਿਕ ਸੰਸਥਾਵਾਂ ਤੇ ਗੁਰਧਾਮਾਂ ਦੇ ਮਾਮਲੇ ਵਿਚ ਆਪਣੀ ਦਖਲਅੰਦਾਜ਼ੀ ਬੰਦ ਕਰਨ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ, ਪੰਜਾਬ ਯੂਨੀਵਰਸਿਟੀ ਵਿਚ ਲੋਕਤੰਤਰੀ ਪ੍ਰਕਿਰਿਆ ਖ਼ਤਮ ਕਰਨ ਅਤੇ ਇਸਨੂੰ ਕੇਂਦਰੀ ਕੰਟਰੋਲ ਹੇਠ ਲੈਣ ਤੋਂ ਇਲਾਵਾ ਪੰਜਾਬ ਦੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ( ਬੀ ਬੀ ਐਮ ਬੀ) 'ਤੇ ਪੰਜਾਬ ਦਾ ਕੰਟਰੋਲ ਖ਼ਤਮ ਕਰਨਾ ਪੰਜਾਬ ਨਾਲ ਕੀਤੇ ਜਾ ਰਹੇ ਅਨਿਆਂ ਹਨ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦਾ ਚੰਡੀਗੜ੍ਹ 'ਤੇ ਅਨਿੱਖੜਵਾਂ ਹੱਕ ਹੈ ਅਤੇ ਅਕਾਲੀ ਦਲ ਪੰਜਾਬ ਤੋਂ ਇਸਨੂੰ ਖੋਹਣ ਦੇ ਯਤਨਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਉਹਨਾਂ ਮੰਗ ਕੀਤੀ ਕਿ ਕੇਂਦਰ ਸ਼ਾਸਤ ਪ੍ਰਦੇਸ਼ ਪੰਜਾਬ ਨੂੰ ਦਿੱਤਾ ਜਾਵੇ। ਉਹਨਾਂ ਪੰਜਾਬੀਆ ਅਤੇ ਸਿਆਸੀ ਪਾਰਟੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੂਬੇ ਦੇ ਹੱਕਾਂ ਦੀ ਰਾਖੀ ਵਿਚ ਅਕਾਲੀ ਦਲ ਦਾ ਸਾਥ ਦੇਣ।

# ਰਿਪਬਲਿਕਨ ਸੰਸਦ ਮੈਂਬਰ ਟੇਲਰ ਗ੍ਰੀਨ ਦੇਣਗੇ ਅਸਤੀਫ਼ਾ



**ਵਾਸ਼ਿੰਗਟਨ:** ਅਮਰੀਕਾ 'ਚ ਸੱਤਾ 'ਚ ਰਹਿਣ ਵਾਲੀ ਰਿਪਬਲਿਕਨ ਪਾਰਟੀ ਦੀ ਰਾਜਨੀਤੀ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਮਰਬਕ ਰਹੀ ਜਾਰਜੀਆ ਦੀ ਸੰਸਦ ਮੈਂਬਰ ਮਾਰਜੋਰੀ ਟੇਲਰ ਗ੍ਰੀਨ ਨੇ ਪ੍ਰਤੀਨਿਧੀ ਸਭਾ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਉਹ ਟਰੰਪ ਨਾਲ ਹਾਲੀਆ ਮਹੀਨਿਆਂ 'ਚ ਉੱਭਰੇ ਮਤਭੇਦਾਂ ਕਾਰਨ ਅਸਤੀਫਾ ਦੇ ਰਹੀਆਂ ਹਨ। ਉਨ੍ਹਾਂ ਦੇ ਅਸਤੀਫੇ ਤੋਂ ਬਾਅਦ ਪ੍ਰਤੀਨਿਧੀ ਸਭਾ 'ਚ ਰਿਪਬਲਿਕਨ ਪਾਰਟੀ ਦੀ ਵਿਰੋਧੀ ਚ ਡੈਮੋਕ੍ਰੇਟਿਕ ਪਾਰਟੀ 'ਤੇ ਪਹੁੰਚ ਘਟ ਜਾਵੇਗੀ। ਇਕ ਸਮੇਂ ਟਰੰਪ ਦੀ ਮਜ਼ਬੂਤ ਸਮਰਥਕ ਰਹੀ ਟੇਲਰ ਗ੍ਰੀਨ, ਰਾਸ਼ਟਰਪਤੀ ਦੇ 'ਅਮਰੀਕਾ ਪਹਿਲਾਂ' ਮੁਹਿੰਮ ਨਾਲ ਸ਼ੁਰੂ ਤੋਂ ਜੁੜੀ ਰਹੀ ਹਨ ਪਰ ਹਾਲੀਆ ਮਹੀਨਿਆਂ 'ਚ ਨਾਬਾਲਿਗ ਲੜਕੀਆਂ ਨਾਲ ਜਿਨਸੀ ਸੋਸ਼ਣ ਦੇ ਦੋਸ਼ੀ ਜੈਫਰੀ ਐਪਸਟਾਈਨ ਦੀਆਂ ਫਾਈਲਾਂ ਨੂੰ ਜਨਤਕ ਕਰਨ ਤੇ ਕੁਝ ਹੋਰ ਮਸਲਿਆਂ 'ਤੇ ਟਰੰਪ ਨਾਲ ਉਨ੍ਹਾਂ ਦੇ ਮਤਭੇਦ ਹਨ। ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦਾ ਦੋਸ਼ ਹੈ ਕਿ ਐਪਸਟਾਈਨ ਦੇ ਟਰੰਪ ਨਾਲ ਡੂੰਘੇ ਸੰਬੰਧ ਸਨ।

# ਮੈਨੂੰ ਵਿਸ਼ਵਾਸ ਹੈ ਕਿ ਮੇਅਰ ਮਮਦਾਨੀ ਕਰਨਗੇ ਚੰਗਾ ਕੰਮ: ਡੋਨਾਲਡ ਟਰੰਪ

## ਕਿਹਾ, ਬਹੁਤ ਹੀ ਬਿਹਤਰ ਅਤੇ ਲਾਭਦਾਇਕ ਮਾਹੌਲ 'ਚ ਹੋਈ ਸਾਡੀ ਮੁਲਾਕਾਤ

**ਨਿਊਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਿਊਯਾਰਕ ਸ਼ਹਿਰ ਦੇ ਨਵੇਂ ਚੁਣੇ ਮੇਅਰ ਜੌਹਰਾਨ ਮਮਦਾਨੀ ਨਾਲ ਮੁਲਾਕਾਤ ਕੀਤੀ। ਟਰੰਪ ਨੇ ਕਿਹਾ ਕਿ ਇਹ ਮੁਲਾਕਾਤ ਬਹੁਤ ਹੀ ਲਾਭਦਾਇਕ ਰਹੀ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਮਮਦਾਨੀ ਬਹੁਤ ਚੰਗਾ ਕੰਮ ਕਰ ਸਕਦੇ ਹਨ।

ਕੁਝ ਮਹੀਨਿਆਂ ਤੱਕ ਦੋਹਾਂ ਨੇ ਇਕ-ਦੂਜੇ ਖ਼ਿਲਾਫ਼ ਕਾਫ਼ੀ ਤਿੱਖੀ ਬਿਆਨਬਾਜ਼ੀ ਕੀਤੀ ਸੀ। ਟਰੰਪ ਨੇ ਮਮਦਾਨੀ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ ਸੀ, ਉਨ੍ਹਾਂ ਨੂੰ ਕਮਿਊਨਿਸਟ ਕਿਹਾ ਸੀ ਅਤੇ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਿੱਤ ਨਿਊਯਾਰਕ ਲਈ ਪੂਰੀ ਆਰਥਿਕ ਅਤੇ ਸਮਾਜਿਕ ਆਫ਼ਤ ਹੋਵੇਗੀ।

ਮੁਲਾਕਾਤ ਦੇ ਬਾਅਦ ਟਰੰਪ ਨੇ ਕਿਹਾ, 'ਸਾਡੀ ਹੁਣੇ ਹੀ ਬਿਹਤਰੀਨ, ਬਹੁਤ ਚੰਗੀ ਅਤੇ ਲਾਭਦਾਇਕ ਮੁਲਾਕਾਤ ਹੋਈ। ਦੋਹਾਂ 'ਚ ਇਕ ਗੱਲ ਸਾਂਝੀ ਹੈ, ਅਸੀਂ ਚਾਹੁੰਦੇ ਹਾਂ ਕਿ ਸਾਡਾ ਇਹ ਸ਼ਹਿਰ ਬਹੁਤ ਚੰਗਾ ਪ੍ਰਦਰਸ਼ਨ ਕਰੇ। ਮੈਂ ਮੇਅਰ ਨੂੰ ਵਧਾਈ ਦੇਣਾ ਚਾਹੁੰਦਾ ਸੀ। ਉਨ੍ਹਾਂ ਨੇ ਸ਼ੁਰੂਆਤੀ ਪ੍ਰਾਇਮਰੀ ਤੋਂ ਹੀ ਕਈ ਸਮਰੱਥ ਲੋਕਾਂ ਖ਼ਿਲਾਫ਼ ਇਕ ਅਸਧਾਰਣ ਮੁਕਾਬਲਾ ਲੜਿਆ। ਉਨ੍ਹਾਂ ਨੇ ਉਨ੍ਹਾਂ ਨੂੰ ਆਸਾਨੀ ਨਾਲ ਹਰਾ ਦਿੱਤਾ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ



ਮਮਦਾਨੀ ਦੇ ਪ੍ਰਸ਼ਾਸਨ ਹੇਠ ਨਿਊਯਾਰਕ ਸ਼ਹਿਰ ਵਿਚ ਰਹਿਣ ਵਿਚ ਸੁਖਾਲਾ ਮਹਿਸੂਸ ਕਰਨਗੇ, ਤਾਂ ਟਰੰਪ ਨੇ ਜ਼ੋਰ ਦੇ ਕੇ ਕਿਹਾ, 'ਹਾਂ, ਮੈਂ ਅਜਿਹਾ ਕਰਾਂਗਾ, ਖਾਸ ਕਰਕੇ ਮੁਲਾਕਾਤ ਦੇ ਬਾਅਦ।'ਉਨ੍ਹਾਂ ਨੇ ਕਿਹਾ ਕਿ 'ਜਿੰਨਾ ਮੈਂ ਸੋਚਿਆ ਸੀ, ਉਸ ਤੋਂ ਬਹੁਤ ਜ਼ਿਆਦਾ ਮਾਮਲਿਆਂ 'ਤੇ ਸਾਡੇ ਵਿਚ ਸਹਿਮਤੀ ਬਣੀ। ਮੈਂ ਚਾਹੁੰਦਾ ਹਾਂ ਕਿ ਉਹ ਚੰਗਾ ਕੰਮ ਕਰਨ ਅਤੇ ਅਸੀਂ ਇਸ ਵਿਚ ਮਦਦ ਕਰਾਂਗੇ। ਉਨ੍ਹਾਂ ਦੇ ਵਿਚਾਰ ਵੱਖਰੇ ਹੋ ਸਕਦੇ ਹਨ।''

ਦੂਜੇ ਪਾਸੇ, ਮਮਦਾਨੀ ਨੇ ਟਰੰਪ ਨਾਲ ਮੁਲਾਕਾਤ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਇਕ ਚੰਗੀ ਮੁਲਾਕਾਤ ਦੱਸਿਆ। ਮਮਦਾਨੀ ਨੇ ਕਿਹਾ ਕਿ ਦੋਹਾਂ ਨੇ ਕਿਰਾਏ, ਕਰਿਆਨੇ ਦੇ ਸਮਾਨ, ਯੂਟਿਲਿਟੀਜ਼, ਕਿਫਾਇਤੀ ਰਿਹਾਇਸ਼, ਜ਼ਿੰਦਗੀ ਜਿਉਣ ਦੀ ਲਾਗਤ ਦੇ ਸੰਕਟ ਅਤੇ ਰਿਹਾਇਸ਼ ਵਰਗੇ ਮੁੱਦਿਆਂ 'ਤੇ ਗੱਲ ਕੀਤੀ।

# ਨਾਈਜੀਰੀਆ 'ਚ ਸਕੂਲ ਦੇ 303 ਬੱਚੇ ਅਤੇ 12 ਅਧਿਆਪਕ ਅਗਵਾ



**ਅਬੂਜਾ:** ਨਾਈਜੀਰੀਆ ਦੇ ਨਾਈਜਰ ਸੂਬੇ ਦੇ ਸੇਂਟ ਮੈਰੀ ਸਕੂਲ 'ਤੇ ਬੰਦੂਕਧਾਰੀਆਂ ਨੇ ਹਮਲਾ ਕਰਕੇ 303 ਬੱਚਿਆਂ ਅਤੇ 12 ਅਧਿਆਪਕਾਂ ਨੂੰ ਅਗਵਾ ਕਰ ਲਿਆ। ਇਹ ਜਾਣਕਾਰੀ ਨਾਈਜੀਰੀਆ ਦੇ ਕ੍ਰਿਸਚੀਅਨ ਐਸੋਸੀਏਸ਼ਨ ਵੱਲੋਂ ਦਿੱਤੀ ਗਈ। ਹਾਲੇ ਤੱਕ ਕਿਸੇ ਵੀ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਚਾਰ ਦਿਨ ਪਹਿਲਾਂ, ਕੇਬੀ ਸੂਬਾ ਦੇ ਮਾਗਾ ਸ਼ਹਿਰ ਵਿਚ ਵੀ 25 ਸਕੂਲੀ ਬੱਚਿਆਂ ਨੂੰ ਅਗਵਾ ਕੀਤਾ ਗਿਆ ਸੀ। ਹਮਲਾ ਉਸ ਸਮੇਂ ਹੋਇਆ ਹੈ ਜਦੋਂ ਨਾਈਜੀਰੀਆ ਦੇ ਕੌਮੀ ਸੁਰੱਖਿਆ ਸਲਾਹਕਾਰ ਨੂਹ ਰਿਬਾ ਅਮਰੀਕਾ ਦੇ ਦੌਰੇ 'ਤੇ ਹਨ। ਰਿਬਾਦੂ ਨੇ ਸ਼ੁੱਕਰਵਾਰ ਨੂੰ ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨਾਲ ਮੁਲਾਕਾਤ ਕੀਤੀ। ਅਫਰੀਕਾ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਿਚ ਹਥਿਆਰਬੰਦ ਗਿਰੋਹ ਅਕਸਰ ਸਕੂਲਾਂ ਵਿਚ ਅਗਵਾ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।

# ਡਿਮੇਂਸ਼ੀਆ ਦੇ ਖ਼ਤਰੇ ਨੂੰ 45 ਫ਼ੀਸਦੀ ਤੱਕ ਘਟਾ ਸਕਦੀ ਹੈ ਕਸਰਤ

**ਨਿਊਯਾਰਕ:** ਜੇਕਰ ਤੁਹਾਡੀ ਉਮਰ 45 ਸਾਲ ਦੇ ਆਸ-ਪਾਸ ਹੈ, ਤਾਂ ਨਿਯਮਿਤ ਸਰੀਰਕ ਗਤੀਵਿਧੀ ਤੁਹਾਡੇ ਡਿਮੈਂਸ਼ੀਆ ਦੇ ਖਤਰੇ ਨੂੰ ਘਟਾਉਣ 'ਚ ਮਦਦਗਾਰ ਹੋ ਸਕਦੀ ਹੈ। ਇਹ ਗੱਲ ਇਕ ਨਵੇਂ ਅਧਿਐਨ 'ਚ ਸਾਹਮਣੇ ਆਈ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਇਸ ਉਮਰ ਦੇ ਲੋਕ ਜੇਕਰ ਨਿਯਮਿਤ ਕਸਰਤ ਕਰਦੇ ਹਨ, ਤਾਂ ਡਿਮੈਂਸ਼ੀਆ ਹੋਣ ਦਾ ਖ਼ਤਰਾ 45 ਫ਼ੀਸਦ ਤੱਕ ਘਟ ਜਾਂਦਾ ਹੈ। ਇਸ ਅਧਿਐਨ 'ਚ 4,300 ਤੋਂ ਵੱਧ ਵੱਡੀ ਉਮਰ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ।



ਇਹ ਅਧਿਐਨ 'ਦ ਜਰਨਲ ਆਫ ਦ ਅਮਰੀਕਨ ਮੈਡੀਕਲ ਐਸੋਸੀਏਸ਼ਨ' 'ਚ ਪ੍ਰਕਾਸ਼ਿਤ ਕੀਤਾ ਗਿਆ ਹੈ। ਡਿਮੈਂਸ਼ੀਆ ਇਕ ਉਮਰ ਨਾਲ ਸੰਬੰਧਿਤ ਸਥਿਤੀ ਹੈ, ਜਿਸ 'ਚ ਵਿਅਕਤੀ ਦੀ ਯਾਦਦਾਸ਼ਤ, ਵਿਚਾਰ ਪ੍ਰਕਿਰਿਆ ਅਤੇ ਬੋਲਚਾਲ ਸਮੇਂ ਦੇ ਨਾਲ ਪ੍ਰਭਾਵਿਤ ਹੁੰਦੇ ਹਨ ਅਤੇ ਰੋਜ਼ਾਨਾ ਜ਼ਿੰਦਗੀ 'ਚ ਰੁਕਾਵਟ ਪੈਦਾਕਰ ਸਕਦੇ ਹਨ। ਡਿਮੈਂਸ਼ੀਆ ਦਾ ਸਭ ਤੋਂ ਆਮ ਰੂਪ ਅਲਜ਼ਾਈਮਰ ਹੈ। ਬੋਸਟਨ ਯੂਨੀਵਰਸਿਟੀ ਸਕੂਲ ਆਫ ਮੈਡੀਸਿਨ ਦੇ ਖੋਜੀਆਂ ਨੇ 'ਫ੍ਰੇਮਿੰਗਹਮ ਹਾਰਟ ਸਟਡੀ ਦੇ ਅੰਕੜਿਆਂ ਦਾ ਅਧਿਐਨ ਕੀਤਾ, ਜੋ 1948 'ਚ ਸ਼ੁਰੂ ਹੋਇਆ ਸੀ। ਇਸ ਵਿਚ ਹਿੱਸਾ ਲੈਣ ਵਾਲਿਆਂ ਦਾ 37 ਸਾਲਾਂ ਤੱਕ ਅਧਿਐਨ ਕੀਤਾ ਗਿਆ।

ਮੱਧ ਉਮਰ ਅਤੇ ਵੱਡੀ ਉਮਰ 'ਚ ਸਰੀਰਕ ਗਤੀਵਿਧੀ ਦੇ ਸਭ ਤੋਂ ਉੱਚੇ ਪੱਧਰ ਵਾਲੇ ਵਿਅਕਤੀਆਂ 'ਚ ਘੱਟ ਸਰੀਰਕ ਗਤੀਵਿਧੀ ਵਾਲੇ ਵਿਅਕਤੀਆਂ ਦੀ ਤੁਲਨਾ ਵਿਚ ਡਿਮੈਂਸ਼ੀਆ ਦਾ ਖ਼ਤਰਾ ਕ੍ਰਮਵਾਰ 41 ਪ੍ਰਤੀਸ਼ਤ ਅਤੇ 45 ਪ੍ਰਤੀਸ਼ਤ ਘੱਟ ਸੀ। ਸਰੀਰਕ ਗਤੀਵਿਧੀ ਦਿਮਾਗ 'ਚ ਐਮੀਲਾਇਡ ਕਲੰਪਸ ਦੇ ਨਿਰਮਾਣ ਨੂੰ ਸਿੱਧੇ ਤੌਰ 'ਤੇ ਹੌਲੀ ਕਰ ਸਕਦੀ ਹੈ।

# ਹੁਨਰਮੰਦ ਗ਼ੈਰ-ਮੁਲਕੀਆਂ ਲਈ ਨਿਖੇਧੀ ਵੀ ਸਹਾਂਗਾ: ਟਰੰਪ

**ਨਿਊਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਆਪਣੇ ਦੇਸ਼ 'ਚ ਹੁਨਰਮੰਦ ਗੈਰ-ਮੁਲਕੀਆਂ ਦਾ ਸਵਾਗਤ ਕਰਨਗੇ। ਉਹ ਇਸ ਲਈ ਨਿਖੇਧੀ ਸਹਿਣ ਲਈ ਵੀ ਤਿਆਰ ਹਨ। ਉਹ ਅਜਿਹੇ ਹੁਨਰਮੰਦ ਗ਼ੈਰ-ਮੁਲਕੀਆਂ ਦਾ ਸਵਾਗਤ ਕਰਨਗੇ, ਜੋ ਅਮਰੀਕੀ ਕਿਰਤੀਆਂ ਨੂੰ ਚਿੱਪ ਅਤੇ ਮਿਜ਼ਾਈਲ ਵਰਗੇ ਗੁੰਝਲਦਾਰ ਉਤਪਾਦ ਬਣਾਉਣ ਦੀ ਤਕਨੀਕ ਸਿਖਾਉਣਗੇ। ਟਰੰਪ ਨੇ ਇਹ ਵੀ ਮੰਨਿਆ ਕਿ ਇਸ ਮਾਮਲੇ 'ਤੇ ਉਨ੍ਹਾਂ ਨੂੰ ਆਪਣੇ ਸਮਰਥਕ ਵਰਗ ਤੋਂ ਕੁਝ ਨਿਖੇਧੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਸਖ਼ਤ ਪਾਬੰਦੀਆਂ ਦਾ ਸਮਰਥਨ ਕਰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਐੱਚ- 1ਬੀ ਵੀਜ਼ਾ ਪ੍ਰੋਗਰਾਮ ਦਾ ਫਿਰ ਬਚਾਅ ਕੀਤਾ। ਅਤੇ ਕਿਹਾ ਕਿ ਅਮਰੀਕਾ ਨੂੰ ਹੁਨਰਮੰਦ ਵਿਦੇਸ਼ੀ ਕਿਰਤੀਆਂ ਦੀ ਲੋੜ ਹੈ।



ਟਰੰਪ ਨੇ ਬੁੱਧਵਾਰ ਨੂੰ ਅਮਰੀਕਾ-ਸਾਊਦੀ ਅਰਬ ਨਿਵੇਸ਼ ਫੋਰਮ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਮਰੀਕਾ 'ਚ ਵੱਡੀ ਸੰਖਿਆ 'ਚ ਪਲਾਂਟ ਲੱਗ ਰਹੇ ਹਨ, ਜਿਨ੍ਹਾਂ 'ਚੋਂ ਕੁਝ ਬਹੁਤ ਹੀ ਗੁੰਝਲਦਾਰ ਕੰਮਾਂ ਨਾਲ ਜੁੜੇ ਹੋਏ ਹਨ ਅਤੇ ਇਹ ਦੇਸ਼ ਦੀ ਆਰਥਿਕ ਵਿਕਾਸ 'ਚ ਮਹੱਤਵਪੂਰਨ ਯੋਗਦਾਨ ਦੇਣਗੇ। ਇਨ੍ਹਾਂ ਪਲਾਂਟਾਂ 'ਚ ਟੈਲੀਫੋਨ, ਕੰਪਿਊਟਰ ਅਤੇ ਮਿਜ਼ਾਈਲ ਵਰਗੇ ਬਹੁਤ ਹੀ ਗੁੰਝਲਦਾਰ ਉਤਪਾਦ ਬਣਾਏ ਜਾਣਗੇ, ਇਸ ਲਈ ਕੰਪਨੀਆਂ ਨੂੰ ਵਿਦੇਸ਼ ਤੋਂ ਹੁਨਰਮੰਦ ਕਾਮਿਆਂ ਨੂੰ ਲਿਆਉਣ ਦੀ ਲੋੜ ਹੋਵੇਗੀ, ਜੋ ਅਮਰੀਕੀ ਕਾਮਿਆਂ ਨੂੰ ਟ੍ਰੇਨਿੰਗ ਦੇਵੇਗਾ।

# ਫਾਈਲਾਂ ਜਾਰੀ ਕਰਨ ਵਾਲੇ ਬਿੱਲ 'ਤੇ ਟਰੰਪ ਨੇ ਕੀਤੇ ਹਸਤਾਖਰ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਇਕ ਬਿੱਲ 'ਤੇ ਹਸਤਾਖ਼ਰ ਕੀਤੇ ਹਨ, ਜੋ ਪ੍ਰਸ਼ਾਸਨ ਨੂੰ ਜਿਨਸੀ ਸੋਸ਼ਣ ਅਪਰਾਧੀ ਜੈਫਰੀ ਐਪਸਟੀਨ ਨਾਲ ਜੁੜੀਆਂ ਫਾਈਲਾਂ ਜਾਰੀ ਕਰਨ ਲਈ ਪਾਬੰਦ ਕਰਦਾ ਹੈ। ਸ਼ੁਰੂ 'ਚ ਇਸ ਯਤਨ ਦਾ ਵਿਰੋਧ ਕਰਨ ਦੇ ਬਾਅਦ, ਟਰੰਪ ਨੇ ਆਪਣੀ ਹੀ ਪਾਰਟੀ ਦੇ ਰਾਜਨੀਤਿਕ ਦਬਾਅ ਦੇ ਸਾਹਮਣੇ ਇਹ ਕਦਮ ਚੁੱਕਿਆ ਹੈ।ਟਰੰਪ ਨੇ ਇੰਟਰਨੈੱਟ ਮੀਡੀਆ 'ਤੇ ਇਕ ਪੋਸਟ 'ਚ ਕਿਹਾ, 'ਡੈਮੋਕ੍ਰੇਟਸ ਨੇ ਐਪਸਟੀਨ ਦੇ ਮਾਮਲੇ ਨੂੰ ਸਾਡੀ ਜਿੱਤ ਤੋਂ ਧਿਆਨ ਭਟਕਾਉਣ ਲਈ ਵਰਤਿਆ ਹੈ।' ਹੁਣ, ਇਸ ਬਿੱਲ ਤਹਿਤ ਨਿਆਂ ਵਿਭਾਗ ਨੂੰ ਐਪਸਟੀਨ ਨਾਲ ਜੁੜੀਆਂ ਸਾਰੀਆਂ ਫਾਈਲਾਂ ਅਤੇ ਸੰਚਾਰ, ਨਾਲ ਹੀ 2019 'ਚ ਜੇਲ੍ਹ 'ਚ ਉਸ ਦੀ ਮੌਤ ਦੀ ਜਾਂਚ ਨਾਲ ਸੰਬੰਧਿਤ ਸਾਰੀ ਜਾਣਕਾਰੀ 30 ਦਿਨਾਂ 'ਚ ਜਾਰੀ ਕਰਨੀ ਹੋਵੇਗੀ। ਪਿਛਲੇ ਹਫ਼ਤੇ ਜਿੱਥੇ ਟਰੰਪ ਪ੍ਰਸ਼ਾਸਨ ਨੇ ਫਾਈਲਾਂ ਜਾਰੀ ਕਰਨ ਦੇ ਹੱਕ 'ਚ ਇਕ ਰਿਪਬਲਿਕਨਸ ਨੂੰ ਇਸ ਮਾਮਲੇ 'ਤੇ ਚਰਚਾ ਲਈ ਬੁਲਾਇਆ ਸੀ ਪਰ ਹਫ਼ਤੇ ਦੇ ਅਖੀਰ 'ਤੇ, ਟਰੰਪ ਨੇ ਫਾਈਲਾਂ ਦੇ ਮਾਮਲੇ 'ਚ ਯੂ-ਟਰਨ ਲੈ ਲਿਆ।



# 350% ਟੈਰਿਫ ਦੀ ਧਮਕੀ 'ਤੇ ਰੁਕਿਆ ਸੀ ਭਾਰਤ-ਪਾਕਿ ਟਕਰਾਅ: ਟਰੰਪ

## ਅਮਰੀਕੀ ਰਾਸ਼ਟਰਪਤੀ 60 ਤੋਂ ਵੱਧ ਵਾਰ ਕਰ ਚੁੱਕੇ ਹਨ ਯੁੱਧ ਰੁਕਵਾਉਣ ਦਾ ਦਾਅਵਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਘਰਸ਼ ਰੁਕਵਾਉਣ ਦਾ ਫਿਰ ਦਾਅਵਾ ਕੀਤਾ ਹੈ। ਇਸ ਦਾਅਵੇ 'ਚ ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ 350 ਫੀਸਦ ਟੈਰਿਫ ਲਗਾਉਣ ਦੀ ਧਮਕੀ ਦੇ ਕੇ ਉਨ੍ਹਾਂ ਦੇ ਵਿਚਕਾਰ ਸੰਘਰਸ਼ ਰੁਕਵਾਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਫੋਨ ਕਰਕੇ ਕਿਹਾ ਸੀ, 'ਅਸੀਂ ਯੁੱਧ ਨਹੀਂ ਕਰਾਂਗੇ।' ਜਦਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਨੇ ਉਨ੍ਹਾਂ ਨੂੰ ਫੋਨ ਕਰਕੇ ਧੰਨਵਾਦ ਕੀਤਾ ਸੀ। ਯਾਦ ਰਹੇ ਕਿ ਪਹਿਲਗਾਮ ਦੇ ਜਾਨਲੇਵਾ ਹਮਲੇ ਦੇ ਬਾਅਦ 7 ਮਈ ਨੂੰ ਭਾਰਤ ਨੇ ਪਾਕਿਸਤਾਨ ਅਤੇ ਗੁਲਾਮ ਜੰਮੂ- ਕਸ਼ਮੀਰ ਵਿਚ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਸੰਘਰਸ਼ ਭੜਕ ਗਿਆ ਸੀ ਅਤੇ 10 ਮਈ ਨੂੰ ਜੰਗਬੰਦੀ ਹੋਈ ਸੀ। ਉਸ ਸਮੇਂ ਤੋਂ ਟਰੰਪ ਸੰਘਰਸ਼ ਰੁਕਵਾਉਣ ਦਾ ਆਪਣਾ ਦਾਅਵਾ 60 ਤੋਂ ਵੱਧ ਵਾਰ ਦੁਹਰਾ ਚੁੱਕੇ ਹਨ। ਹਾਲਾਂਕਿ ਭਾਰਤ ਨੇ ਹਮੇਸ਼ਾਂ ਕਿਸ ਤੀਜ ਪੱਖ ਦੀ ਵਿਚੋਲਗੀ ਤੋਂ ਇਨਕਾਰ ਕੀਤਾ ਹੈ।

ਟਰੰਪ ਨੇ ਅਮਰੀਕਾ-ਸਾਊਦੀ ਅਰਬ ਨਿਵੇਸ਼ ਫੋਰਮ 'ਚ ਕਿਹਾ, 'ਮੈਂ ਵਿਵਾਦਾਂ ਨੂੰ ਸੁਲਝਾਉਣ 'ਚ ਮਾਹਰ ਹਾਂ ਅਤੇ ਹਮੇਸ਼ਾਂ ਅਜਿਹਾ ਹੀ ਕਰਦਾ ਆਇਆ ਹਾਂ।



### ਵਿਦੇਸ਼ ਮੰਤਰਾਲੇ ਨੇ ਨਹੀਂ ਦਿੱਤੀ ਕੋਈ ਪ੍ਰਤੀਕਿਰਿਆ

ਟਰੰਪ ਦੇ ਬਿਆਨ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਕੋਈ ਬਿਆਨ ਨਹੀਂ ਦਿੱਤਾ ਹੈ। ਮੰਤਰਾਲਾ ਕਾਫੀ ਸਮੇਂ ਤੋਂ ਭਾਰਤ ਤੇ ਪਾਕਿਸਤਾਨ ਦੇ ਵਿਚਕਾਰ ਜੰਗ ਖ਼ਤਮ ਕਰਨ ਦੇ ਟਰੰਪ ਦੀ ਬਿਆਨਬਾਜ਼ੀ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਟਰੰਪ ਲਗਪਗ ਹਰ ਰੋਜ਼ ਭਾਰਤ ਅਤੇ ਪਾਕਿ ਸਣੇ ਦੁਨੀਆ 'ਚ ਇਕ ਦਰਜ਼ਨ ਯੁੱਧ ਖਤਮ ਕਰਨ ਦਾ ਦਾਅਵਾ ਕਰਦੇ ਹਨ ਤੇ ਇਸ ਕੜੀ 'ਚ ਉਨ੍ਹਾਂ ਵੱਲੋਂ ਦਿੱਤਾ ਜਾਣ ਵਾਲਾ ਬਿਆਨ ਵੀ ਵੱਖ-ਵੱਖ ਹੁੰਦਾ ਹੈ।

# ਯੂਕਰੇਨ ਜੰਗਬੰਦੀ ਲਈ ਅਮਰੀਕੀ ਤਜਵੀਜ਼ ਮੰਨਣ ਲਈ ਤਿਆਰ

**ਲੰਡਨ:** ਅਮਰੀਕਾ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੂੰ ਇਹ ਸੰਕੇਤ ਦਿੱਤਾ ਹੈ ਕਿ ਰੂਸ ਨਾਲ ਜੰਗ ਖਤਮ ਕਰਨ ਲਈ ਉਨ੍ਹਾਂ ਨੂੰ ਅਮਰੀਕਾ ਵੱਲੋਂ ਤਿਆਰ ਕੀਤੀ ਗਈ ਤਜਵੀਜ ਨੂੰ ਸਵੀਕਾਰ ਕਰਨਾ ਪਵੇਗਾ।



ਇਸ ਪ੍ਰਸਤਾਵ 'ਚ ਯੂਕਰੇਨ ਨੂੰ ਆਪਣੀ ਜ਼ਮੀਨ ਛੱਡਣ ਅਤੇ ਹਥਿਆਰਬੰਦ ਫੌਜਾਂ 'ਚ ਕਟੌਤੀ ਕਰਨ ਦੀ ਗੱਲ ਕੀਤੀ ਗਈ ਹੈ। ਸੂਤਰਾਂ ਦੇ ਅਨੁਸਾਰ ਅਮਰੀਕਾ ਚਾਹੁੰਦਾ ਹੈ ਕਿ ਯੂਕਰੇਨ ਤਜਵੀਜ ਦੇ ਮੁੱਖ ਬਿੰਦੂਆਂ ਨੂੰ ਸਵੀਕਾਰ ਕਰੇ।

ਹਾਲਾਂਕਿ ਇਸ ਤਰ੍ਹਾਂ ਦੀ ਕੋਈ ਯੋਜਨਾ ਯੂਕਰੇਨ ਲਈ ਇਕ ਵੱਡਾ ਝਟਕਾ ਸਾਬਤ ਹੋਵੇਗੀ, ਕਿਉਂਕਿ ਉਸ ਦੇ ਪੂਰਬੀ ਹਿੱਸੇ 'ਚ ਰੂਸ ਨੂੰ ਬਹੁਤ ਬੜ੍ਹਤ ਮਿਲ ਰਹੀ ਹੈ। ਜੇਲੈਂਸਕੀ ਇਕ ਘੋਟਾਲੇ ਨਾਲ ਜੂਝ ਰਹੇ ਹਨ, ਜਿਸ ਕਾਰਨ ਬੁੱਧਵਾਰ ਨੂੰ ਸੰਸਦ ਨੇ ਊਰਜਾ ਤੇ ਨਿਆਂ ਮੰਤਰੀਆਂ ਨੂੰ ਬਰਖ਼ਾਸਤ ਕਰ ਦਿੱਤਾ। ਰੂਸ ਨੇ ਕਿਹਾ ਹੈ ਕਿ ਉਹ ਅਮਰੀਕਾ ਨਾਲ ਸੰਪਰਕ 'ਚ ਹੈ ਪਰ ਯੂਕਰੇਨ 'ਚ ਯੁੱਧ ਖ਼ਤਮ ਕਰਨ ਲਈ ਸ਼ਾਂਤੀ ਯੋਜਨਾ 'ਤੇ ਕੋਈ ਵਿਕਾਸ ਨਹੀਂ ਹੋਇਆ ਹੈ।

# ਟਰੰਪ ਦਾ ਮਸਕ 'ਤੇ ਤੰਜ਼, ਤੁਸੀਂ ਲੱਕੀ ਹੋ...

**ਵਾਸ਼ਿੰਗਟਨ:** ਅਰਬਪਤੀ ਐਲਨ ਮਸਕ ਨਾਲ ਤਣਾਅ ਘਟਾਉਣ ਦਾ ਸੰਕੇਤ ਦੇਣ ਦੇ ਕੁਝ ਘੰਟੇ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ 'ਤੇ ਤੰਜ ਕੱਸਿਆ ਹੈ। ਉਨ੍ਹਾਂ ਨੇ ਕਿਹਾ, 'ਤੁਸੀਂ ਬਹੁਤ ਲੱਕੀ ਹੋ। ਐਲਨ ਮੈਂ ਤੁਹਾਡੇ ਨਾਲ ਹਾਂ।' ਇਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਦੋਹਾਂ 'ਚ ਤਣਾਅ ਵਧ ਸਕਦਾ ਹੈ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ 'ਚ ਸਾਊਦੀ ਕਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਸਨਮਾਨ 'ਚ ਕਰਵਾਇਆ ਗਿਆ ਰਾਤ ਦੇ ਖਾਣੇ ਵਿਚ ਟਰੰਪ ਅਤੇ ਮਸਕ ਇਕੱਠੇ ਦਿਖਾਈ ਦਿੱਤੇ ਸਨ। ਇਸ ਨਾਲ ਇਹ ਅਨੁਮਾਨ ਲਗਾਇਆ ਗਿਆ ਕਿ ਦੋਹਾਂ 'ਚ ਤਣਾਅ ਘਟ ਸਕਦਾ ਹੈ। ਇਸ ਤੋਂ ਬਾਅਦ ਅਮਰੀਕਾ- ਸਾਊਦੀ ਨਿਵੇਸ਼ ਫੋਰਮ 'ਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਆਪਣੇ ਅੰਦਾਜ਼ 'ਚ ਇਹ ਦੁਹਰਾਇਆ ਕਿ ਉਨ੍ਹਾਂ ਨੇ ਮਸਕ ਨੂੰ ਉਨ੍ਹਾਂ ਦੀ ਅਗਵਾਈ ਵਾਲੇ ਸਰਕਾਰੀ ਦਖਲ ਦੇ ਛੋਟੇ ਕਾਰਜਕਾਲ ਦੌਰਾਨ ਬਹੁਤ ਸਹਾਇਤਾ ਦਿੱਤੀ। ਉਨ੍ਹਾਂ ਨੇ ਪੁੱਛਿਆ, 'ਕੀ ਉਨ੍ਹਾਂ ਨੇ ਕਦੇ ਇਸ ਲਈ ਮੈਨੂੰ ਸਹੀ ਤਰੀਕੇ ਨਾਲ ਧੰਨਵਾਦ ਕਿਹਾ?'' ਇਸ ਤੋਂ ਬਾਅਦ ਮਸਕ ਵੱਲ ਦੇਖਦੇ ਹੋਏ ਟਰੰਪ ਨੇ ਕਿਹਾ, 'ਤੁਸੀਂ ਬਹੁਤ ਲੱਕੀ ਹੋ ਕਿ ਮੈਂ ਤੁਹਾਡੇ ਨਾਲ ਹਾਂ, ਐਲਨ।



# ਭਾਰਤ ਨੇ ਇਕ ਹੋਰ ਵਿਸ਼ਵ ਕੱਪ ਪਹਿਲਾ ਨੇਤਰਹੀਣ ਮਹਿਲਾ ਟੀ-20 ਵਿਸ਼ਵ ਕੱਪ ਜਿੱਤਿਆ

**ਕੋਲੰਬੋ:** ਭਾਰਤ ਨੇ ਪਹਿਲਾ ਨੇਤਰਹੀਣ ਮਹਿਲਾ ਟੀ- 20 ਵਿਸ਼ਵ ਕੱਪ ਜਿੱਤਿਆ। ਟੀਮ ਨੇ ਐਤਵਾਰ ਨੂੰ ਕੋਲੰਬੋ ਵਿਚ ਖੇਡੇ ਗਏ ਫਾਈਨਲ ਵਿਚ ਨਿਪਾਲ ਨੂੰ 7 ਵਿਕਟਾਂ ਨਾਲ ਹਰਾਇਆ।



ਭਾਰਤ ਨੇ ਸੈਮੀਫਾਈਨਲ ਵਿਚ ਆਸਟ੍ਰੇਲੀਆ ਨੂੰ 9 ਵਿਕਟਾਂ ਨਾਲ ਹਰਾਇਆ ਸੀ। ਪੀ. ਸਾਰਾ ਓਵਲ ਸਟੇਡੀਅਮ ਵਿਚ, ਭਾਰਤੀ ਮਹਿਲਾ ਟੀਮ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਨਿਪਾਲ ਦੀ ਟੀਮ 20 ਓਵਰਾਂ ਵਿਚ 5 ਵਿਕਟਾਂ ਦੇ ਨੁਕਸਾਨ 'ਤੇ ਸਿਰਫ਼ 114 ਦੌੜਾਂ ਹੀ ਬਣਾ ਸਕੀ। ਭਾਰਤ ਦੀਆਂ ਗੇਂਦਬਾਜ਼ਾਂ ਨੇ ਨੇਪਾਲ ਦੇ ਬੱਲੇਬਾਜ਼ਾਂ ਨੂੰ ਸਿਰਫ਼ ਇੱਕ ਚੌਕਾ ਮਾਰਨ ਦਿੱਤਾ। ਫਿਰ ਭਾਰਤ ਮਹਿਲਾ ਟੀਮ ਨੇ ਸਿਰਫ਼ 3 ਵਿਕਟਾਂ ਗੁਆ ਕੇ 12 ਓਵਰਾਂ ਵਿਚ ਟੀਚਾ ਹਾਸਲ ਕਰ ਲਿਆ। ਭਾਰਤ ਮਹਿਲਾ ਟੀਮ ਲਈ, ਫੂਲਾ ਸਰੀਨ ਨੇ 27 ਗੇਂਦਾਂ ਵਿਚ 44 ਦੌੜਾਂ ਦੀ ਅਜੇਤੂ ਪਾਰੀ ਖੇਡੀ, ਜਿਸ ਨਾਲ ਟੀਮ ਚੈਂਪੀਅਨ ਬਣ ਗਈ। ਭਾਰਤ ਨੇ ਆਸਟ੍ਰੇਲੀਆ ਵਿਰੁੱਧ ਸੈਮੀਫਾਈਨਲ ਵੀ 12 ਓਵਰਾਂ ਵਿਚ ਜਿੱਤਿਆ ਸੀ। ਆਸਟ੍ਰੇਲੀਆ ਮਹਿਲਾ ਟੀਮ ਨੇ 109 ਦੌੜਾਂ ਬਣਾਈਆਂ ਤੇ ਭਾਰਤ ਮਹਿਲਾ ਟੀਮ ਨੇ ਸਿਰਫ਼ ਇੱਕ ਵਿਕਟ ਦੇ ਨੁਕਸਾਨ 'ਤੇ ਟੀਚਾ ਹਾਸਲ ਕਰ ਲਿਆ।

ਟੀਮ ਇੰਡੀਆ ਪੂਰੇ ਟੂਰਨਾਮੈਂਟ ਦੌਰਾਨ ਅਜੇਤੂ ਰਹੀ। ਮਹਿਲਾ ਨੇਤਰਹੀਣ ਵਿਸ਼ਵ ਕੱਪ 11 ਨਵੰਬਰ ਨੂੰ ਦਿੱਲੀ ਵਿਚ ਸ਼ੁਰੂ ਹੋਇਆ ਸੀ। ਭਾਰਤ, ਨਿਪਾਲ, ਆਸਟ੍ਰੇਲੀਆ, ਸ਼੍ਰੀਲੰਕਾ, ਪਾਕਿਸਤਾਨ ਅਤੇ ਸੰਯੁਕਤ ਰਾਜ ਅਮਰੀਕਾ ਨੇਂ ਇਸ ਟੂਰਨਾਮੈਂਟ ਵਿਚ ਹਿੱਸਾ ਲਿਆ।

ਹਰੇਕ ਟੀਮ ਨੇ ਗਰੁੱਪ ਪੜਾਅ ਵਿਚ ਇੱਕ ਦੂਜੇ ਦੇ ਵਿਰੁੱਧ ਪੰਜ ਮੈਚ ਖੇਡੇ। ਅੰਕ ਸੂਚੀ ਵਿਚ ਚੋਟੀ ਦੀਆਂ ਚਾਰ ਟੀਮਾਂ ਸੈਮੀਫਾਈਨਲ ਵਿਚ ਪਹੁੰਚੀਆਂ। ਜੇਤੂ, ਨੇਪਾਲ ਅਤੇ ਭਾਰਤ, ਫਾਈਨਲ ਵਿਚ ਪਹੁੰਚੇ ਸਨ।

# ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ ਅਤੇ ਸੇਵਾ ਸਭ ਲਈ ਪ੍ਰੇਰਨਾ ਸਰੋਤ: ਰਾਸ਼ਟਰਪਤੀ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ ਦੀ ਪਰਵ ਸੰਧਿਆ 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਬਹਾਦਰੀ, ਕੁਰਬਾਨੀ ਅਤੇ ਨਿਰਸਵਾਰਥ ਸੇਵਾ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਇਕ ਸੰਦੇਸ਼ 'ਚ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕਤਾ, ਮਨੁੱਖਤਾ ਅਤੇ ਸੱਚ ਦੇ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਰਾਸ਼ਟਰਪਤੀ ਨੇ ਕਿਹਾ,'ਉਨ੍ਹਾਂ ਦੀ ਬਹਾਦਰੀ, ਕੁਰਬਾਨੀ ਅਤੇ ਨਿਰਸਵਾਰਥ ਸੇਵਾ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਦ੍ਰਿੜਤਾ ਅਤੇ ਹਿੰਮਤ ਨਾਲ ਨਿਆਂ ਦੇ ਮਾਰਗ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ। ਆਓ ਅਸੀਂ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਈਏ ਅਤੇ ਆਪਣੇ ਦੇਸ਼ ਵਿੱਚ ਸਦਭਾਵਨਾ ਅਤੇ ਏਕਤਾ ਨੂੰ ਮਜ਼ਬੂਤ ਕਰਨ ਲਈ ਕੰਮ ਕਰੀਏ। ਉਨ੍ਹਾਂ ਕਿਹਾ, 'ਮੈਂ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ ਦੇ ਮੌਕੇ 'ਤੇ ਆਪਣੀ ਨਿਮਰ ਸ਼ਰਧਾਂਜਲੀ ਭੇਟ ਕਰਦੀ ਹਾਂ।'



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਅਲਵਿਦਾ! ਧਰਮ ਭਾ ਜੀ!

(ਪਹਿਲੇ ਸਫ਼ੇ ਦਾ ਬਾਕੀ)

ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 2004-2009 ਵਿਚ ਲੋਕ ਸਭਾ ਮੈਂਬਰ ਰਹੇ। ਉਨ੍ਹਾਂ ਦਾ ਜੀਵਨ ਸੰਘਰਸ਼, ਪ੍ਰਤਿਭਾ ਅਤੇ ਸਫਲਤਾ ਦੀ ਇੱਕ ਅਜਿਹੀ ਕਹਾਣੀ ਹੈ, ਜਿਸ ਨੇ ਉਨ੍ਹਾਂ ਨੂੰ ਸੱਚਮੁੱਚ ਹਿੰਦੀ ਸਿਨੇਮਾ ਦਾ ਅਮਰ 'ਹੀ-ਮੈਨ' ਬਣਾ ਦਿੱਤਾ ਹੈ।ਧਰਮਿੰਦਰ ਨੇ ਆਪਣੀ ਉਮਰ ਦੇ 80 ਦੇ ਦਹਾਕੇ ਦੇ ਅਖੀਰ ਤੱਕ ਅਦਾਕਾਰੀ ਜਾਰੀ ਰੱਖੀ। 'ਰਾਕੀ ਔਰ ਰਾਣੀ ਕੀ ਪ੍ਰੇਮ ਕਹਾਣੀ" (2023) ਅਤੇ 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਯਾ' (2024) ਵਿਚ ਉਨ੍ਹਾਂ ਦੀ ਅਦਾਕਾਰੀ ਦੇਖਣ ਨੂੰ ਮਿਲੀ। ਉਨ੍ਹਾਂ ਦੀ ਆਖਰੀ ਫਿਲਮ 'ਇੱਕੀਸ', ਨੂੰ ਸ੍ਰੀਰਾਮ ਰਾਘਵਨ ਨੇ ਨਿਰਦੇਸ਼ਿਤ ਕੀਤਾ ਸੀ।

### ਜਨਮ ਤੇ ਫ਼ਿਲਮੀ ਸਫ਼ਰ

ਧਰਮਿੰਦਰ ਦਾ ਜਨਮ 8 ਦਸੰਬਰ, 1935 ਨੂੰ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਹੋਇਆ ਸੀ। ਉਨ੍ਹਾਂ ਦਾ ਨਾਂਅ ਧਰਮ ਸਿੰਘ ਦਿਓਲ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਹੈੱਡਮਾਸਟਰ ਸਨ ਅਤੇ ਉਨ੍ਹਾਂ ਦੀ ਮਾਂ ਦਾ ਨਾਂਅ ਸਤਵੰਤ ਕੌਰ ਸੀ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿਚ ਬੀਤਿਆ। ਧਰਮਿੰਦਰ ਨੇ ਸ਼ੁਰੂਆਤੀ ਸਾਲ ਫਗਵਾੜਾ ਵਿਚ ਬਿਤਾਏ, ਜਿੱਥੇ ਉਨ੍ਹਾਂ ਦੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਚੌਧਰੀ ਆਰੀਆ ਹਾਈ ਸਕੂਲ ਵਿਚ ਅਧਿਆਪਕ ਵਜੋਂ ਸੇਵਾ ਕਰਦੇ ਸਨ।

### 2024 'ਚ ਫਿਰ ਬਦਲਿਆ ਆਨ ਸਕਰੀਨ ਨਾਂਅ

ਧਰਮਿੰਦਰ ਪਿਛਲੇ ਸਾਲ ਦੀ ਫ਼ਿਲਮ 'ਤੇਰੀ ਬਾਤੋਂ ਮੇਂ ਐਸਾ ਉਲਜ਼ਾ ਜੀਆ' 'ਚ ਨਜ਼ਰ ਆਏ ਸਨ। ਉਨ੍ਹਾਂ ਨੇ ਇਸ ਫ਼ਿਲਮ 'ਚ 88 ਸਾਲ ਦੀ ਉਮਰ 'ਚ ਕੰਮ ਕੀਤਾ ਸੀ। ਦਿਲਚਸਪ ਗੱਲ ਇਹ ਹੈ ਕਿ ਇਸ ਫ਼ਿਲਮ 'ਚ, ਉਨ੍ਹਾਂ ਨੇ 64 ਸਾਲਾਂ ਬਾਅਦ ਆਪਣਾ ਆਨ-ਸਕ੍ਰੀਨ ਨਾਂਅ ਬਦਲ ਕੇ ਧਰਮ ਸਿੰਘ ਦਿਓਲ ਰੱਖ ਲਿਆ, ਜੋ ਉਨ੍ਹਾਂ ਦਾ ਅਸਲ ਨਾਂਅ ਉਨ੍ਹਾਂ ਦੇ ਮਾਪਿਆਂ ਨੇ ਦਿੱਤਾ ਸੀ।

## ਫਗਵਾੜਾ 'ਚ ਬਿਤਾਏ ਜ਼ਿੰਦਗੀ ਦੇ ਅਹਿਮ ਪਲ

ਫਗਵਾੜਾ:ਧਰਮਿੰਦਰ ਨੇ ਆਪਣੀ ਜ਼ਿੰਦਗੀ ਦੇ ਅਹਿਮ ਪਲ ਫਗਵਾੜਾ 'ਚ ਬਿਤਾਏ। ਧਰਮਿੰਦਰ 1952 ਮੁੰਬਈ ਚਲੇ ਗਏ ਪਰ ਉਨ੍ਹਾਂ ਦਾ ਮਨ ਹਮੇਸ਼ਾ ਇਸ ਸ਼ਹਿਰ ਨਾਲ ਹੀ ਜੁੜਿਆ ਰਿਹਾ। ਉਨ੍ਹਾਂ ਦਾ ਜਦੋਂ ਵੀ ਮੌਕਾ ਲੱਗਾ ਉਹ ਇੱਥੇ ਆਉਂਦੇ ਰਹਿੰਦੇ ਸਨ ਤੇ ਪੁਰਾਣੇ ਦੋਸਤਾਂ ਨਾਲ ਮੁਲਾਕਾਤ ਕਰਕੇ ਰਹਿੰਦੇ ਸਨ ਤੇ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਦੇ ਸਨ। ਫ਼ਿਲਮੀ ਅਦਾਕਾਰ ਧਰਮਿੰਦਰ ਆਪਣੀ ਭੂਆ ਦੇ ਘਰ ਇੱਥੋਂ ਦੇ ਸਰਾਫ਼ਾ ਬਾਜ਼ਾਰ 'ਚ ਰਹਿੰਦੇ ਸਨ ਉਨ੍ਹਾਂ ਦੇ ਫੁੱਫੜ ਹਕੀਮ ਗੁਰਦਾਸ ਰਾਮ ਸਨ। ਧਰਮਿੰਦਰ ਦਾ ਭੂਆ ਦੇ ਪੁੱਤਰ ਸਵ. ਅਦਾਕਾਰ ਵਰਿੰਦਰ ਤੇ ਸਤਪਾਲ ਨਾਲ ਗਹਿਰਾ ਪ੍ਰੇਮ ਸੀ ਜਿਸ ਕਾਰਨ ਉਹ ਇੱਥੇ ਰਹਿੰਦੇ ਸਨ। 2006 'ਚ ਧਰਮਿੰਦਰ ਦਾ ਫਗਵਾੜਾ ਨਾਲ ਨਾਤਾ ਸਾਹਮਣੇ ਆਇਆ ਜਦੋਂ ਉਨ੍ਹਾਂ ਨੇ ਗੁਰਬਚਨ ਸਿੰਘ ਪਰਮਾਰ ਕੰਪਲੈਕਸ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕੋਆਪਰੇਟਿਵ ਬੈਂਕਾਂ ਦੇ ਸਾਬਕਾ ਚੇਅਰਮੈਨ ਹਰਜੀਤ ਸਿੰਘ ਪਰਮਾਰ ਤੇ ਉਨ੍ਹਾਂ ਦੇ ਮਰਹੂਮ ਭਰਾ ਸੁਖਜੀਤ ਸਿੰਘ ਪਰਮਾਰ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਪਰਮਾਰ ਕੰਪਲੈਕਸ ਉਹੀ ਜਗ੍ਹਾ ਹੈ।

ਜਿੱਥੇ ਪਹਿਲਾ ਪੈਰਾਡਾਈਜ਼ ਥੀਏਟਰ ਹੁੰਦਾ ਸੀ। ਤੇ ਇਸ ਥੀਏਟਰ 'ਚ ਉਹ ਜਵਾਨੀ 'ਚ ਫ਼ਿਲਮਾਂ ਦੇਖਿਆ ਕਰਦੇ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਅੰਦਰ ਅਦਾਕਾਰ ਬਣਨ ਦਾ ਸੁਪਨਾ ਜਗਾਇਆ ਸੀ। ਉਨ੍ਹਾਂ ਦਾ ਕਾਂਗਰਸੀ ਆਗੂ ਹਰਜੀਤ ਸਿੰਘ ਪਰਮਾਰ, ਐਡਵੋਕੇਟ ਐਸ.ਐਨ. ਚੋਪੜਾ ਨਾਲ ਗਹਿਰਾ ਪਿਆਰ ਸੀ। ਆਰੀਆ ਸਕੂਲ ਦੇ ਪੁਰਾਣੇ ਅਧਿਆਪਕ ਤੇ ਧਰਮਿਦਰ ਦੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਨੇ ਚੰਗੀ ਸਿੱਖਿਆ ਦੇ ਕੇ ਨੌਜਵਾਨਾਂ ਨੂੰ ਚੰਗੇ ਮਾਰਗਾਂ ਵੱਲ ਪ੍ਰੇਰਿਆ, ਜਿਸ ਨੂੰ ਅੱਜ ਵੀ ਲੋਕ ਯਾਦ ਕਰਦੇ ਹਨ।

## 1966 'ਚ ਮਿਲਿਆ 'ਹੀ ਮੈਨ' ਉਪਨਾਮ

ਬਾਲੀਵੁੱਡ ਦੇ ਇਕ ਤਜਰਬੇਕਾਰ ਅਦਾਕਾਰ ਧਰਮਿੰਦਰ ਆਪਣੀ ਮੌਤ ਤੱਕ ਕੰਮ ਕਰਦੇ ਰਹੇ। 65 ਸਾਲ ਫਿਲਮ ਇੰਡਸਟਰੀ 'ਚ ਕੰਮ ਕਰਨ ਬਾਅਦ ਉਨ੍ਹਾਂ ਨੂੰ 1966 'ਚ 'ਹੀ-ਮੈਨ' ਉਪਨਾਮ ਦਿੱਤਾ ਗਿਆ। ਧਰਮਿੰਦਰ ਨੇ 'ਹੀ-ਮੈਨ' ਉਪਨਾਮ ਕਿਵੇਂ ਪ੍ਰਾਪਤ ਕੀਤਾ, ਇਸ ਦੀ ਕਹਾਣੀ ਕਾਫ਼ੀ ਦਿਲਚਸਪ ਹੈ। ਫ਼ਿਲਮ 'ਪੱਥਰ ਔਰ ਫੂਲ' ਦੀ ਸ਼ੂਟਿੰਗ ਦੌਰਾਨ, ਉਨ੍ਹਾਂ ਨੂੰ ਇਕ ਦ੍ਰਿਸ਼ ਫ਼ਿਲਮਾਉਣ ਲਈ ਆਪਣੀ ਕਮੀਜ਼ ਉਤਾਰਨ ਲਈ ਮਜਬੂਰ ਕੀਤਾ ਗਿਆ ਸੀ। ਧਰਮਿੰਦਰ ਦੀ ਇਹ ਕਮੀਜ਼ ਰਹਿਤ ਫੋਟੋ ਦੇਸ਼ ਅਤੇ ਦੁਨੀਆ ਭਰ ਦੇ ਅਖ਼ਬਾਰਾਂ ਅਤੇ ਰਸਾਲਿਆਂ 'ਚ ਵਿਆਪਕ ਤੌਰ 'ਤੇ ਮਸ਼ਹੂਰ ਹੋ ਗਈ। ਇਸ ਇਕੱਲੀ ਫੋਟੋ ਨੇ ਉਨ੍ਹਾਂ ਨੂੰ ਨਾ ਸਿਰਫ਼ ਭਾਰਤ 'ਚ ਸਗੋਂ ਵਿਦੇਸ਼ 'ਚ ਵੀ ਪਛਾਣ ਦਿਵਾਈ। ਉਦੋਂ ਉਨ੍ਹਾਂ ਨੂੰ 'ਹੀ-ਮੈਨ' ਉਪਨਾਮ ਦਿੱਤਾ ਗਿਆ।

## ਪਹਿਲੀ ਫ਼ਿਲਮ ਦੇ ਮਿਲੇ ਸਨ 51 ਰੁਪਏ

ਧਰਮਿੰਦਰ ਨੂੰ ਉਨ੍ਹਾਂ ਦੀ ਪਹਿਲੀ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' (1960) ਲਈ 51 ਰੁਪਏ ਫ਼ੀਸ ਮਿਲੀ ਸੀ। ਇਹ ਫ਼ੀਸ ਤਿੰਨ ਨਿਰਮਾਤਾਵਾਂ ਨੇ ਮਿਲ ਕੇ ਦਿੱਤੀ ਸੀ। ਅੱਜ ਧਰਮਿੰਦਰ 480 ਕਰੋੜ ਰੁਪਏ ਦੀ ਜਾਇਦਾਦ ਦੇ ਮਾਲਕ ਸਨ । ਆਪਣੇ ਫ਼ਿਲਮੀ ਕਰੀਅਰ ਦੇ ਇਲਾਵਾ ਉਨ੍ਹਾਂ ਨੇ ਰੀਅਲ ਅਸਟੇਟ, ਪ੍ਰੋਡਕਸ਼ਨ ਹਾਊਸ ਰੈਸਟੋਰੈਂਟ ਅਤੇ ਸ਼ੇਅਰ 'ਚ ਨਿਵੇਸ਼ ਕਰਕੇ ਵੀ ਪੈਸਾ ਕਮਾਇਆ। 1983 ਵਿਚ ਉਨ੍ਹਾਂ ਨੇ ਆਪਣੇ ਪ੍ਰੋਡਕਸ਼ਨ ਹਾਊਸ ਵਿਜੇਤਾ ਫ਼ਿਲਮਜ਼ ਸ਼ੁਰੂ ਕੀਤਾ ਸੀ। ਇਸ ਦੇ ਇਲਾਵਾ ਉਨ੍ਹਾਂ ਨੇ 2022 ਵਿਚ ਹਰਿਆਣਾ 'ਚ ਕਰਨਾਲ ਹਾਈਵੇਅ 'ਤੇ 'ਹੀ-ਮੈਨ' ਨਾਂਅ 'ਤੇ ਇਕ ਰੈਸਟੋਰੈਂਟ ਖੋਲ੍ਹਿਆ ਸੀ ਅਤੇ 'ਗਰਮ ਧਰਮਾ ਢਾਬਾ' 'ਚ ਵੀ ਭਾਈਵਾਲ ਸਨ । ਮੁੰਬਈ 'ਚ ਉਨ੍ਹਾਂ ਦੇ ਕਈ ਫਲੈਟ ਅਤੇ ਬੰਗਲੇ ਹਨ ਅਤੇ ਲੋਨਾਵਲਾ 'ਚ ਇਕ ਫਾਰਮ ਹਾਊਸ ਵੀ ਹੈ। 100 ਏਕੜ 'ਚ ਬਣੇ ' ਇਸ ਫ਼ਾਰਮ ਹਾਊਸ ਦੀਆਂ ਕਈ ਤਸਵੀਰਾਂ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਪੇਜ 'ਤੇ ਸਾਂਝੀਆਂ ਕੀਤੀਆਂ ਸਨ। ਇਸ ਦੇ ਇਲਾਵਾ ਧਰਮਿੰਦਰ ਲਗਜ਼ਰੀ ਗੱਡੀਆਂ ਦੇ ਵੀ ਸ਼ੌਕੀਨ ਸਨ।

### ਜਦੋਂ ਸੁਪਰਸਟਾਰ ਨੇ ਮੰਗਿਆ ਸ਼ਹਿਰ ਦੀ ਰਾਮਲੀਲ੍ਹਾ 'ਚ ਰੋਲ

ਧਰਮਿੰਦਰ ਨੂੰ ਕਦੇ ਕੌਮੀ ਸੇਵਕ ਰਾਮ ਲੀਲ੍ਹਾ ਕਮੇਟੀ ਵਲੋਂ ਰਾਮ ਲੀਲ੍ਹਾ 'ਚ ਰੋਲ ਨਹੀਂ ਮਿਲਿਆ ਸੀ ਤੇ ਜਦੋਂ ਉਹ ਸੁਪਰ ਸਟਾਰ ਬਣ ਕੇ ਵਾਪਸ ਆਏ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਕਿਹਾ ਕਿ 'ਹੁਣ ਤਾਂ ਮੈਂ ਰਾਮ ਲੀਲ੍ਹਾ 'ਚ ਰੋਲ ਕਰ ਸਕਦਾ ਹਾਂ ?' ਇਸ ਗੱਲ ਨੇ ਸਭ ਨੂੰ ਹੱਸਦੇ ਹੋਏ ਨਮ ਵੀ ਕਰ ਦਿੱਤਾ ਸੀ।



## ਜਦੋਂ ਬਿਨਾਂ ਇਜਾਜ਼ਤ ਦਿਲੀਪ ਕੁਮਾਰ ਦੇ ਘਰ 'ਚ ਵੜੇ

**ਨਵੀਂ ਦਿੱਲੀ:** ਫ਼ਿਲਮ ਜਗਤ 'ਚ ਆਪਣੀ ਸ਼ੁਰੂਆਤ ਤੋਂ ਪਹਿਲਾਂ ਧਰਮਿੰਦਰ ਬੰਬਈ (ਅੱਜ ਮੁੰਬਈ) ਗਏ ਤੇ ਦਲੇਰੀ ਨਾਲ ਆਪਣੇ ਆਦਰਸ਼ ਦਿਲੀਪ ਕੁਮਾਰ ਦੇ ਘਰ ਅੰਦਰ ਗਏ ਤੇ ਸਿੱਧੇ ਉਨ੍ਹਾਂ ਦੇ ਬੈਡਰੂਮ ਤੱਕ ਪਹੁੰਚ ਗਏ। 1952 ਦੇ ਉਸ ਸਮੇਂ ਦੇ ਦਿਲਚਸਪ ਕਿੱਸੇ ਬਾਰੇ ਧਰਮਿੰਦਰ ਨੇ ਖੁਦ ਦਿਲੀਪ ਕੁਮਾਰ ਦੀ ਆਤਮਕਥਾ 'ਦਿ ਸਬਸਟੈਂਸ ਐਂਡ ਦ ਸ਼ੈਡੋ' ਦੇ 'ਯਾਦਾਂ' ਭਾਗ 'ਚ ਵਿਸਥਾਰ 'ਚ ਦੱਸਿਆ ਹੈ। ਉਨ੍ਹਾਂ ਲਿਖਿਆ ਕਿ 1952 ਵਿਚ ਜਦੋਂ ਉਹ ਕਾਲਜ 'ਚ ਸੀ ਤਾਂ ਉਹ ਲੁਧਿਆਣਾ ਤੋਂ ਬੰਬਈ ਗਏ। ਉਹ ਦਿਲੀਪ ਕੁਮਾਰ ਨੂੰ ਮਿਲਣਾ ਚਾਹੁੰਦੇ ਸਨ। ਉਹ ਬੰਬਈ ਪਹੁੰਚੇ ਤੇ ਦਿਲੀਪ ਕੁਮਾਰ ਦੇ ਘਰ ਅੰਦਰ ਚਲੇ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਨੇ ਗੇਟ 'ਤੇ ਨਹੀਂ ਰੋਕਿਆ, ਇਸ ਲਈ ਉਹ ਸਿੱਧਾ ਮੁੱਖ ਦਰਵਾਜ਼ੇ ਰਾਹੀਂ ਘਰ 'ਚ ਚਲੇ ਗਏ। ਉਹ ਦਿਲੀਪ ਕੁਮਾਰ ਦੇ ਕਮਰੇ 'ਚ ਪ੍ਰਵੇਸ਼ ਕਰ ਗਏ, ਜਿਥੇ ਦਿਲੀਪ ਸੋਫੇ 'ਤੇ ਸੁੱਤੇ ਪਏ ਸਨ । ਦਿਲੀਪ ਕੁਮਾਰ ਨੂੰ ਕਿਸੇ ਦੀ ਮੌਜੂਦਗੀ ਦਾ ਅਹਿਸਾਸ ਹੋਇਆ ਤੇ ਅਚਾਨਕ ਥੋੜ੍ਹਾ ਹੈਰਾਨ ਹੋ ਕੇ ਜਾਗ ਪਏ। ਉਨ੍ਹਾਂ ਇਕ ਨੌਕਰ ਨੂੰ ਉੱਚੀ ਆਵਾਜ਼ ਵਿਚ ਬੁਲਾਇਆ, ਜਿਸ ਨਾਲ ਧਰਮਿੰਦਰ ਡਰ ਗਏ ਤੇ ਪੌੜੀਆਂ ਤੋਂ ਹੇਠਾਂ ਭੱਜ ਕੇ ਘਰ ਤੋਂ ਬਾਹਰ ਨਿਕਲ ਗਏ।

-0-

## ਪੰਜਾਬ ਸਰਕਾਰ ਨੇ ਅੰਮ੍ਰਿਤਸਰ...

(ਪਹਿਲੇ ਸਫ਼ੇ ਦਾ ਬਾਕੀ)

ਪੰਜਾਬ ਸਰਕਾਰ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਕਾਸ, ਸਫ਼ਾਈ, ਸੁਰੱਖਿਆ ਤੇ ਧਾਰਮਿਕ ਸੈਰ ਸਪਾਟੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਲੋੜੀਂਦਾ ਬਜਟ ਜਾਰੀ ਕਰੇਗੀ ਤੇ ਬਕਾਇਦਾ ਕੇਂਦਰ ਤੋਂ ਵੀ ਫੰਡ ਮੰਗਿਆ ਜਾਵੇਗਾ। ਮੁੱਖ ਮੰਤਰੀ ਵੱਲੋਂ ਪੇਸ਼ ਕੀਤੇ ਗਏ ਮਤੇ ਦੀ ਸਾਰਿਆਂ ਨੇ ਪ੍ਰੋੜ੍ਹਤਾ ਕੀਤੀ।

### ਸ਼ਹਾਦਤ ਨੂੰ ਯਾਦ ਕਰਦਿਆਂ ਭਾਵੁਕ ਹੋਏ ਮੁੱਖ ਮੰਤਰੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਭਾਵੁਕ ਹੋ ਗਏ। ਭਾਵੁਕ ਲਹਿਜ਼ੇ 'ਚ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ 'ਤੇ ਕੁਝ ਲਿਖਣਾ ਚਾਹਾਂ ਤਾਂ ਧਰਤੀ ਰੂਪੀ ਸਲੇਟ, ਇਸ 'ਤੇ ਲੱਗੇ ਰੁੱਖਾਂ ਰੂਪੀ ਕਲਮਾਂ ਤੇ ਸਮੁੰਦਰ ਰੂਪੀ ਸਿਆਹੀ ਘੱਟ ਪੈ ਜਾਵੇਗੀ।



ਉਨ੍ਹਾਂ ਕਿਹਾ ਕਿ ਕਸ਼ਮੀਰੀ ਪੰਡਿਤਾਂ ਨੂੰ ਲੈ ਕੇ ਆਏ ਕਿਰਪਾ ਰਾਮ ਨੇ ਉਦੋਂ ਤੇਗ ਬਹਾਦਰ ਸਾਹਬ ਤੋਂ ਮਦਦ ਮੰਗੀ ਜਦੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਹਰ ਰੋਜ਼ ਇਕ ਮਣ ਦੇ ਕਰੀਬ ਜਨੇਊ ਉਤਰਵਾ ਕੇ ਲੋਕਾਂ ਨੂੰ ਜਬਰੀ ਮੁਸਲਮਾਨ ਬਣਾਉਂਦਾ ਸੀ।

### ਕੇਜਰੀਵਾਲ ਤੇ ਸਿਸੋਦੀਆ ਪਹੁੰਚੇ ਇਜਲਾਸ ਦੀ ਕਾਰਵਾਈ ਦੇਖਣ

ਇਸ ਵਿਸ਼ੇਸ਼ ਇਜਲਾਸ ਦੌਰਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਉੱਘੇ ਗਾਇਕ ਸਤਿੰਦਰ ਸਰਤਾਜ, ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਮਾਲਵਿੰਦਰ ਸਿੰਘ ਕੰਗ, ਬਲਬੀਰ ਸਿੰਘ ਸੀਚੇਵਾਲ, ਮੀਤ ਹੇਅਰ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਇਜਲਾਸ ਦੀ ਕਾਰਵਾਈ ਦੇਖਣ ਪਹੁੰਚੇ ਹੋਏ ਸਨ।

### ਹੁਣ ਅਧਿਕਾਰਤ ਤੌਰ 'ਤੇ ਕੀਤਾ ਗਿਆ ਹੈ ਐਲਾਨ

ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਮਤੇ 'ਤੇ ਚਰਚਾ ਕਰਦਿਆਂ ਕਿਹਾ ਕਿ ਗਲਿਆਰਿਆਂ 'ਚ ਪਹਿਲਾਂ ਹੀ ਨਸ਼ੀਲੀ ਚੀਜ਼ ਵਰਤਣ ਦੀ ਪਾਬੰਦੀ ਹੈ। ਇਸ ਲਈ ਕੀ ਸ਼ਹਿਰਾਂ ਨੂੰ ਪਵਿੱਤਰਤਾ ਦਾ ਦਰਜਾ ਦਿੱਤਾ ਹੈ ਜਾਂ ਫਿਰ ਸਿਰਫ਼ ਗਲਿਆਰਿਆ ਨੂੰ ? ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ ਤਿੰਨਾਂ ਤਖ਼ਤਾਂ ਦੇ ਗਲਿਆਰਿਆ ਨੂੰ ਅਧਿਕਾਰਤ ਤੌਰ 'ਤੇ ਪਵਿੱਤਰ ਨਹੀਂ ਐਲਾਨਿਆ। ਗਲਿਆਰਿਆ 'ਚ ਸਥਿਤ ਹੋਟਲਾਂ 'ਚ ਮੀਟ ਦਾ ਸੇਵਨ ਹੁੰਦਾ ਹੈ ਹੁਣ ਕਾਨੂੰਨੀ ਤੇ ਅਧਿਕਾਰਤ ਤੌਰ 'ਤੇ ਪਵਿੱਤਰ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹ ਹੈ ਕਿ ''ਵਾਲਡ ਸਿਟੀ'' 'ਚ ਜਿਨ੍ਹਾਂ ਦੀਆਂ ਵੀ ਮੀਟ, ਤੰਬਾਕੂ ਦੀਆਂ ਦੁਕਾਨਾਂ ਹਨ ਜੇ ਉਹ ਬਾਹਰ ਆਉਣਗੇ ਤਾਂ ਪੰਜਾਬ ਸਰਕਾਰ ਉਨ੍ਹਾਂ ਦੀ ਖੁਦ ਮਦਦ ਕਰੇਗੀ। ਇਸ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਕੰਮ ਬਹੁਤ ਦੇਰ ਪਹਿਲਾਂ ਹੋ ਜਾਣਾ ਚਾਹੀਦਾ ਸੀ, ਪਰ ''ਖੁਸ਼ਕਿਸਮਤੀ ਨਾਲ ਇਹ ਕੰਮ ਭਗਵੰਤ ਮਾਨ ਦੇ ਹਿੱਸੇ ਆਉਣਾ ਸੀ।

## ਆਪਣੇ ਹੱਕ ਲੈਣਾ...

(ਪਹਿਲੇ ਸਫ਼ੇ ਦਾ ਬਾਕੀ)

ਅੱਖ ਬੰਦ ਕਰ ਕੇ ਆਪਣਾ ਹੱਕ ਨਹੀਂ ਛੱਡ ਸਕਦਾ। ਪੰਜਾਬ ਆਪਣਾ ਹੱਕ ਲੈਣਾ ਜਾਣਦਾ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਅਤੇ ਕੇਂਦਰ ਸਰਕਾਰ ਦਾ ਨਾਂ ਲਏ ਬਗੈਰ ਕਿਹਾ ਕਿ ਕੋਈ ਗਲਤ-ਫ਼ਹਿਮੀ ਵਿਚ ਹੋਵੇਗਾ ਕਿ ਪੰਜਾਬ ਆਪਣਾ ਹੱਕ ਛੱਡ ਦੇਵੇਗਾ ਪਰ ਪੰਜਾਬ ਅੱਖ ਬੰਦ ਕਰ ਕੇ ਹੱਕ ਨਹੀਂ ਛੱਡ ਸਕਦਾ। ਉਨ੍ਹਾਂ ਕਿਹਾ, ਕਿ ਪਿਆਰ ਨਾਲ ਜੋ ਮਰਜ਼ੀ ਲੈ ਲਓ ਜੇਕਰ ਬਾਂਹ ਮਰੋੜਨ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਮੂੰਹ ਤੋੜ ਜਵਾਬ ਦੇਣ ਲਈ ਖੜ੍ਹਾ ਹੋ ਜਾਂਦਾ ਹੈ।

ਮੁੱਖ ਮੰਤਰੀ ਕਿਹਾ ਕਿ ਛੋਟੀਆਂ-ਮੋਟੀਆਂ ਆਪਣੀ ਉਲਝਣਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਉਲਝੇ ਹੋਏ ਤਾਣੇ ਨੂੰ ਠੀਕ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਬਾਹਰੀ ਹਮਲਾ ਹੁੰਦਾ ਤਾਂ ਪੰਜਾਬ ਇਕੱਠਾ ਹੋ ਜਾਂਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਧਾੜਵੀ ਬਣ ਕੇ ਹਮਲਾ ਕਰ ਰਹੀ ਹੈ ਹਾਕਮ ਧਿਰ: ਚੀਮਾ



**ਸ੍ਰੀ ਅਨੰਦਪੁਰ ਸਾਹਿਬ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਹਿਲਾਂ ਤਿੰਨ ਖੇਤੀ ਕਾਨੂੰਨਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਕੀਤੀ ਗਈ। ਫਿਰ ਪੜ੍ਹਾਈ, ਪਾਣੀ ਅਤੇ ਹੁਣ ਚੰਡੀਗੜ੍ਹ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਦੇਸ਼ ਦੇ ਹਾਕਮ ਧਾੜਵੀ ਬਣ ਕੇ ਹਮਲਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜੇ ਗੁਰੂ ਸਾਹਿਬਾਨ ਸ਼ਹਾਦਤ ਨਾ ਦਿੰਦੇ ਤਾਂ ਭਾਰਤ ਦੀ ਅਜੋਕੀ ਤਸਵੀਰ ਨਹੀਂ ਹੋਣੀ ਸੀ। ਬਲਕਿ ਧਰਮ, ਭੂਗੋਲਿਕ ਅਤੇ ਸਮਾਜਿਕ ਤੌਰ 'ਤੇ ਖਿੱਤਾ ਹੋਰ ਤਰ੍ਹਾਂ ਦਾ ਹੋਣਾ ਸੀ।

## ਬਾਜਵਾ ਨੇ ਕਿਹਾ, ਹਾਕਮ ਧਿਰ ਇਤਿਹਾਸ 'ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦ ਦੀ ਚਾਦਰ ਕਹਿਣ ਦੀ ਬਜਾਏ ਸ੍ਰਿਸ਼ਟੀ ਦੀ ਚਾਦਰ ਕਹਿਣਾ ਚਾਹੀਦਾ ਹੈ। ਦੁਨੀਆ ਵਿਚ ਕੋਈ ਅਜਿਹੀ ਕੁਰਬਾਨੀ ਨਹੀਂ ਮਿਲਦੀ ਜੋ ਦੂਸਰੇ ਧਰਮ ਲਈ ਦਿੱਤੀ ਹੋਵੇ। ਗੁਰੂਆਂ ਦੀ ਕੁਰਬਾਨੀ ਨੇ ਸਿੱਖਾਂ ਵਿਚ ਕੁਰਬਾਨੀ ਤੇ ਸੇਵਾ ਦਾ ਜਜ਼ਬਾ ਪੈਦਾ ਕੀਤਾ ਹੈ। ਦੇਸ਼-ਦੁਨੀਆ ਵਿਚ ਕਿਤੇ ਵੀ ਮੁਸੀਬਤ ਪੈ ਜਾਵੇ ਤਾਂ ਪੰਜਾਬੀ ਤੇ ਸਿੱਖ ਪਹਿਲਾਂ ਮਦਦ ਲਈ ਪਹੁੰਚ ਜਾਂਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ 'ਤੇ ਰਾਜ ਕਰਨ ਵਾਲੀ ਸਰਕਾਰ ਇਤਿਹਾਸ



ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਦੇ ਚਾਂਸਲਰ ਸਰਬ ਸਾਂਝੇ ਸੰਦੇਸ਼ ਨੂੰ ਵਿਗਾੜਨ ਲੱਗੇ ਹਨ। ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਫੰਡ, ਪੰਜਾਬ ਦੇ ਪਾਣੀ, ਚੰਡੀਗੜ੍ਹ ਸਮੇਤ ਹੋਰ ਮੰਗਾਂ ਲਈ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਇਕਜੁੱਟ ਹੋਣਾ ਪਵੇਗਾ।

## ਇਆਲੀ ਨੇ ਕਿਹਾ "ਅੰਮ੍ਰਿਤਪਾਲ ਦੀ ਰਿਹਾਈ ਹੋਵ"

ਅਕਾਲੀ ਦਲ ਦੇ ਵਿਧਾਇਕ ਦਲ ਦੇ ਨੇਤਾ ਮਨਪ੍ਰੀਤ ਸਿੰਘ ਇਆਲੀ ਨੇ ਮਤੇ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਪੰਜਾਬ ਅਤੇ ਸਿੱਖਾਂ ਦੇ ਬਹੁਤ ਸਾਰੇ ਮਸਲੇ ਹਨ, ਜਿਹੜੇ ਅਜੇ ਤੱਕ ਹੱਲ ਨਹੀਂ ਹੋਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਧਿਕਾਰ



ਖੋਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਹੋਣੀ ਚਾਹੀਦੀ ਹੈ।

## ਅਸ਼ਵਨੀ ਸ਼ਰਮਾ ਨੇ ਕਿਹਾ "ਬਾਜਵਾ ਆਦਤ ਤੋਂ ਮਜਬੂਰ"


ਭਾਜਪਾ ਦੇ ਵਿਧਾਇਕ ਅਸ਼ਵਨੀ ਸ਼ਰਮਾ



ਨੇ ਸਦਨ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਨਾਂ ਲੈਂਦਿਆਂ ਕਿਹਾਕਿ ਅੱਜ ਸਿਆਸੀ ਗੱਲ ਕਰਨ ਦੀ ਜ਼ਰੂਰਤ ਨਹੀ ਸੀ ਪਰ ਫਿਰ ਵੀ ਕੁਝ ਲੋਕ ਆਦਤ ਤੋਂ ਮਜਬੂਰ ਹੁੰਦੇ ਹੋਏ ਸਿਆਸੀ ਗੱਲ ਕਰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੁਰੂਆਂ ਦੀ ਸ਼ਹਾਦਤ ਨੂੰ ਛੋਟਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਜਨੇਊ ਤੇ ਤਿਲਕ ਇਕੱਲੇ ਪੰਡਤਾਂ ਦਾ ਚਿੰਨ੍ਹ ਨਹੀਂ, ਉਸ ਸਮੇ (ਪ੍ਰਾਚੀਨ) ਇਹ ਸਨਾਤਨੀ ਪਹਿਚਾਣ ਸੀ। ਮਤੇ 'ਤੇ ਚਰਚਾ ਵਿਚ ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਇੰਜਰਜੀਤ ਕੌਰ, ਡਾ ਨਛੱਤਰ ਪਾਲ, ਮਨਜਿੰਦਰ ਸਿੰਘ ਗਿਆਸਪੁਰਾ, ਕੁਲਦੀਪ ਸਿੰਘ ਧਾਲੀਵਾਲ ਤੇ ਇੰਦਰਬੀਰ ਸਿੰਘ ਨਿੱਜਰ ਨੇ ਹਿੱਸਾ ਲਿਆ।

## ਸਮਾਂ ਨਾ ਮਿਲਣ 'ਤੇ ਖਹਿਰਾ ਵੱਲੋਂ ਵਾਕਆਊਟ

ਸ੍ਰੀ ਅਨੰਦਪੁਰ ਸਾਹਿਬ:ਕਾਂਗਰਸ ਦੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਅੱਜ



ਫਿਰ ਸਦਨ ਵਿਚ ਬੋਲਣ ਲਈ ਸਪੀਕਰ ਨੇ ਸਮਾਂ ਨਹੀਂ ਦਿੱਤਾ। ਸਿੱਖਿਆ ਮੰਤਰੀ ਵਲੋਂ ਪੇਸ਼ ਕੀਤੇ ਗਏ ਮਤੇ 'ਤੇ ਬੋਲਣ ਲਈ ਖਹਿਰਾ ਨੇ ਵਾਰ ਵਾਰ ਬੋਲਣ ਲਈ ਸਮਾਂ ਮੰਗਿਆ ਪਰ ਸਪੀਕਰ ਨੇ ਸਮਾਂ ਨਹੀਂ ਦਿੱਤਾ। ਉਨ੍ਹਾਂ ਆਪਣੀ ਸੀਟ 'ਤੇ ਖੜ੍ਹਾ ਹੋ ਕੇ ਇਸ ਨੂੰ ਵੀ ਮਨੁੱਖੀ ਅਧਿਕਾਰਾਂ ਦਾ ਉਲੰਘਣ ਦੱਸਿਆ। ਉਨ੍ਹਾਂ ਪੰਜਾਬ ਸਰਕਾਰ 'ਤੇ ਗੰਭੀਰ ਦੋਸ਼ ਲਾਏ। ਸਪੀਕਰ ਨੇ ਸਦਨ ਦੀ ਕਾਰਵਾਈ □ ਵਿਚੋਂ ਸਾਰੀ ਕਾਰਵਾਈ ਹਟਾ ਦਿੱਤੀ। ਰੋਸ ਵਜੋਂ ਖਹਿਰਾ ਸਦਨ ਤੋਂ ਵਾਕਆਊਟ ਕਰ ਗਏ। ਖਹਿਰਾ ਨੇ ਕਿਹਾ ਕਿ ਸਦਨ ਦੇ ਅੰਦਰ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਾ ਰਹੀ ਹੈ ਪਰ ਅੱਜ ਪਵਿੱਤਰ ਦਿਨ ਮੌਕੇ ਸਦਨ ਵਿਚ ਇਕ ਵਿਧਾਇਕ ਦੇ ਬੋਲਣ ਦੇ ਅਧਿਕਾਰ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਵੀ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦਾ ਕੀ ਸੁਨੇਹਾ ਦੇਣਾ ਚਾਹੁੰਦੇ ਹੋ। ਉਨ੍ਹਾਂ ਕਿਹਾ ਕਿ ਪਹਿਲਾਂ ਬੋਲਣ ਦਾ ਅਧਿਕਾਰ ਤਾਂ ਦਿੱਤਾ ਜਾਵੇ।

## ਸਮੇਂ ਦੀ ਘਾਟ ਕਾਰਨ ਨਹੀਂ ਦਿੱਤਾ ਜਾ ਸਕਿਆ ਸਮਾਂ: ਸਪੀਕਰ

ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਸੀ ਕਿ ਸਦਨ ਵਿਚ ਸਾਰੇ ਵਿਧਾਇਕਾਂ ਨੂੰ ਬੋਲਣ ਦਾ ਸਮਾਂ ਦਿੱਤਾ ਜਾਵੇ ਪਰ ਸਮੇਂ ਦੀ ਘਾਟ ਕਰ ਕੇ ਅਜਿਹਾ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਵਿਧਾਇਕਾਂ ਨੂੰ ਲਿਖਤੀ ਰੂਪ ਵਿਚ ਆਪਣੀ ਅਕੀਦਤ ਦੇਣੀ ਚਾਹੀਦੀ ਹੈ ਤਾਂ ਜੋ ਸਦਨ ਦੀ ਕਾਰਵਾਈ ਦਾ ਹਿੱਸਾ ਬਣ ਸਕੇ।



# ਨਾਗਰਿਕਤਾ ਕਾਨੂੰਨ 'ਚ ਸੋਧ ਕਰੇਗਾ ਕੈਨੇਡਾ

**ਓਟਾਵਾ:** ਕੈਨੇਡਾ ਨੇ ਆਪਣੇ ਨਾਗਰਿਕਤਾ ਕਾਨੂੰਨਾਂ ਨੂੰ ਆਧੁਨਿਕ ਬਣਾਉਣ ਲਈ ਇਸ 'ਚ ਸੋਧ ਕਰਨ ਜਾ ਰਹੀ ਹੈ। ਇਸ ਨਾਲ ਪੁਰਾਣੇ ਨਿਯਮਾਂ ਕਾਰਨ ਛੂਟ ਗਏ ਲੋਕਾਂ ਨੂੰ ਵਿਦੇਸ਼ 'ਚ ਜਨਮੇ ਜਾਂ ਗੋਦ ਲਏ ਗਏ ਆਪਣੇ ਬੱਚਿਆਂ ਨੂੰ ਕੈਨੇਡਾਈ ਨਾਗਰਿਕਤਾ ਦੇਣ ਦਾ ਸਹੀ ਤੇ ਸਿੱਧਾ ਰਸਤਾ ਮਿਲ ਜਾਏਗਾ। ਬਿੱਲ ਸੀ-3, ਨਾਗਰਿਕਤਾ ਐਕਟ (2025) 'ਚ ਸੋਧ ਕਰਨ ਵਾਲਾ ਐਕਟ ਹੈ, ਜਿਸ ਨੂੰ ਹੁਣੇ ਜਿਹੇ ਸ਼ਾਹੀ ਸਹਿਮਤੀ ਦਿੱਤੀ ਗਈ ਹੈ। ਇਸ ਨਾਲ




ਕੈਨੇਡਾ 'ਚ ਹਜ਼ਾਰਾਂ ਭਾਰਤੀ ਮੂਲ ਦੇ ਪਰਿਵਾਰਾਂ ਨੂੰ ਫਾਇਦਾ ਹੋਣ ਦੀ ਸੰਭਾਵਨਾ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੇਨਾ ਮੇਟਲੇਜ ਡਾਇਬ ਨੇ ਕਿਹਾ ਕਿ ਬਿੱਲ ਦਾ ਮਕਸਦ ਨਾਗਰਿਕਤਾ ਕਾਨੂੰਨਾਂ 'ਚ ਲੰਬੇ ਸਮੇਂ ਤੋਂ ਚੱਲੇ ਆ ਰਹੇ ਮੁੱਦਿਆਂ ਨੂੰ ਠੀਕ ਕਰਨਾ ਤੇ ਵਿਦੇਸ਼ 'ਚ ਜਨਮੇ ਜਾਂ ਗੋਦ ਲਏ ਗਏ ਬੱਚਿਆਂ ਵਾਲੇ ਪਰਿਵਾਰਾਂ 'ਚ ਨਿਰਪੱਖਤਾ ਲਿਆਉਣਾ ਹੈ। ਇਸਨੂੰ ਲਾਗੂ ਕਰਨ ਲਈ ਹਾਲੇ ਕੋਈ ਤਰੀਕ ਤੈਅ ਨਹੀਂ ਕੀਤੀ ਗਈ।

# 'ਆਪ੍ਰੇਸ਼ਨ ਸਿੰਧੂਰ' ਤੋਂ ਵੀ ਕਰਾਰਾ ਜਵਾਬ ਦਿਆਂਗੇ

**ਹਰਿਦੁਆਰ:** ਪਾਕਿਸਤਾਨ ਦੀ ਸਰਹੱਦ ਪਾਰ ਸੰਭਾਵਿਤ 'ਆਫੈਂਸਿਵ ਆਪਰੇਸ਼ਨਾਂ' ਨੂੰ ਧਿਆਨ 'ਚ ਰੱਖਦੇ ਹੋਏ ਭਾਰਤੀ ਫ਼ੌਜ ਨੇ ਹਰਿਦੁਆਰ 'ਚ ਗੰਗਾ 'ਤੇ ਅਭਿਆਸ ਕੀਤਾ। ਪੱਛਮੀ ਕਮਾਨ ਦੇ ਜੀਓਸੀ-ਇਨ-ਸੀ ਲੈਫਟਿਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਕਿਹਾ ਕਿ ਜੇ ਦੁਸ਼ਮਣ ਨੇ ਹਿਮਾਕਤ ਕੀਤੀ ਤਾਂ ਜਵਾਬ 'ਆਪਰੇਸ਼ਨ ਸਿੰਧੂਰ' ਤੋਂ ਵੀ ਜ਼ਿਆਦਾ ਪ੍ਰਚੰਡ ਹੋਵੇਗਾ। ਭਵਿੱਖ ਦਾ ਯੁੱਧ ਬਹੁ-ਖੇਤਰ ਹੋਵੇਗਾ, ਜੋ ਤਕਨੀਕ ਨਾਲ ਚਲਾਇਆ ਜਾਵੇਗਾ ਪਰ ਫੈਸਲਾਕੁਨ ਜਿੱਤ ਸਦਾ ਜ਼ਮੀਨ 'ਤੇ ਹੀ



ਲਿਖੀ ਜਾਵੇਗੀ। ਹਰਿਦੁਆਰ ਦੇ ਝਿਲਮਿਲ ਝੀਲ ਖੇਤਰ 'ਚ ਸਥਿਤ ਗੰਗਾ ਕਿਨਾਰੇ ਪੱਛਮੀ ਕਮਾਨ ਵੱਲੋਂ ਚੱਲ ਰਹੇ ਯੁੱਧ ਅਭਿਆਸ 'ਰੈਮ ਪ੍ਰਹਾਰ' ਸ਼ਨਿਚਰਵਾਰ ਨੂੰ ਸਮਾਪਤ ਹੋਇਆ। ਅਸਲ ਯੁੱਧ ਵਰਗੇ ਹਾਲਤਾਂ ਵਿਚ ਕੀਤੇ ਗਏ ਇਸ ਅਭਿਆਸ ਦਾ ਨਿਰੀਖਣ ਖ਼ੁਦ ਪੱਛਮੀ ਕਮਾਨ ਦੇ ਜੀਓਸੀ- ਇਨ-ਸੀ ਲੈਫਟਿਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਕੀਤਾ। ਗੱਲਬਾਤ ਕਰਦਿਆਂ ਲੈਫਟੀਨੈਂਟ ਜਨਰਲ ਨੇ ਕਿਹਾ ਕਿ ਰੈਮ ਡਵੀਜ਼ਨ ਦਾ ਮਹੀਨੇ ਤੋਂ ਚੱਲ ਰਹੀ ਸਿਖਲਾਈ ਪਾਕਿਸਤਾਨ ਮੋਰਚੇ 'ਤੇ ਸੰਭਾਵਿਤ ਆਪਰੇਸ਼ਨ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ।

# ਅਦਾਲਤ ਨੇ ਮਾਣਹਾਨੀ ਮਾਮਲੇ 'ਚ ਕੰਗਨਾ ਖ਼ਿਲਾਫ਼ ਤੈਅ ਕੀਤੇ ਦੋਸ਼

## ਨਿੱਜੀ ਪੇਸ਼ੀ ਤੋਂ ਛੋਟ 'ਤੇ ਨਹੀਂ ਦਿੱਤਾ ਕੋਈ ਫ਼ੈਸਲਾ-ਅਗਲੀ ਪੇਸ਼ੀ 4 ਦਸੰਬਰ ਨੂੰ

**ਬਠਿੰਡਾ:** ਮਾਣਹਾਨੀ ਮਾਮਲੇ 'ਚ ਭਾਜਪਾ ਦੀ ਸੰਸਦ ਮੈਂਬਰ ਤੇ ਫਿਲਮੀ ਅਦਾਕਾਰਾ ਕੰਗਨਾ ਰਣੌਤ ਵੱਲੋ ਬਜ਼ੁਰਗ ਮਹਿੰਦਰ ਕੌਰ ਤੋਂ ਬੇਸ਼ੱਕ ਆਪਣੀ ਪਿਛਲੀ ਨਿੱਜੀ ਪੇਸ਼ੀ ਦੌਰਾਨ ਮੁਆਫ਼ੀ ਮੰਗ ਲਈ ਸੀ ਪ੍ਰੰਤੂ ਮਹਿੰਦਰ ਕੌਰ ਵੱਲੋਂ ਉਸ ਨੂੰ ਮੁਆਫ਼ ਨਹੀਂ ਕੀਤਾ ਗਿਆ। ਸੋਮਵਾਰ ਨੂੰ ਬਠਿੰਡਾ ਦੀ ਅਦਾਲਤ ਨੇ ਕੰਗਨਾ ਰਣੌਤ 'ਤੇ ਦੋਸ਼ ਤੈਅ ਕਰ ਦਿੱਤੇ ਹਨ ਤੇ ਅਗਲੀ ਤਰੀਕ 4 ਦਸੰਬਰ ਰੱਖੀ ਹੈ। ਕੰਗਨਾ ਨੇ ਨਿੱਜੀ ਪੇਸ਼ੀ ਤੋਂ ਛੋਟ ਲੈਣ ਲਈ ਦਿੱਤੀ ਅਰਜ਼ੀ 'ਤੇ ਅਦਾਲਤ ਨੇ ਕੋਈ ਫੈਸਲਾ ਨਹੀਂ ਦਿੱਤਾ।

ਮਹਿੰਦਰ ਕੌਰ ਦੀ ਤਰਫ਼ ਉਨ੍ਹਾਂ ਦੇ ਪਤੀ ਲਾਭ ਸਿੰਘ ਅਦਾਲਤ 'ਚ ਪੇਸ਼ ਹੋਏ। ਉਨ੍ਹਾਂ ਦੱਸਿਆ ਕਿ ਉਹ ਕਿਸੇ ਵੀ ਕਿਸਾਨ ਜਥੇਬੰਦੀ ਦੇ ਦਬਾਅ ਹੇਠ ਨਹੀਂ ਹੈ, ਪਿਛਲੇ ਸਮੇਂ ਤੋਂ ਉਨ੍ਹਾਂ ਦਾ ਪਰਿਵਾਰ ਇਕੱਲਾ ਹੀ ਇਸ ਕੇਸ ਨੂੰ ਲੜ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋ ਕੰਗਨਾ ਰਣੌਤ ਨੂੰ ਮੁਆਫ਼ ਨਹੀਂ ਕੀਤਾ ਗਿਆ।



ਕੰਗਨਾ ਨੇ ਪੰਜਾਬ ਦੀ ਕਿਸੇ ਵੀ ਔਰਤ ਦਾ ਸਤਿਕਾਰ ਨਹੀਂ ਕੀਤਾ, ਜਿਸ ਔਰਤ ਦੇ ਪਿੱਛੇ ਕੌਰ ਲੱਗ ਜਾਂਦਾ ਹੈ ਉਸ ਨੇ ਉਸ ਔਰਤ ਨੂੰ ਮਾੜਾ ਹੀ ਕਹਿਣਾ ਹੈ। ਕੰਗਨਾ ਰਣੌਤ 'ਤੇ ਦੋਸ਼ ਤੈਅ ਹੋਣ ਬਾਰੇ ਕਿਹਾ ਕਿ ਉਨ੍ਹਾਂ ਨੂੰ ਅਦਾਲਤ 'ਤੇ ਪੂਰਾ ਭਰੋਸਾ ਹੈ,ਇਨਸਾਫ਼ ਜ਼ਰੂਰ ਮਿਲੇਗਾ। ਬਜ਼ੁਰਗ ਮਹਿੰਦਰਕੌਰ ਦੇ ਵਕੀਲ ਰਘੁਬੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਕੰਗਨਾ ਰਣੌਤ ਨੇ ਸਕਿਓਰਟੀ ਦੇ ਮੱਦੇਨਜ਼ਰ ਨਿੱਜੀ ਪੇਸ਼ੀ ਤੋਂ ਛੋਟ ਲੈਣ ਲਈ ਅਦਾਲਤ 'ਚ ਅਰਜ਼ੀ ਲਗਾਈ ਹੋਈ ਸੀ, ਜਿਸ 'ਤੇ ਅਦਾਲਤ ਨੇ ਹਾਲੇ ਕੋਈ ਫ਼ੈਸਲਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 'ਉਨ੍ਹਾਂ ਨੂੰ ਸਕਿਓਰਟੀ ਦਿੱਤੀ ਹੋਈ ਹੈ ਇਸ ਲਈ ਇਹ ਕਹਿਣਾ ਕਿ ਉਨ੍ਹਾਂ ਨੂੰ ਪੇਸ਼ੀ ਦੌਰਾਨ ਕੋਈ ਖ਼ਤਰਾ ਹੈ, ਇਹ ਗ਼ਲਤ ਹੈ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਕੰਗਨਾ ਰਣੌਤ ਨੂੰ ਕੋਈ ਮੁਆਫ਼ੀ ਨਹੀਂ ਦਿੱਤੀ ਜਾਵੇਗੀ।ਅਦਾਲਤ ਨੇ ਉਸ 'ਤੇ ਦੇਸ਼ ਤੈਅ ਕਰ ਦਿੱਤੇ ਹਨ।

ਦੱਸਣਾ ਬਣਦਾ ਹੈ ਕਿ ਕੰਗਨਾ ਰਣੌਤ ਨੇ 27 ਅਕਤੂਬਰ ਨੂੰ ਬਠਿੰਡਾ ਦੀ ਅਦਾਲਤ 'ਚ ਖ਼ੁਦ ਪੇਸ਼ ਹੋ ਕੇ ਬੇਬੇ ਮਹਿੰਦਰ ਕੌਰ ਤੋਂ ਮੁਆਫ਼ੀ ਮੰਗੀ ਸੀ, ਹਾਲਾਂਕਿ ਅਦਾਲਤ ਵੱਲੋਂ ਉਸ ਦੀ ਮੁਆਫ਼ੀ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਮਾਮਲਾ 24 ਨਵੰਬਰ ਤਕ ਮੁਲਤਵੀ ਕਰ ਦਿੱਤਾ ਗਿਆ ਸੀ।

ਬਠਿੰਡਾ ਦੀ ਫਸਟ ਕਲਾਸ ਆਦਲਤ 'ਚ ਸੋਮਵਾਰ ਨੂੰ ਮੁੜ ਪੇਸ਼ੀ ਤਹਿ ਹੋਣ ਦੇ ਬਾਵਜੂਦ ਇਹ ਅਟਕਲਾਂ ਸਨ ਕਿ ਉਸ ਦੇ ਅਦਾਲਤ ਪੇਸ਼ ਹੋਣ ਦੀ ਉਮੀਦ ਬਹੁਤ ਘੱਟ ਸੀ। ਪਿਛਲੀ ਪੇਸ਼ੀ ਦੌਰਾਨ ਕੰਗਨਾ ਦੀ ਕਾਨੂੰਨੀ ਟੀਮ ਨੇ ਨਿੱਜੀ ਹਾਜ਼ਰੀ ਤੋਂ ਛੋਟ ਲਈ ਅਰਜ਼ੀ ਵੀ ਪਾਈ ਗਈ ਸੀ ਜਿਸ ਉਤੇ ਅੱਜ ਫੈਸਲਾ ਆਉਣ ਦੀ ਸੰਭਾਵਨਾ ਸੀ ਪ੍ਰੰਤੂ ਅਦਾਲਤ ਨੇ ਇਸ ਸਬੰਧੀ ਕੋਈ ਫੈਸਲਾ ਨਹੀਂ ਦਿੱਤਾ।

# ਸ੍ਰੀ ਅਨੰਦਪੁਰ ਸਾਹਿਬ ’ਚ ‘ਸਰਬ ਧਰਮ ਸੰਮੇਲਨ’

## ਦੇਸ਼ ਭਰ ’ਚੋਂ ਪਹੁੰਚੇ ਧਾਰਮਿਕ ਆਗੂ ਅਤੇ ਹੋਰ ਸ਼ਖ਼ਸੀਅਤਾਂ



**ਸ੍ਰੀ ਅਨੰਦਪੁਰ ਸਾਹਿਬ:** ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵਲੋਂ ਕਰਵਾਏ ‘ਸਰਬ ਧਰਮ ਸੰਮੇਲਨ’ ‘ਚ ਵੱਖ-ਵੱਖ ਧਰਮਾਂ ਦੇ ਆਗੂਆਂ ਵਲੋਂ ਗੁਰੂ ਸਾਹਿਬ ਨੂੰ ਸਤਿਕਾਰ ਤੇ ਸ਼ਰਧਾ ਭੇਟ ਕੀਤੀ ਗਈ। ਇਸ ਮੌਕੇ ਧਾਰਮਿਕ ਸ਼ਖ਼ਸੀਅਤਾਂ ਨੇ ਕਿਹਾ ਕਿ ਗੁਰੂ ਸਾਹਿਬ ਨੇ ਮਨੁੱਖਤਾ ਦਾ ਸੰਦੇਸ਼ ਦਿੱਤਾ ਤੇ ਸੂਬਾ ਸਰਕਾਰ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦੇਣ ਦੇ ਉਦੇਸ਼ ਨਾਲ ਇਹ ਸਮਾਗਮ ਕਰਵਾ ਰਹੀ ਹੈ। ਦੁਨੀਆ ਦਾ ਹਰ ਧਰਮ ਸਾਨੂੰ ਮਨੁੱਖਤਾ, ਦਇਆ ਤੇ ਸ਼ਾਂਤੀਪੂਰਨ ਸਹਿ- ਹੋਂਦ ਦੀਆਂ ਕਦਰਾਂ-ਕੀਮਤਾਂ ਸਿਖਾਉਂਦਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਹੱਕ- ਸੱਚ ਤੇ ਧਰਮ ਦੀ ਰਾਖੀ ਲਈ ਬੇਮਿਸਾਲਕੁਰਬਾਨੀ ਦਿੱਤੀ। ਗੁਰੂ ਸਾਹਿਬ ਨੇ ਹਰੇਕ ਵਿਅਕਤੀ ਨੂੰ ਆਪਣੀ ਅੰਤਰ-ਆਤਮਾ ਅਨੁਸਾਰ ਆਪਣਾ ਧਰਮ ਚੁਣਨ ਦੇ ਅਧਿਕਾਰ ਦੀ ਰਾਖੀ ਲਈ ਮਹਾਨ ਕੁਰਬਾਨੀ ਦਿੱਤੀ। ਇਤਿਹਾਸ ਗਵਾਹ ਹੈ ਕਿ ਬਹੁਤ ਸਾਰੇ ਲੋਕਾਂ ਨੇ ਆਪਣੇ ਧਰਮ ਲਈ ਜਾਨਾਂ ਕੁਰਬਾਨ ਕੀਤੀਆਂ। ਸਰਬ ਧਰਮ ਸੰਮੇਲਨ ‘ਚ ਹਾਜ਼ਰ ਵੱਡੀ ਗਿਣਤੀ ‘ਚ ਸੰਗਤ ਨੂੰ ਸੰਬੋਧਨ ਕਰਦਿਆਂ ‘ਆਪ’ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਥੇ ਇਕੱਤਰ ਹੋਏ ਸਾਰੇ ਧਾਰਮਿਕ ਆਗੂਆਂ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਪੂਰੇ ਇਤਿਹਾਸ ‘ਚ ਸ਼ਾਇਦ ਹੀ ਕੋਈ ਅਜਿਹੀ ਮਿਸਾਲ ਮਿਲਦੀ ਹੋਵੇ, ਜਦੋਂ ਦੂਜਿਆਂ ਦੇ ਧਰਮ ਨੂੰ ਬਚਾਉਣ ਲਈ ਕਿਸੇ ਮਹਾਨ ਧਾਰਮਿਕ ਸ਼ਖ਼ਸੀਅਤ ਵਲੋਂ ਸ਼ਹਾਦਤ ਦਿੱਤੀ ਗਈ ਹੋਵੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਕਰਦਿਆਂ ਮਹਾਨ ਬਲੀਦਾਨ ਦਿੱਤਾ। ਉਨ੍ਹਾਂ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਦੁਨੀਆ ਭਰ ਦੇ ਧਾਰਮਿਕ ਆਗੂ ਸੂਬਾ ਸਰਕਾਰ ਨਾਲ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ‘ਤੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ ਸੂਬੇ ਦੇ 142 ਪਿੰਡਾਂ ਨੂੰ ਪੰਜਾਬ ਸਰਕਾਰ ਵਲੋਂ ਫ਼ੰਡ ਪ੍ਰਦਾਨ ਕਰਕੇ ਇਨ੍ਹਾਂ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਆਪਣੇ ਸੰਬੋਧਨ ‘ਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਹਮੇਸ਼ਾ ਸਾਰੇ ਧਰਮਾਂ ਲਈ ਸਤਿਕਾਰ ਬਣਾਈ ਰੱਖਣ ਤੇ ਸੂਬੇ ‘ਚ ਸ਼ਾਂਤੀ, ਸਦਭਾਵਨਾ ਤੇ ਭਾਈਚਾਰਕ ਏਕਤਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਰਹੀ ਹੈ। ਉਨ੍ਹਾਂ ਕਿਹਾ ਕਿ ਮਹਾਨ ਗੁਰੂਆਂ, ਸੰਤਾਂ, ਪੀਰ-ਪੈਗੰਬਰਾਂ ਤੇ ਸ਼ਹੀਦਾਂ ਦੀ ਪਵਿੱਤਰ ਧਰਤੀ ਪੰਜਾਬ ਦੀ ਇਕ ਸ਼ਾਨਦਾਰ ਤੇ ਅਮੀਰ ਵਿਰਾਸਤ ਹੈ। ਪੰਜਾਬੀਆਂ ਨੂੰ ਮਹਾਨ ਗੁਰੂ ਸਾਹਿਬਾਨਾਂ ਤੋਂ ਜ਼ੁਲਮ, ਬੇਇਨਸਾਫ਼ੀ ਤੇ ਅੱਤਿਆਚਾਰ ਵਿਰੁੱਧ ਲੜਨ ਦੀ ਭਾਵਨਾ ਵਿਰਾਸਤ ‘ਚ ਮਿਲੀ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀਆਂ ਲਈ ਹਰ ਖੇਤਰ ‘ਚ ਉੱਤਮਤਾ ਹਾਸਲ ਕਰਨਾ ਤੇ ਆਪਣੀ ਕਾਬਲੀਅਤ ਨੂੰ ਸਾਬਤ ਕਰਨ ਦੀ ਭਾਵਨਾ ਹਮੇਸ਼ਾ ਤੋਂ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦੀ ਦਿੱਤੀ, ਜਿਸ ਦੀ ਮਿਸਾਲ ਦੁਨੀਆ ਭਰ ਦੇ ਇਤਿਹਾਸ ‘ਚ ਕਿਤੇ ਨਹੀਂ ਮਿਲਦੀ।ਉਨ੍ਹਾਂ ਕਿਹਾ ਕਿ ਨੌਵੇਂ ਸਿੱਖ ਪਾਤਸ਼ਾਹ ਧਰਮ ਨਿਰਪੱਖਤਾ, ਏਕਤਾ ਤੇ ਆਪਸੀ ਭਾਈਚਾਰੇ ਦੇ ਸੱਚੇ ਪ੍ਰਤੀਕ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਮਾਗਮ ਆਉਣ ਵਾਲੇ ਸਮੇਂ ‘ਚ ਵੀ ਜਾਰੀ ਰਹਿਣਗੇ।

ਸਬਰ ਧਰਮ ਸੰਮੇਲਨ ‘ਚ ਆਰਟ ਆਫ਼ ਲਿਵਿੰਗ ਦੇ ਮੁਖੀ ਸ੍ਰੀ ਸ੍ਰੀ ਰਵੀਸ਼ੰਕਰ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ, ਡੇਰਾ ਬਿਆਸ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਕਾਰ ਸੇਵਾ ਨਿਸ਼ਕਾਮ ਸੇਵਕ ਜਥਾ ਯੁ.ਕੇ. ਡੇ ਬਾਬਾ ਮਹਿੰਦਰ ਸਿੰਘ, ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ,’ ਦੇਵਦੱਤ ਸਵਰਸਵਤੀ, ਅਚਾਰੀਆ ਲੋਕੇਸ਼ ਮੁਨੀ ਜੈਨ ਮੁਨੀ, ਸਈਅਦ ਅਫਸਰ ਅਲੀ ਨਿਜ਼ਾਮੀ, ਸ੍ਰੀਮਤੀ’ ਜਗਦਗੂਰੂ ਸ਼ੰਕਰਾਚਾਰੀਆ ਦੇਵਦੱਤਾਨੰਦ ਸਰਸਵਤੀ, ਮਹੰਤ ਗਿਆਨਦੇਵ ਸਿੰਘ ਨਿਰਮਲ ਅਖਾੜਾ, ਸਤਿਗੂਰੂ ਉਦੈ ਸਿੰਘ ਨਾਮਧਾਰੀ ਸੰਪਰਦਾ, ਬਾਬਾ ਬਾਲ ਜੀ ਊਨਾ ਵਾਲੇ ਆਦਿ ਤੋਂ ਇਲਾਵਾ ਵੱਡੀ ਗਿਣਤੀ ‘ਚ ਹੋਰ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ।

# ਧਰਮਿੰਦਰ ਜੀ ਦੇ ਤੁਰ ਜਾਣ ਨਾਲ ਮੈਨੂੰ ਜ਼ਾਤੀ ਤੌਰ ’ਤੇ ਨਾ-ਪੂਰਾ ਹੋਣ ਵਾਲਾ ਘਾਟਾ ਪਿਆ: ਅਮੋਲਕ ਸਿੰਘ ਗਾਖ਼ਲ

**ਕੈਲੀਫੋਰਨੀਆ:** ਗਾਖਲ ਗਰੁੱਪ ਯੂ.ਐਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਦੁਨੀਆਂ ਦੇ ਅਤੇ ਉਸ ਤੋਂ ਬਾਅਦ ਜਦੋਂ ਵੀ ਮੈਂ ਇੰਡੀਆ ਆਉਂਦਾ ਹਾਂ ਤਾਂ ਪਹਿਲਾਂ ਮੁੰਬਈ ਧਰਮਿੰਦਰ ਜੀ ਨੂੰ ਹੀ ਮਿਲਦਾ ਸੀ। ਉਨ੍ਹਾਂ ਨੂੰ ਮਿਲ ਕੇ



ਸੁਪਰ ਸਟਾਰ ਧਰਮਿੰਦਰ ਜੀ ਮੇਰੇ ਵੱਡੇ ਭਰਾਵਾਂ ਵਰਗੇ ਸਨ। ਉਨ੍ਹਾਂ ਦੇ ਕਹਿਣ ’ਤੇ ਹੀ ਮੈਂ (ਗਾਖਲ ਪਰਿਵਾਰ ਯੂ.ਐੱਸ.ਏ.) ਗਾਖਲ ਗਰੁੱਪ ਦੇ ਬੈਨਰ ਹੇਠ ‘ਸੈਕੰਡ ਹੈਂਡ ਹਸਬੈਂਡ’ ਹਿੰਦੀ ਫ਼ਿਲਮ ਬਣਾਈ ਸੀ। ਧਰਮਿੰਦਰ ਜੀ ਦੇ ਕਹਿਣ ’ਤੇ ਹੀ ਮੈਂ ਗਿੱਪੀ ਗਰੇਵਾਲ, ਬੌਲੀਵੁੱਡ ਸੁਪਰ ਸਟਾਰ ਗੋਵਿੰਦਾ ਦੀ ਬੇਟੀ ਟੀਨਾ ਅਹੂਜਾ ਨੂੰ ਐਕਟਿੰਗ ਲਈ ਅਤੇ ਡਾਇਰੈਕਟਰ ਸਮੀਪ ਕੰਗ ਨੂੰ ਡਾਇਰੈਕਸ਼ਨ ਲਈ ਪਹਿਲੀ ਹਿੰਦੀ ਫ਼ਿਲਮ ਵਿਚ ਚਾਂਸ ਦਿੱਤਾ ਸੀ। ਅਸੀਂ ਇਸ ਸਾਰੀ ਫ਼ਿਲਮ ਦੀ ਸ਼ੂਟਿੰਗ ਜਲੰਧਰ ਵਿਚ ਹੀ ਕੀਤੀ ਸੀ। ਇਹ ਪਹਿਲੀ ਹਿੰਦੀ ਫਿਲਮ ਸੀ ਜਿਸਦੀ ਸਮੁੱਚੀ ਸ਼ੂਟਿੰਗ ਜਲੰਧਰ ਵਿਚ ਹੋਈ ਸੀ। ਸ਼ੂਟਿੰਗ ਦੌਰਾਨ ਧਰਮਿੰਦਰ ਜੀ ਨਾਲ ਮੈਨੂੰ ਵਧੀਆ ਪਲ ਗੁਜ਼ਾਰਨ ਦਾ ਮੌਕਾ ਮਿਲਿਆ ਜਿੱਥੇ ਬਹੁਤ ਅਨੰਦ ਮਿਲਦਾ ਸੀ ਉੱਥੇ ਜ਼ਿੰਦਗੀ ਵਿਚ ਕੁਝ ਨਵਾਂ ਕਰਨ ਦੀ ਸੇਧ ਅਤੇ ਉਤਸ਼ਾਹ ਵੀ ਮਿਲਦਾ ਸੀ। ਪਿਛਲੇ ਸਾਲ ਜਦੋਂ ਮੈਂ ਇੰਡੀਆ ਆਇਆ ਤਾਂ ਉਨ੍ਹਾਂ ਨੂੰ ਮਿਲਿਆ, ਉਨ੍ਹਾਂ ਮੈਨੂੰ ਕਿਹਾ ਕਿ ਹੋਰ ਫ਼ਿਲਮਾਂ ਬਣਾ, ਮੈਂ ਤੇਰੇ ਨਾਲ ਹਾਂ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜਿੱਥੋਂ ਘਾਟਾ ਪਿਆ ਹੋਵੇ, ਨਫ਼ਾ ਵੀ ਉੱਥੋਂ ਹੀ ਹੁੰਦਾ ਹੈ। ਪਰ ਉਨ੍ਹਾਂ ਨਾਲ ਦੁਬਾਰਾ ਕੰਮ ਕਰਨ ਦੀ ਮੇਰੀ ਰੀਝ ਪੂਰੀ ਨਹੀਂ ਹੋ ਸਕੇਗੀ, ਉਨ੍ਹਾਂ ਦੇ ਸਵਾਸ ਪੂਰੇ ਹੋ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਮੈਨੂੰ ਜ਼ਾਤੀ ਤੌਰ ’ਤੇ ਘਾਟਾ ਪਿਆ ਹੈ। ਮੈਂ ਗਾਖਲ ਪਰਿਵਾਰ ਵਲੋਂ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਉਨ੍ਹਾਂ ਦੀ ਵਿਛੜੀ ਰੂਹ ਨੂੰ ਆਪਣੇ ਚਰਨਾ ’ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਵੀਅਤਨਾਮ ‘ਚ ਹੜ੍ਹਾਂ ਕਾਰਨ 90 ਲੋਕਾਂ ਦੀ ਮੌਤ

ਹਨੋਈ: ਵੀਅਤਨਾਮ ਵਿਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਇਨ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ 90 ਹੋ ਗਈ ਹੈ। ਹਜ਼ਾਰਾਂ ਘਰਾਂ ‘ਚ ਪਾਣੀ ਵੜ ਗਿਆ ਹੈ। ਅਕਤੂਬਰ ਦੇ ਅਖ਼ੀਰ ‘ਚ ਵੀਅਤਨਾਮ ਦੇ ਮੱਧ ਅਤੇ ਮੱਧ ਹਾਈਲੈਂਡਸ ਇਲਾਕਿਆਂ ਵਿਚ ਲਗਾਤਾਰ ਹੋ ਰਹੀ ਬਾਰਿਸ਼ ਅਤੇ ਹੜ੍ਹਾਂ ਨੇ ਵੱਡਾ ਨੁਕਸਾਨ ਪਹੁੰਚਾਇਆ ਹੈ।

ਵਾਤਾਵਰਨ ਮੰਤਰਾਲੇ ਨੇ ਜਾਣਕਾਰੀ ਦਿੱਤੀ ਹੈ ਕਿ 12 ਤੋਂ ਜ਼ਿਆਦਾ ਲੋਕ ਹਾਲੇ ਵੀ ਲਾਪਤਾ ਹਨ। ਵਾਤਾਵਰਨ ਮੰਤਰਾਲੇ ਮੁਤਾਬਾਕ, ਐਤਵਾਰ ਨੂੰ ਹੜ੍ਹ ਜਾਂ ਜ਼ਮੀਨ ਖਿਸਕਣ ਕਾਰਨ ਕਈ ਥਾਵਾਂ ‘ਤੇ ਰਾਸ਼ਟਰੀ ਰਾਜਮਾਰਗਾਂ ਉੱਪਰ ਆਵਾਜਾਈ ਪ੍ਰਭਾਵਤ ਹੋਈ।



# ਬੰਬ ਦੀ ਧਮਕੀ ਮਗਰੋਂ ਜਹਾਜ਼ ਮੁੰਬਈ ਡਾਇਵਰਟ

**ਹੈਦਰਾਬਾਦ:** ਬਹਿਰੀਨ ਤੋਂ ਹੈਦਰਾਬਾਦ ਜਾ ਰਹੇ ਇਕ ਜਹਾਜ਼ ਵਿਚ ਬੰਬ ਹੋਣ ਦੀ ਧਮਕੀ ਮਿਲੀ ਜਿਸ ਤੋਂ ਬਾਅਦ ਉਸ ਨੂੰ ਮੁੰਬਈ ਡਾਇਵਰਟ ਕਰ ਦਿੱਤਾ ਗਿਆ। ਹਵਾਈ ਅੱਡੇ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਵਾਈ ਅੱਡੇ ਨੂੰ ਮਿਲੇ ਧਮਕੀ ਭਰੇ ਈਮੇਲ ਵਿਚ ਦਾਅਵਾ ਕੀਤਾ ਗਿਆ ਸੀ ਕਿ ਬਹਿਰੀਨ ਤੋਂ ਹੈਦਰਾਬਾਦ ਆ ਰਹੇ ਜਹਾਜ਼ ਵਿਚ ਬੰਬ ਰੱਖਿਆ ਗਿਆ ਹੈ। ਜਦੋਂ ਜਹਾਜ਼ ਮੁੰਬਈ ‘ਚ ਉੱਤਰਿਆ ਅਤੇ ਸੁਰੱਖਿਆ ਜਾਂਚ ਕੀਤੀ ਗਈ ਤਾਂ ਕੁਝ ਵੀ ਸ਼ੱਕੀ ਨਹੀਂ ਮਿਲਿਆ। ਬੰਬ ਦੀ ਧਮਕੀ ਸਿਰਫ਼ ਅਫ਼ਵਾਹ ਸੀ।




**One stop shop for all your taxi needs**

**The Friendly Group Ltd.**
**Chelsea Taxi Brokers**

287 10 AVE between 26 & 27 Street 2nd Floor, New York, NY 10001

*All types of insurance*
** Medallion transfers * Accident claims*
** Taxi Stand Facility available*

**Ph: 212-947-9833, 212-695-0601**

We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.




*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ ‘ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

# ਲਾਲ ਕਿਲ੍ਹੇ ਦੇ ਧਮਾਕੇ ਤੋਂ ਬਾਅਦ ਨਿੱਜੀ ਯੂਨੀਵਰਸਿਟੀਆਂ ’ਤੇ ਨਜ਼ਰ

**ਨਵੀਂ ਦਿੱਲੀ:** ਲਾਲ ਕਿਲ੍ਹੇ ਨੇੜੇ ਧਮਾਕੇ ਤੋਂ ਬਾਅਦ ਚਰਚਾ ‘ਚ ਆਈ ਅਲ ਫਲਾਹ ਯੂਨੀਵਰਸਿਟੀ ਕਾਰਨ ਬਾਕੀ ਵਿੱਦਿਅਕ ਅਦਾਰੇ ਵੀ ਸ਼ੱਕ ਦੀ ਘੇਰੇ ‘ਚ ਹਨ।

ਇਸ ਕਾਰਨ ਸਿੱਖਿਆ ਮੰਤਰਾਲੇ ਵੱਲੋਂ ਦੇਸ਼ ‘ਚ ਬੇਲਗਾਮ ਤਰੀਕੇ ਨਾਲ ਕੰਮ ਕਰ ਰਹੀਆਂ ਅਜਿਹੀਆਂ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ ‘ਤੇ ਤਿੱਖੀ ਨਜ਼ਰ ਰੱਖਣ ਦੀ ਤਿਆਰੀ ਕੀਤੀ ਜਾ ਰਹੀ ਹੈ। ਮੰਤਰਾਲੇ ਨੇ ਇਸ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਅਤੇ ਕੌਮੀ ਮੁਲਾਂਕਣ ਤੇ ਮੁਕਾਬਲੇਬਾਜ਼ੀ ਕੌਂਸਲ (ਨੈਕ) ਨੂੰ ਨਿੱਜੀ ਯੂਨੀਵਰਸਿਟੀਆਂ ‘ਤੇ ਸਖ਼ਤ ਨਜ਼ਰ ਰੱਖਣ ਲਈ ਖਰੜਾ ਬਣਾਉਣ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਦਰਅਸਲ, ਅਲ ਫਲਾਹ ਯੂਨੀਵਰਸਿਟੀ ‘ਤੇ ਇਲਜ਼ਾਮ ਲੱਗੇ ਹਨ ਕਿ ਉਸ ਦੇ ਪ੍ਰਬੰਧਨ ਵੱਲੋਂ ਯੂਜੀਸੀ ਅਤੇ ਨੈਕ ਦੇ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਗਈਆਂ ਹਨ।

ਦਿੱਲੀ ਧਮਾਕੇ ਮਗਰੋਂ ਈਡੀ ਨੇ ਇਸ ਯੂਨੀਵਰਸਿਟੀ ਦੀ ਡੂੰਘਾਈ ਨਾਲ ਘੋਖ਼ ਪੜਤਾਲ ਕੀਤੀ ਹੈ। ਅਲ-ਫਲਾਹ ਟਰੱਸਟ ਅਤੇ ਫ਼ਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਨਾਲ ਜੁੜੇ 24 ਟਿਕਾਣਿਆਂ ‘ਤੇ ਛਾਪੇਮਾਰੀ ਕੀਤੀ ਗਈ। ਇਸ ਯੂਨੀਵਰਸਿਟੀ ਦੀਆਂ ਜੜ੍ਹਾਂ ‘ਚ ਭ੍ਰਿਸ਼ਟਾਚਾਰ ਤੇ ਬੇਨਿਯਮੀਆਂ ਇਸ ਕਦਰ ਫੈਲੀਆਂ ਹੋਈਆਂ ਸਨ ਕਿ ਇਸ ਦਾ ਫਾਊਂਡਰ ਜਾਵੇਦ ਅਹਿਮਦ ਸਿੱਦੀਕੀ ਮਨੀ ਲਾਡਿੰਗ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਹੈਰਾਨੀ ਵਾਲੀ ਗੱਲ ਹੈ ਕਿ ਇਸ ਯੂਨੀਵਰਸਿਟੀ ਦੇ ਉਨ੍ਹਾਂ ਕਮਰਿਆਂ ਦਾ ਵੀ ਖੁਲਾਸਾ ਹੋਇਆ ਹੈ ਜਿੱਥੇ ਬੈਠ ਕੇ ਦਿੱਲੀ ਧਮਾਕੇ ਨਾਲ ਸਬੰਧਤ ਸਾਜ਼ਿਸ਼ਾਂ ਰਚੀਆਂ ਗਈਆਂ। ਵਿੱਦਿਅਕ ਅਦਾਰੇ ਅਤੇ ਯੂਨੀਵਰਸਿਟੀਆਂ ਪੜ੍ਹਾਈ ਲਈ ਪੂਜਣਯੋਗ ਥਾਵਾਂ ਹਨ ਪਰ ਜਦੋਂ ਅਲ ਫਲਾਹ ਵਰਗੀਆਂ ਯੂਨੀਵਰਸਿਟੀਆਂ ਅੰਦਰੋਂ ਅਜਿਹੇ ਖੌਫਨਾਕ ਖੁਲਾਸੇ ਹੁੰਦੇ ਹਨ ਤਾਂ ਵਿੱਦਿਆ ਦੇ ਸਾਰੇ ਮੰਦਰ ਸਵਾਲਾਂ ‘ਚ ਘਿਰ ਜਾਂਦੇ ਹਨ। ਪੂਰੇ ਦੇਸ਼ ‘ਚ ਵੱਡੇ-ਛੋਟੇ ਵਿੱਦਿਅਕ ਅਦਾਰਿਆਂ ਦਾ ਵੱਡਾ ਜਾਲ ਹੈ।





ਸਾਲ 2023 ਦੀ ਇਕ ਮੀਡੀਆ ਰਿਪੋਰਟ ਮੁਤਾਬਕ ਦੇਸ਼ ‘ਚ ਪਿਛਲੇ ਪੰਜਾਂ ਸਾਲਾਂ ਦੌਰਾਨ ਕਰੀਬ 140 ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ। ਕੇਂਦਰੀ ਸਿੱਖਿਆ ਮੰਤਰਾਲੇ ਦੇ ਅੰਕੜਿਆਂ ਦੇ ਹਵਾਲੇ ਵਾਲੀ ਇਸ ਰਿਪੋਰਟ ਮੁਤਾਬਕ ਗੁਜਰਾਤ ‘ਚ 28 ਅਤੇ ਮਹਾਰਾਸ਼ਟਰ ‘ਚ 15 ਯੂਨੀਵਰਸਿਟੀਆਂ ਸਥਾਪਤ ਕੀਤੀਆਂ ਗਈਆਂ। ਇਸੇ ਤਰ੍ਹਾਂ ਹੀ ਮੱਧ ਪ੍ਰਦੇਸ਼ ਤੇ ਕਰਨਾਟਕ ‘ਚ 14 ਤੇ 10 ਨਿੱਜੀ ਯੂਨੀਵਰਿਸਟੀਆਂ ਖੋਲ੍ਹੀਆਂ ਗਈਆਂ ਹਨ। ਮਾੜੇ ਪ੍ਰਬੰਧਾਂ ਅਤੇ ਮਨਮਰਜ਼ੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਇਸੇ ਸਾਲ ਸਤੰਬਰ ਮਹੀਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਦੇਸ਼ ਦੀਆਂ 54 ਨਿੱਜੀ ਯੂਨੀਵਰਸਿਟੀਆਂ ਨੂੰ ਨੋਟਿਸ ਜਾਰੀ ਕੀਤੇ ਸਨ। ਇਹ ਵਿੱਦਿਅਕ ਅਦਾਰੇ ਯੂਜੀਸੀ ਦੇ ਸੈਲਫ਼ ਡਿਸਕਲੋਜ਼ਰ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਸਨ।

ਜੂਨ 2023 ‘ਚ ਕਮਿਸ਼ਨ ਵੱਲੋਂ ਯੂਨੀਵਰਸਿਟੀਆਂ ਨੂੰ ਆਪਣੀ ਵੈੱਬਸਾਈਟ ‘ਤੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਲਈ ਵੀ ਕਿਹਾ ਗਿਆ ਸੀ।

ਯੂਨੀਵਰਸਿਟੀਆਂ ‘ਚ ਵਿਦਿਆਰਥੀਆਂ ਦੀ ਗਿਣਤੀ ਦੇ ਲਿਹਾਜ਼ ਨਾਲ ਇਸ ਗੱਲ ‘ਤੇ ਨਜ਼ਰ ਰੱਖਣੀ ਜ਼ਿਆਦਾ ਜ਼ਰੂਰੀ ਹੋ ਜਾਂਦੀ ਹੈ ਕਿ ਪੜ੍ਹਨ ਲਈ ਆਉਣ ਵਾਲਿਆਂ ‘ਚ ਕੌਣ ਕਿਸ ਤਰੀਕੇ ਨਾਲ ਯੂਨੀਵਰਸਿਟੀ ‘ਚ ਪੈਰ ਧਰ ਰਿਹਾ ਹੈ। ਅਲ ਫਲਾਹ ਯੂਨੀਵਰਸਿਟੀ ‘ਚ ਜੋ ਕੁਝ ਹੋਇਆ। ਉਸ ਤੋਂ ਬਾਅਦ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਸਭ ਤੋਂ ਵੱਡੀ ਗੱਲ ਕਿਸੇ ਵਿੱਦਿਅਕ ਅਦਾਰੇ ਨਾਲ ਦਿੱਲੀ ਧਮਾਕੇ ਵਰਗੀ ਘਟਨਾ ਦੇ ਤਾਰ ਜੁੜਨੇ ਆਲਮੀ ਪੱਧਰ ‘ਤੇ ਕੋਈ ਚੰਗਾ ਸੰਦੇਸ਼ ਨਹੀਂ ਹੈ।

# ਡੀਪਫੇਕ ਤੇ ਅੱਤਵਾਦ ’ਚ ਏ.ਆਈ. ਦੀ ਵਰਤੋਂ ‘ਤੇ ਰੋਕ ਜ਼ਰੂਰੀ: ਮੋਦੀ

**ਜੋਹਾਨਸਬਰਗ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਗ਼ਲਤ ਵਰਤੋਂ ਰੋਕਣ ਲਈ ਇਕ ਆਲਮੀ ਸਮਝੌਤੇ ਦੀ ਲੋੜ ‘ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਮਹੱਤਵਪੂਰਨ ਤਕਨਾਲੋਜੀਆਂ ਵਿੱਤ ਕੇਂਦਰਿਤ ਨਹੀਂ ਸਗੋਂ ਮਨੁੱਖ ਕੇਂਦਰਿਤ ਹੋਣੀਆਂ ਚਾਹੀਦੀਆਂ ਹਨ। ਜੀ-20 ਸਿਖਰ ਸੰਮੇਲਨ ਦੇ ਤੀਜੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਇਹ ਵੀ ਕਿਹਾ ਕਿ ਡੀਪਫੇਕ ਤੇ ਅੱਤਵਾਦ ਵਿਚ ਏਆਈ ਦੀ ਵਰਤੋਂ ‘ਤੇ ਰੋਕ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਤਕਨਾਲੋਜੀ ਦੀ ਉਪਯੋਗਤਾ ਰਾਸ਼ਟਰੀ ਦੀ ਬਜਾਏ ਆਲਮੀ ਹੋਣੀ ਚਾਹੀਦੀ ਹੈ। ਇਸ ਨੂੰ ਓਪਨ ਸੋਰਸ ਦੇ ਆਧਾਰ ‘ਤੇ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਵਿਸ਼ੇਸ਼ ਮਾਡਲ ਦੇ ਆਧਾਰ ‘ਤੇ। ਇਸੇ ਨਜ਼ਰੀਏ ਦੇ ਆਧਾਰ ‘ਤੇ ਭਾਰਤ ਦਾ ਤਕਨਾਲੋਜੀ ਈਕੋ ਸਿਸਟਮ ਬਣਾਇਆ ਗਿਆ ਹੈ। ਇਸ ਦੇ ਮਹੱਤਵਪੂਰਨ ਲਾਭ ਹੋਏ ਹਨ, ਭਾਵੇਂ ਉਹ ਪੁਲਾੜ ਖੇਤਰ ਹੋਵੇ, ਏਆਈ ਹੋਵੇ ਜਾਂ ਡਿਜੀਟਲ ਭੁਗਤਾਨ ਜਿੱਥੇ ਅਸੀਂ ਦੁਨੀਆ ਵਿਚ ਮੋਹਰੀ ਹਾਂ।



ਇਸ ਤੋਂ ਇਕ ਦਿਨ ਪਹਿਲਾਂ ਸਿਖਰ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਡਰੱਗ ਤਸਕਰੀ ਅਤੇ ਅੱਤਵਾਦ ਵਿਚਾਲੇ ਗੱਠਜੋੜ ਨੂੰ ਦੁਨੀਆ ਲਈ ਖ਼ਤਰਾ ਦੱਸਿਆ ਸੀ ਅਤੇ ਇਸ ਦੇ ਖ਼ਿਲਾਫ਼ ਇਕ ਨਵੀਂ ਆਲਮੀ ਮੁਹਿੰਮ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਸੀ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਿਰਫ਼ ਜਨਤਕ ਸਿਹਤ ਹੀ ਨਹੀਂ ਸਗੋਂ ਸਮਾਜਿਕ ਸਥਿਰਤਾ ਅਤੇ ਆਲਮੀ ਸੁਰੱਖਿਆ ਲਈ ਵੀ ਗੰਭੀਰ ਚੁਣੌਤੀ ਬਣ ਗਈ ਹੈ। ਸਿਖਰ ਸੰਮੇਲਨ ਦੇ ਤੀਜੇ ਸੈਸ਼ਨ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਏਆਈ ਦਾ ਇਸਤੇਮਾਲ ਦੁਨੀਆ ਦੇ ਹਿੱਤ ਵਿਚ ਹੋਵੇ ਅਤੇ ਇਸ ਦੀ ਦੁਰਵਰਤੋਂ ਰੋਕੀ ਜਾਵੇ। ਇਸ ਲਈ ਸਾਨੂੰ ਇਕ ਆਲਮੀ ਸੰਧੀ ਬਣਾਉਣੀ ਚਾਹੀਦੀ ਹੈ। ਇਸ ਵਿਚ ਪ੍ਰਭਾਵਸ਼ਾਲੀ ਮਨੁੱਖੀ ਨਿਗਰਾਨੀ, ਡਿਜ਼ਾਈਨ ਰਾਹੀਂ ਸੁਰੱਖਿਆ ਅਤੇ ਪਾਰਦਰਸ਼ਿਤਾ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਡੀਪਫੇਕ, ਅਪਰਾਧ ਅਤੇ ਅੱਤਵਾਦੀ ਸਰਗਰਮੀਆਂ ਵਿਚ ਏਆਈ ਦੀ ਦੁਰਵਰਤੋਂ ‘ਤੇ ਸਖ਼ਤ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

### ਸਾਨੂੰ ਆਪਣਾ ਨਜ਼ਰੀਆ ਬਦਲਣਾ ਪਵੇਗਾ

ਮੋਦੀ ਨੇ ਕਿਹਾ ਕਿ ਏਆਈ ਦੇ ਇਸ ਯੁੱਗ ਵਿਚ ਸਾਨੂੰ ਆਪਣਾ ਨਜ਼ਰੀਆ ਤੇਜ਼ੀ ਨਾਲ ਬਦਲਣਾ ਪਵੇਗਾ। ਸਾਨੂੰ ‘ਅੱਜ ਦੀਆਂ ਨੌਕਰੀਆਂ’ ਤੋਂ ‘ਕੱਲ੍ਹ ਦੀਆਂ ਸਮਰੱਥਾਵਾਂ’ ਵੱਲ ਵਧਣਾ ਪਵੇਗਾ। ਹੁਨਰਮੰਦ ਲੋਕਾਂ ਨੂੰ ਅੱਗੇ ਲਿਆਉਣਾ ਜ਼ਰੂਰੀ ਹੈ। ਅਸੀਂ ਦਿੱਲੀ ਜੀ-20 ਸੰਮੇਲਨ ਵਿਚ ਇਸ ਵਿਸ਼ੇ ‘ਤੇ ਤਰੱਕੀ ਕੀਤੀ ਸੀ। ਸਾਨੂੰ ਉਮੀਦ ਹੈ ਕਿ ਅਗਲੇ ਕੁਝ ਸਾਲਾਂ ‘ਚ ਜੀ-20 ਹੁਨਰ ‘ਚ ਗਤੀਸ਼ੀਲਤਾ ਲਈ ਇਕ ਆਲਮੀ ਢਾਂਚਾ ਵਿਕਸਿਤ ਕਰੇਗਾ।

### ਏ.ਆਈ. ‘ਤੇ ਸਮਿਟ ਦੀ ਮੇਜ਼ਬਾਨੀ ਕਰੇਗਾ ਭਾਰਤ

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ-ਏਆਈ ਮਿਸ਼ਨ ਤਹਿਤ ਸਾਰੇ ਲੋਕਾਂ ਤੱਕ ਏਆਈ ਦੇ ਲਾਭ ਪਹੁੰਚਾਉਣ ਦੇ ਮਕਸਦ ਨਾਲ ਹਾਈ-ਪਰਫਾਰਮੈਂਸ ਕੰਪਿਊਟਿੰਗ ਸਮਰੱਥਾ ਦਾ ਵਿਕਾਸ ਕੀਤਾ ਜਾ ਰਿਹਾ ਹੈ। ਭਾਰਤ ਫਰਵਰੀ 2026 ਵਿਚ ‘ਸਰਵਜਨ ਹਿਤਾਯ, ਸਰਵਜਨ ਸੁਖਾਯ’ ਵਿਸ਼ੇ ਉੱਪਰ ਏਆਈ ਇੰਪੈਕਟ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਉਨ੍ਹਾਂ ਨੇ ਸਾਰੇ ਜੀ-20 ਦੇਸ਼ਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਸਾਰਿਆਂ ਦੀ ਖ਼ੁਸ਼ਹਾਲੀ ਲਈ ਤਰੱਕੀ ਦੇ ਹੱਕ ਵਿਚ ਹਾਂ।

# ਪਾਕਿਸਤਾਨੀ ਮੀਡੀਆ ਦੇ ਦਾਅਵੇ ਦੀ ਫ੍ਰੈਂਚ ਫ਼ੌਜ ਨੇ ਖੋਲ੍ਹੀ ਪੋਲ

**ਪੈਰਿਸ:** ਇਸ ਸਾਲ ਅਪ੍ਰੈਲ ‘ਚ ਪਹਿਲਗਾਮ ‘ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਵੱਲੋਂ ਸਮਰਥਿਤ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਭਾਰਤ ਵੱਲੋਂ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਸਿੰਧੂਰ ਦੇ ਸੰਦਰਭ ‘ਚ ਪਾਕਿਸਤਾਨੀ ਮੀਡੀਆ ਨੇ ‘ਗ਼ਲਤ ਪ੍ਰਚਾਰ ਦੇ ਤਹਿਤ ਗ਼ਲਤ ਜਾਣਕਾਰੀ ਪ੍ਰਕਾਸ਼ਿਤ ਕੀਤੀ ਹੈ। ਫ੍ਰਾਂਸ ਦੀ ਜਲ ਸੈਨਾ (ਫ੍ਰੈਂਚ ਨੇਵੀ) ਨੇ ਇਸ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸਲਾਮਾਬਾਦ ਸਥਿਤ ‘ਜਿਓ ਟੀਵੀ’ ਨੇ 21 ਨਵੰਬਰ ਨੂੰ ਆਪਣੀ ਵੈਬਸਾਈਟ ‘ਤੇ ਇਕ ਲੇਖ ਪ੍ਰਕਾਸ਼ਿਤ ਕੀਤਾ ਸੀ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਫ੍ਰਾਂਸੀਸੀ ਫੌਜ ਦੇ ਇਕ ਕਮਾਂਡਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਭਾਰਤ ਦੇ ਨਾਲ ਫ਼ੌਜੀ ਸੰਘਰਸ਼ ਦੌਰਾਨ ਪਾਕਿਸਤਾਨੀ ‘ਹਵਾਈ ਸੈਨਾ ਜ਼ਿਆਦਾ ਭਾਰੀ ਸੀ ਅਤੇ ਭਾਰਤੀ ਫਾਈਟਰ ਜੈੱਟ ਰਾਫੇਲ ਨੂੰ ਤਬਾਹ ਕੀਤਾ ਗਿਆ ਸੀ। ਫ੍ਰੈਂਚ ਨੇਵੀ ਨੇ ਪਾਕਿਸਤਾਨੀ ਮੀਡੀਆ ਦੇ ਇਸ ਮਨਘੜਤ ਦਾਅਵੇ ‘ਤੇ ਇਤਰਾਜ਼ ਜਤਾਇਆ ਹੈ ਤੇ ਕਿਹਾ ਕਿ ਵੈੱਬਸਾਈਟ ‘ਤੇ ਲੇਖ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ।



# ਰਾਜਸਥਾਨ ਦੇ 10 ਸ਼ਹਿਰਾਂ ’ਚ ਸਾਹ ਲੈਣਾ ਹੋਇਆ ਔਖਾ

**ਜੈਪੁਰ:** ਰਾਜਸਥਾਨ ਦੇ 10 ਸ਼ਹਿਰਾਂ ਵਿਚ ਪਿਛਲੇ ਦੋ ਦਿਨਾਂ ਤੋਂ ਲੋਕਾਂ ਦਾ ਸਾਹ ਲੈਣਾ ਔਖਾ ਹੋਇਆ ਪਿਆ ਹੈ। ਧੁੰਦ ਦਾ ਅਸਰ ਵਧਣ ਕਾਰਨ ਲੋਕਾਂ ਨੂੰ ਕਾਫ਼ੀ ਪਰੇਸ਼ਾਨੀ ਹੋ ਰਹੀ ਹੈ। ਉੱਤਰ-ਪੱਛਮ ਵੱਲੋਂ ਆ ਰਹੀਆਂ ਹਵਾਵਾਂ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਸਵੇਰੇ ਸੱਤ ਵਜੇ ਤੱਕ ਦ੍ਰਿਸ਼ਤਾ ਦੀ ਸਮਰੱਥਾ ਘੱਟ ਹੋ ਰਹੀ ਹੈ। ਇਸ ਦੇ ਅਸਰ ਨਾਲ ਸੂਬੇ ਦੇ 10 ਸ਼ਹਿਰਾਂ ਵਿਚ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) ਦਾ ਪੱਧਰ ਵਿਗੜ ਗਿਆ ਹੈ। ਇਹ ਐੱਨਸੀਆਰ ਵਿਚ ਸ਼ਾਮਲ ਸੂਬੇ ਦੇ ਭਿਵਾੜੀ ‘ਚ 383, ਜੈਪੁਰ ਦੇ ਸਿਤਾਪੁਰਾ ਇਲਾਕੇ ਵਿਚ 343 ਅਤੇ ਟੋਂਕ ਵਿਚ 311 ਤੱਕ ਪਹੁੰਚ ਗਿਆ ਹੈ। ਨਾਲ ਹੀ ਕੋਟਾ, ਸੀਕਰ, ਅਲਵਰ, ਚੁਰੂ, ਜੈਸਲਮੇਰ, ਜੋਧਪੁਰ, ਕਰੌਲੀ, ਨਾਗੌਰ, ਸਵਾਈ ਮਾਧੋਪੁਰ ਤੇ ਸ਼੍ਰੀਗੰਗਾਨਗਰ ਵਿਚ ਏਕਿਊਆਈ ਦਾ ਪੱਧਰ 200 ਤੋਂ ਵੱਧ ਦਰਜ ਕੀਤਾ ਗਿਆ ਹੈ।



# ਅਮਨਦੀਪ ਕੌਰ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਵਿਰੁੱਧ ਆਵਾਜ਼ ਬੁਲੰਦ ਕਰੋ: ਜਮਹੂਰੀ ਅਧਿਕਾਰ ਸਭਾ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਸੂਬਾ ਕਮੇਟੀ ਮੈਂਬਰ ਐਡਵੋਕੇਟ ਅਮਨਦੀਪ ਕੌਰ ਨੂੰ ਅਗਿਆਤ ਫੋਨ ਤੋਂ ਧਮਕੀਆਂ ਦੇਣ,ਆਰ.ਐਸ.ਐਸ. ਦੀ ਨਿੰਦਿਆਂ ਨਾ ਕਰਨ, ਗਾਲਾਂ ਕੱਢਣ, ਪਾਕਿਸਤਾਨ ਦੇ ਏਜੰਟ ਗਰਦਾਨਣ ਅਤੇ ਦੇਸ ਛੱਡ ਜਾਣ ਦਾ ਫਰਮਾਨ ਸੁਣਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਸਭਾ ਵੱਲੋਂ ਇਸ ਨੂੰ ਵਿਚਾਰ ਪ੍ਰਗਟਾਵੇ ਦੇ ਅਧਿਕਾਰ, ਔਰਤਾਂ ਦੇ ਸਵੈਮਾਨ ਉਪਰ ਹਮਲੇ ਵਜੋਂ ਲਿਆ ਹੈ ਅਤੇ ਸੰਘੀ ਗੁੰਡੀਗਰਦੀ ਕਰਾਰ ਦਿੱਤਾ ਹੈ। ਜਮਹੂਰੀ ਅਤੇ ਜਨਤਕ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਇਸ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ

**ਸਭਾ ਦੇ ਪ੍ਰਧਾਨ ਪ੍ਰੋ ਜਗੋਮਹਨ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਬਿਆਨ ਜਾਰੀ ਕਰਦਿਆ ਦੱਸਿਆ ਕਿ ਐਡਵੋਕੇਟ ਅਮਨਦੀਪ ਕੌਰ ਨੇ ਪਿਛਲੇ ਦਿਨੀ ਕੇਂਦਰ ਸਰਕਾਰ ਵੱਲੋਂ ਇੱਕ ਨੋਟੀਫੀਕੇਸ਼ਨ ਰਾਹੀ ਪੰਜਾਬ ਯੂਨਵਿਰਸਿਟੀ ਦੀ ਸੈਨੇਟ ਨੂੰ ਭੰਗ ਕਰਨ ਦੇ ਸੰਬੰਧ ਵਿੱਚ ਕੇਂਦਰ ਸਰਕਾਰ ਦੇ ਮਨਸੂਬਿਆਂ ਬਾਰੇ ਅਤੇ ਪੰਜਾਬ ਯੂਨੀਵਰਸਸਿਟੀ ਚੰਡੀਗੜ ਦੇ ਇਤਿਹਾਸ ਬਾਰੇ ਅਤੇ ਵਿਦਿਆਰਥੀ ਅੰਦੋਲਨ ਬਾਰੇ ਭਰਭੂਰ ਜਾਣਕਾਰੀ ਦਿੰਦੀਆਂ ਵੀਡੀਓ ਜਾਰੀ ਕੀਤੀਆਂ ਸਨ।**

ਸਭਾ ਦੇ ਪ੍ਰਧਾਨ ਪ੍ਰੋ ਜਗੋਮਹਨ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਬਿਆਨ ਜਾਰੀ ਕਰਦਿਆ ਦੱਸਿਆ ਕਿ ਐਡਵੋਕੇਟ ਅਮਨਦੀਪ ਕੌਰ ਨੇ ਪਿਛਲੇ ਦਿਨੀ ਕੇਂਦਰ ਸਰਕਾਰ ਵੱਲੋਂ ਇੱਕ ਨੋਟੀਫੀਕੇਸ਼ਨ ਰਾਹੀ ਪੰਜਾਬ ਯੂਨਵਿਰਸਿਟੀ ਦੀ ਸੈਨੇਟ ਨੂੰ ਭੰਗ ਕਰਨ ਦੇ ਸੰਬੰਧ ਵਿੱਚ ਕੇਂਦਰ ਸਰਕਾਰ ਦੇ ਮਨਸੂਬਿਆਂ ਬਾਰੇ ਅਤੇ ਪੰਜਾਬ ਯੂਨੀਵਰਸਸਿਟੀ ਚੰਡੀਗੜ ਦੇ ਇਤਿਹਾਸ ਬਾਰੇ ਅਤੇ ਵਿਦਿਆਰਥੀ ਅੰਦੋਲਨ ਬਾਰੇ ਭਰਭੂਰ ਜਾਣਕਾਰੀ ਦਿੰਦੀਆਂ ਵੀਡੀਓ ਜਾਰੀ ਕੀਤੀਆਂ ਸਨ। ਵੀਡੀਓ ਅੰਦਰ ਦਿੱਤੀ ਜਾਣਕਾਰੀ ਪੰਜਾਬ ਯੂਨੀਵਰਸਿਟੀ ਨਾਲ ਨੇੜਿਓ ਜੁੜੇ ਸੰਘਰਸ਼ੀ ਵਿਦਿਆਰਥੀਆਂ ਅਤੇ ਪੰਜਾਬ ਦੇ ਲੋਕਾਂ ਲਈ ਬਹੁਤ ਅਹਿਮ ਸੀ ਜਿਹੜੀ ਕੇਂਦਰ ਦੀ ਭਾਜਪਾ ਸਰਕਾਰ ਨੂੰ ਕਿਸੇ ਤਰ੍ਹਾਂ ਵੀ ਹਾਜ਼ਮ ਹੋਣ ਵਾਲੀ ਨਹੀਂ ਹੈ। ਐਡਵੋਕੇਟ ਅਮਨਦੀਪ ਕੌਰ ਨੇ ਇਸ ਸਬੰਧੀ ਬਾਰ ਐਸੋਸੀਏਸ਼ਨ ਚੰਡੀਗੜ੍ਹ ਨੂੰ ਸੂਚਿਤ ਕਰਨ ਤੋਂ ਇਲਾਵਾ ਐਸ ਐਸ ਪੀ ਚੰਡੀਗੜ੍ਹ ਨੂੰ ਸ਼ਿਕਾਇੰਤ ਮੇਲ ਕੀਤੀ ਹੈ ਪਰ ਪੁਲਿਸ ਪ੍ਰਸਾਸ਼ਨ ਚੰਡੀਗੜ੍ਹ ਅਜੇ ਤੱਕ ਕਿਸੇ ਅਗਿਆਤ ਨੰਬਰ ਰਾਹੀਂ ਇਹ ਕਾਰਵਾਈ ਕਰਨ ਵਾਲੇ ਵਿਅਕਤੀ ਖਿਲਾਫ ਕੋਈ ਕਾਰਵਾਈ ਨਹੀ ਕੀਤੀ। ਜਮਹੂਰੀ ਅਧਿਕਾਰ ਸਭਾ ਚੰਡੀਗੜ੍ਹ ਪ੍ਰਸ਼ਾਸ਼ਨ ਤੋ ਮੰਗ ਕਰਦੀ ਹੈ ਕਿ ਪ੍ਰਸ਼ਾਸ਼ਨ ਅਜਿਹੇ ਜਮਹੂਰੀਅਤ ਵਿਰੋਧੀ ਅਨਸਰਾਂ ਖਿਲਾਫ ਤੁਰੰਤ ਕਾਰਵਾਈ ਕਰੇ। ਸੂਬਾ ਕਮੇਟੀ ਨੇ ਸਭਾ ਦੀਆਂ ਇਕਾਈਆਂ ਨੂੰ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਾਥ ਨਾਲ ਜਨਤਕ ਵਫਦ ਰਾਹੀ ਮੰਗ ਪੱਤਰ ਦੇ ਕੇ ਸੰਘੀ ਗੁੰਡਾਗਰਦੀ ਖਿਲਾਫ ਆਵਾਜ ਉਠਾਉਣ ਦਾ ਸੱਦਾ ਦਿੱਤਾ ਹੈ।

# ਪੰਜਾਬ ਟਾਈਮਜ਼

*29 ਨਵੰਬਰ, ਸ਼ਨਿਚਰਵਾਰ*

## ਲੈ ਕੇ ਰਹਾਂਗੇ ਚੰਡੀਗੜ੍ਹ

*ਕੇਂਦਰ ਸਰਕਾਰ ਨੇ ਚੰਡੀਗੜ੍ਹ ਦੇ ਮਸਲੇ ਨੂੰ ਇਕ ਵਾਰ ਫੇਰ ਉਭਾਰ ਕੇ ਪੰਜਾਬ ਵਿੱਚ ਉਬਾਲ ਲੈ ਆਂਦਾ ਹੈ। ਸਾਲ 1966 ਵਿਚ ਪੰਜਾਬ ਪੁਨਰ ਗਠਨ ਐਕਟ ਦੇ ਸਮੇਂ ਕੇਂਦਰ ਵਿਚਲੀ ਕਾਂਗਰਸ ਸਰਕਾਰ ਨੇ ਪੰਜਾਬ ਨਾਲ ਵੱਡਾ ਧੱਕਾ ਕਰਦਿਆਂ ਇਸ ਦੀ ਰਾਜਧਾਨੀ ਚੰਡੀਗੜ੍ਹ ਇਸ ਨੂੰ ਨਾ ਦੇ ਕੇ ਵੱਡਾ ਗੁਨਾਹ ਕੀਤਾ ਸੀ।ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਆਜ਼ਾਦੀ ਸਮੇਂ 1947 ਵਿਚ ਦੇਸ਼ ਦੀ ਵੰਡ ਨੂੰ ਅੱਖੀਂ ਦੇਖਿਆ ਸੀ ਅਤੇ ਇਸ ਤੋਂ ਉੱਭਰੇ ਦਰਦ ਨੂੰ ਉਨ੍ਹਾਂ ਖੁਦ ਹੰਢਾਇਆ ਅਤੇ ਮਹਿਸੂਸ ਵੀ ਕੀਤਾ ਸੀ। ਉਨ੍ਹਾਂ ਨੂੰ ਇਹ ਪੂਰਾ ਅਹਿਸਾਸ ਸੀ ਕਿ ਇਸ ਵੰਡ ਸਮੇਂ ਵਿਸ਼ਾਲ ਧਰਤੀ ਵਾਲੇ ਖ਼ੁਸ਼ਹਾਲ ਅਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਹਿੱਸਾ ਪਾਉਣ ਵਾਲੇ ਪੰਜਾਬ ਦਾ ਬੇਹੱਦ ਨੁਕਸਾਨ ਹੋਇਆ ਸੀ । ਲੱਖਾਂ ਲੋਕ ਇਸ ਦੁਖਾਂਤ ਵਿਚ ਮਾਰੇ ਗਏ ਸਨ। ਲੱਖਾਂ ਪਰਿਵਾਰ ਸ਼ਰਨਾਰਥੀ ਬਣ ਕੇ ਨਵੇਂ ਬਣ ਰਹੇ ਪਾਕਿਸਤਾਨ ਤੋਂ ਭਾਰਤ ਦੀ ਸਰਹੱਦ ਪਾਰ ਕਰ ਕੇ ਆਏ ਸਨ। ਇਸੇ ਅਹਿਸਾਸ ਕਰਕੇ ਉਨ੍ਹਾਂ ਨੇ ਪੰਜਾਬ ਦੀ ਪੁਨਰ ਉਸਾਰੀ ਲਈ ਭਾਖੜਾ ਡੈਮ ਬਣਾਉਣ ਦੀ ਯੋਜਨਾ ਵਿਚ ਆਪਣਾ ਅਹਿਮ ਹਿੱਸਾ ਪਾਇਆ ਸੀ । ਇਸ ਦੇ ਨਾਲ ਹੀ ਉਨ੍ਹਾਂ ਨੂੰ ਅਹਿਸਾਸ ਸੀ ਕਿ ਸਾਂਝੇ ਪੰਜਾਬ ਦਾ ਸਦੀਆਂ ਤੋਂ ਇਤਿਹਾਸਕ ਰਿਹਾ ਸ਼ਹਿਰ ਲਾਹੌਰ ਇਧਰਲੇ ਪੰਜਾਬ ਤੋਂ ਖ਼ੁਸ ਗਿਆ ਹੈ। ਉਨ੍ਹਾਂ ਨੇ ਇਸੇ ਕਾਰਨ ਲਾਹੌਰ ਦੇ ਬਦਲੇ ਪੰਜਾਬ ਨੂੰ ਚੰਡੀਗੜ੍ਹ ਦੇ ਰੂਪ ਵਿਚ ਰਾਜਧਾਨੀ ਬਣਾ ਕੇ ਦੇਣ ਲਈ ਵੀ ਅਹਿਮ ਯੋਗਦਾਨ ਪਾਇਆ ਸੀ। ਪੰਜਾਬ ਵਿਚ ਪਹਿਲਾਂ 1947 ਵਿਚ ਇਸ ਦੀ ਰਾਜਧਾਨੀ ਸ਼ਿਮਲਾ ਨੂੰ ਬਣਾਇਆ ਗਿਆ ਅਤੇ ਉਸ ਤੋਂ ਬਾਅਦ ਯੋਜਨਾਬੱਧ ਢੰਗ ਨਾਲ ਤਿਆਰ ਕੀਤੇ ਗਏ ਚੰਡੀਗੜ੍ਹ ਨੂੰ 21 ਸਤੰਬਰ, 1953 ਨੂੰ ਪੰਜਾਬ ਦੀ ਰਾਜਧਾਨੀ ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਤੋਂ ਬਾਅਦ ਪੰਜਾਬ ਪੁਨਰਗਠਨ ਐਕਟ 1966 ਵਿਚ ਚੰਡੀਗੜ੍ਹ ਨੂੰ ਉਸ ਸਮੇਂ ਦੀ ਕੇਂਦਰ ਦੀ ਕਾਂਗਰਸ ਸਰਕਾਰ ਨੇ ਕੇਂਦਰੀ ਪ੍ਰਸ਼ਾਸਿਤ ਇਲਾਕਾ ਬਣਾ ਦਿੱਤਾ, ਜੋ ਪੰਜਾਬ ਨਾਲ ਸਰਾਸਰ ਵੱਡੀ ਬੇਇਨਸਾਫ਼ੀ ਸੀ।ਚੰਡੀਗੜ੍ਹ ਦੀ ਉਸਾਰੀ ਪੰਜਾਬ ਦੇ ਪੁਆਧ ਦੇ ਇਲਾਕੇ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਕੀਤੀ ਗਈ ਸੀ। ਇਨ੍ਹਾਂ ਪੰਜਾਬੀ ਪਿੰਡਾਂ ਦਾ ਉਜਾੜਾ ਇਕ ਵੱਖਰੀ ਦੁਖਾਂਤ ਭਰੀ ਦਾਸਤਾਨ ਹੈ। ਪਹਿਲਾਂ ਚੰਡੀਗੜ੍ਹ ਨੂੰ ਵੱਖਰੀ ਪ੍ਰਸ਼ਾਸਨਿਕ ਇਕਾਈ ਐਲਾਨ ਕੇ ਇੱਥੇ ਕੇਂਦਰ ਵਲੋਂ ਆਪਣਾ ਮੁੱਖ ਪ੍ਰਬੰਧਕ ਲਗਾਇਆ ਗਿਆ ਸੀ, ਪਰ ਸਾਲ 1984 ਵਿਚ ਇਸ ਨੂੰ ਬਦਲ ਨੇ ਗਵਰਨਰ ਪੰਜਾਬ ਨੂੰ ਹੀ ਇਸ ਦਾ ਪ੍ਰਬੰਧਕ ਬਣਾ ਦਿੱਤਾ ਗਿਆ। ਇਸ ਤੋਂ ਪਹਿਲਾਂ ਚੰਡੀਗੜ੍ਹ ਦੀ ਪ੍ਰਾਪਤੀ ਲਈ ਪੰਜਾਬ ਵਲੋਂ ਕੀਤੇ ਜਾ ਰਹੇ ਲਗਾਤਾਰ ਸੰਘਰਸ਼ ਕਾਰਨ ਕੇਂਦਰ ਸਰਕਾਰ ਨੇ ਸਾਲ 1985 ਵਿਚ ਸਿਧਾਂਤਕ ਤੌਰ 'ਤੇ ਚੰਡੀਗੜ੍ਹ ਨੂੰ ਪੰਜਾਬ ਵਿਚ ਤਬਦੀਲ ਕਰਨ ਦਾ ਫ਼ੈਸਲਾ ਲੈ ਲਿਆ ਸੀ, ਪਰ ਬਾਅਦ ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸੰਤ ਲੌਂਗੋਵਾਲ ਨਾਲ ਕੀਤੇ ਆਪਣੇ ਲਿਖਤੀ ਸਮਝੌਤੇ ਤੋਂ ਵੀ ਪਿੱਛੇ ਹਟ ਗਏ। ਹੁਣ 10 ਸਾਲ ਤੋਂ ਵਧੇਰੇ ਸਮੇਂ ਤੋਂ ਕੇਂਦਰ ਵਿਚ ਮੁੱਖ ਤੌਰ 'ਤੇ ਭਾਜਪਾ ਸਰਕਾਰ ਕਾਇਮ ਹੈ। ਇਸ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਮੇਂ-ਸਮੇਂ ਯੋਜਨਾਵਾਂ ਬਣਾ ਕੇ ਚੰਡੀਗੜ੍ਹ ਦੇ ਸਰੂਪ ਨੂੰ ਅਜਿਹਾ ਬਣਾਉਣ ਦਾ ਯਤਨ ਕੀਤਾ ਤਾਂ ਜੋ ਆਉਣ ਵਾਲੇ ਸਮੇਂ ਵਿਚ ਇਸ ਸ਼ਹਿਰ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਗੱਲ ਦਾ ਰੇੜਕਾ ਹੀ ਮੁਕਾ ਦਿੱਤਾ ਜਾਏ। ਉਨ੍ਹਾਂ ਨੇ ਇਸ ਵਿਚ ਪ੍ਰਸ਼ਾਸਕੀ ਫੇਰਬਦਲ ਕਰਦਿਆਂ ਪੰਜਾਬ ਅਤੇ ਹਰਿਆਣਾ ਦੇ ਅਫ਼ਸਰਾਂ ਦੇ ਅਨੁਪਾਤ ਨੂੰ ਲਗਭਗ ਬਦਲ ਕੇ ਕੇਂਦਰੀ ਅਫ਼ਸਰਾਂ ਨੂੰ ਇੱਥੇ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ, ਤਾਂ ਜੋ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰ ਨੂੰ ਕਮਜ਼ੋਰ ਕਰ ਦਿੱਤਾ ਜਾਏ ਅਤੇ ਇਸ ਦੇ ਪ੍ਰਸ਼ਾਸਨਿਕ ਸਰੂਪ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਜਾਏ। ਉਸ ਤੋਂ ਬਾਅਦ ਹਰਿਆਣਾ ਵਿਚ ਭਾਜਪਾ ਦੇ ਇਸ਼ਾਰੇ 'ਤੇ ਕੇਂਦਰੀ ਗ੍ਰਹਿ ਮੰਤਰੀ ਨੇ ਚੰਡੀਗੜ੍ਹ ਵਿਚ ਹਰਿਆਣੇ ਨੂੰ ਵੱਖਰਾ ਸਕੱਤਰੇਤ ਬਣਾਉਣ ਲਈ ਜ਼ਮੀਨ ਦੇਣ ਦੀ ਵੀ ਇਜਾਜ਼ਤ ਦੇ ਦਿੱਤੀ।ਇਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚਲਾਉਣ ਵਾਲੀਆਂ ਸੰਸਥਾਵਾਂ ਸੈਨੇਟ ਅਤੇ ਸਿੰਡੀਕੇਟ ਦੇ ਗਠਨ ਵਿਚ ਵੱਡੀਆਂ ਤਬਦੀਲੀਆਂ ਕਰਕੇ ਪੰਜਾਬ ਸਰਕਾਰ ਨੂੰ ਇਕ ਤਰ੍ਹਾਂ ਨਾਲ ਯੂਨੀਵਰਸਿਟੀ 'ਚੋਂ ਮਨਫ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕਾਨੂੰਨ ਵਿਚ ਸੋਧ ਕਰਕੇ ਚੰਡੀਗੜ੍ਹ ਨੂੰ ਦੂਸਰੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਾਂਗ ਇਸ 'ਤੇ ਸਿੱਧਾ ਕਬਜ਼ਾ ਕਰਨ ਲਈ ਸੰਸਦ ਵਿਚ ਸੋਧ ਬਿੱਲ ਲਿਆਉਣ ਦੀਆਂ ਤਿਆਰੀਆਂ ਵਿੱਢੀਆਂ ਗਈਆਂ ਹਨ। ਅਜਿਹੇ ਦ੍ਰਿਸ਼ਾਂ ਵਿਚ ਪੰਜਾਬੀਆਂ ਦਾ ਕੇਂਦਰ ਪ੍ਰਤੀ ਕ੍ਰੋਧਵਾਨ ਹੋਣਾ ਕੁਦਰਤੀ ਹੈ। ਇਸ ਸੰਬੰਧੀ ਪੰਜਾਬ ਸਰਕਾਰ ਸਮੇਤ ਲਗਭਗ ਸਾਰੀਆਂ ਹੀ ਪਾਰਟੀਆਂ ਵਲੋਂ ਕੇਂਦਰ ਵਲੋਂ ਕੀਤੀ ਜਾਣ ਵਾਲੀ ਇਸ ਸੰਭਾਵੀ ਜ਼ਿਆਦਤੀ ਬਾਰੇ ਸਖ਼ਤ ਪ੍ਰਤੀਕਰਮ ਪ੍ਰਗਟਾਇਆ ਗਿਆ ਹੈ।*

*ਪੰਜਾਬ ਵਿਚ ਸਖ਼ਤ ਪ੍ਰਤੀਕਰਮ ਨੂੰ ਦੇਖਦਿਆਂ ਚਾਹੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਆਉਂਦੇ ਸਰਦ ਰੁੱਤ ਦੇ ਸੈਸ਼ਨ ਵਿਚ ਅਜਿਹਾ ਬਿੱਲ ਲਿਆਉਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਗ੍ਰਹਿ ਮੰਤਰਾਲੇ ਦੀ ਸ਼ਬਦਾਵਲੀ ਤੋਂ ਇਹ ਜ਼ਰੂਰ ਸਪੱਸ਼ਟ ਹੁੰਦਾ ਹੈ ਕਿ ਕੇਂਦਰ ਵਲੋਂ ਇਸ ਮਾਮਲੇ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦਾ ਐਲਾਨ ਨਹੀਂ ਕੀਤਾ ਗਿਆ।*

*ਜੇਕਰ ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਵਤੀਰਾ ਏਹੀ ਰਿਹਾ ਤਾਂ ਪੰਜਾਬੀਆਂ ਦਾ ਰੋਸ ਅਤੇ ਗਿਲਾ ਵੀ ਉਸੇ ਤਰ੍ਹਾਂ ਬਣਿਆ ਰਹੇਗਾ, ਕਿਉਂਕਿ ਚੰਡੀਗੜ੍ਹ 'ਤੇ ਹਰ ਪੱਖ ਤੋਂ ਪੰਜਾਬ ਦਾ ਹੱਕ ਹੈ ਅਤੇ ਇਹ ਹੱਕ ਲੈਣ ਲਈ ਪੰਜਾਬ ਸਖ਼ਤ ਤੋਂ ਸਖ਼ਤ ਲੜਾਈ ਲੜਨ ਲਈ ਤਿਆਰ ਬੈਠਾ ਹੈ।*

*ਇਸ ਵੇਲੇ ਹਰ ਪੰਜਾਬੀ ਦੀ ਜ਼ੁਬਾਨ ਤੇ ਇਕ ਵਾਰ ਫੇਰ ਇਹੀ ਸ਼ਬਦ ਹਨ ਕਿ "ਖਿੜਿਆ ਫੁੱਲ ਗ਼ੁਲਾਬ ਦਾ ਚੰਡੀਗੜ੍ਹ ਪੰਜਾਬ ਦਾ"। ਕੁਝ ਵੀ ਹੋਵੇ ਪੰਜਾਬੀ ਚੰਡੀਗੜ੍ਹ ਉੱਤੇ ਆਪਣਾ ਹੱਕ ਛੱਡ ਲਈ ਕਦਾਚਿੱਤ ਤਿਆਰ ਨਹੀਂ ਹਨ।*

*ਕੇਂਦਰ ਸਰਕਾਰ ਲਈ ਪੰਜਾਬ ਦੀ ਇਸ ਭਾਵਨਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਲੰਬੀ ਛੁੱਟੀ ਜਥੇਦਾਰਾਂ ਦੀ

*ਕਿਸੇ ਵੇਲੇ 'ਸ਼੍ਰੋਮਣੀ' ਵਾਕਿਆ ਈ ਸੀ, ਸੰਸਥਾ ਪੰਥ ਦੀ ਹੁਣ ਗੁਲਾਮ ਭਾਈ।*
*ਅਹੁਦੇਦਾਰ ਬਣਾਉਂਦੇ ਹਰ ਸਾਲ ਜਿਹੜੇ, ਕਰਦੇ 'ਮਾਲਕ' ਦੇ ਤਾਈਂ ਸਲਾਮ ਭਾਈ।*
*ਪੰਥਕ ਫਲਸਫਾ ਅਤੇ 'ਰਵਾਇਤ' ਛੱਡੀ, ਐਸੀ ਕਲਾ ਵਰਤਾਉਂਦਾ ਹੈ 'ਦਾਮ' ਭਾਈ।*
*ਪਿਛਲੇ ਸਾਲ ਜੋ ਹੋਇਆ 'ਫਸੀਲ' ਉੱਤੇ, 'ਫੂਲਾ ਸਿੰਘ ਅਕਾਲੀ' ਦੇ 'ਨਾਮ' ਭਾਈ।*
*ਜਿਹੜੇ 'ਉੱਪਰਲੇ ਹੁਕਮਾਂ' ਤੋਂ ਹੋਏ ਆਕੀ, 'ਜਥੇਦਾਰ' ਝੱਟ ਬਦਲ ਕੇ 'ਹੋਰ' ਦਿੱਤੇ।*
*ਦੋ ਦਸੰਬਰ ਨੂੰ ਜਿਹੜੇ ਸੀ 'ਸਿੰਘ ਸਾਹਿਬ', 'ਲੰਬੀ ਛੁੱਟੀ' 'ਤੇ ਰਹਿੰਦੇ ਵੀ ਤੋਰ ਦਿੱਤੇ !*

# ਬਾ-ਮੁਲਾਹਿਜ਼ਾ ਹੋਸ਼ਿਆਰ - ਇਨਸਾਫ਼ ਦੀ ਬੰਦ ਗਲੀ



ਦੇਸ਼ ਭਾਰਤ ਵਿੱਚ ਕਾਨੂੰਨ ਜਿਤਨੇ ਸਖ਼ਤ ਹੋ ਰਹੇ ਹਨ, ਉਨ੍ਹਾਂ ਦੀ ਦੁਰਵਰਤੋਂ ਉਤਨੀ ਹੀ ਵਧਦੀ ਜਾ ਰਹੀ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਸਾਡੇ ਨਿਆਂ-ਤੰਤਰ ਵਿੱਚ ਜਾਤ, ਧਰਮ ਦੇਖਕੇ ਜੇਲ੍ਹ ਅਤੇ ਜ਼ਮਾਨਤ ਦਾ ਫ਼ੈਸਲਾ ਹੁੰਦਾ ਜਾਪਦਾ ਹੈ-ਸਬੂਤ ਦੇਖਕੇ ਨਹੀਂ।

ਸਾਡੀਆਂ ਜੇਲ੍ਹਾਂ ਵਿੱਚ ਸਭ ਤੋਂ ਜ਼ਿਆਦਾ ਦੇਸ਼ ਦੇ ਗ਼ਰੀਬ ਲੋਕ ਸੜ ਰਹੇ ਹਨ। ਜੇਕਰ ਉਨ੍ਹਾਂ ਦੀ ਧਾਰਮਿਕ ਪਛਾਣ ਕੀਤੀ ਜਾਵੇ ਤਾਂ ਉਹ ਇਹ ਦੱਸਦੀ ਹੈ ਕਿ ਦੇਸ਼ ਦੇ ਦਲਿਤ, ਆਦਿਵਾਸੀ ਅਤੇ ਮੁਸਲਮਾਨਾਂ ਦੀ ਜੇਲ੍ਹਾਂ ਅੰਦਰ ਸਭ ਤੋਂ ਜ਼ਿਆਦਾ ਆਬਾਦੀ ਹੈ। ਇਹਨਾਂ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ 'ਵਿਚਾਰਿਆਂ' ਦੀ ਹੈ, ਜਿਹਨਾਂ ਦੇ ਮਾਮਲੇ ਵਰ੍ਹਿਆਂ ਤੋਂ ਨਹੀਂ, ਦਹਾਕਿਆਂ ਤੋਂ ਵਿਚਾਰ ਅਧੀਨ ਹੈ।

ਿਕ ੳੁ ਂ ਿਕ ਇਨਸਾਫ਼ ਲੈਣਾ ਸੌਖਾ ਨਹੀਂ ਹੈ। ਦਰਅਸਲ ਇਸ ਦੇਸ਼ ਦੇ ਗ਼ਰੀਬ ਆਦਮੀ ਦੇ ਲਈ ਇਨਸਾਫ਼ ਪਾਉਣਾ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਲਗਾਤਾਰ ਅਸੰਭਵ ਹੁੰਦਾ ਜਾ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਪੁਲਿਸ ਕੇਸ ਹੀ ਦਰਜ਼ ਨਹੀਂ ਕਰਦੀ, ਦਰਜ਼ ਹੋ ਗਿਆ ਤਾਂ ਠੀਕ ਢੰਗ ਨਾਲ ਜਾਂਚ ਨਹੀਂ ਹੁੰਦੀ, ਜੇਕਰ ਮਾਮਲਾ ਅਦਾਲਤ ਵਿੱਚ ਪੁੱਜ ਗਿਆ ਤਾਂ ਗ਼ਰੀਬ ਨੂੰ ਚੰਗੇ ਵਕੀਲ ਨਹੀਂ ਮਿਲਦੇ। ਕੀ ਇਹ ਸੱਚ ਨਹੀਂ ਕਿ ਦੇਸ਼ ਦੇ ਸਭ ਤੋਂ ਅੱਛੇ ਵਕੀਲ ਸਭ ਤੋਂ ਮੋਟੇ ਪੈਸੇ ਵਾਲੇ ਅਪਰਾਧੀਆਂ ਦੇ ਬਚਾ ਵਿੱਚ ਹੀ ਰੁਝੇ ਰਹਿੰਦੇ ਹਨ। ਇਹ ਜਾਣਕਾਰੀ ਆਮ ਹੈ ਕਿ ਵਕੀਲ ਇੱਕ-ਇੱਕ ਪੇਸ਼ੀ ਲਈ 25 ਤੋਂ 50 ਲੱਖ ਰੁਪਏ ਤੱਕ ਲੈ ਲੈਂਦੇ ਹਨ। ਇਤਨੇ ਪੈਸਿਆਂ ਨਾਲ ਨਿਆਂ ਹੋ ਨਹੀਂ ਸਕਦਾ, ਖਰੀਦਿਆ ਜਾਂ ਵੇਚਿਆ ਜਾ ਸਕਦਾ ਹੈ।

ਜੇਕਰ ਵੱਡੇ ਵਕੀਲਾਂ ਦੀ ਗੱਲ ਛੱਡ ਵੀ ਦੇਈਏ ਤਾਂ ਵੀ ਦੇਸ਼ ਦੀਆਂ ਕਚਿਹਰੀਆਂ ਅਤੇ ਜੇਲ੍ਹਾਂ ਸ਼ਾਇਦ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁੱਕੀਆਂ ਹਨ। ਤਾਰੀਖ਼- ਦਰ-ਤਾਰੀਖ਼ ਵਕੀਲਾਂ ਦੇ ਮੁਨਸ਼ੀ, ਵਕੀਲ, ਆਪਣੇ ਮੁਵੱਕਲਾਂ ਦੀਆਂ ਜੇਬਾਂ ਫੋਲਦੇ ਹਨ।

ਆਓ, ਦੇਸ਼ ਵਿੱਚ ਵਾਪਰੀ 20 ਸਾਲ ਪਹਿਲਾਂ ਦੀ ਇੱਕ ਘਟਨਾ ਤੇ ਵਿਚਾਰ ਕਰੀਏ। ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਨਜ਼ਦੀਕ ਇੱਕ ਪਿੰਡ ਨਿਠਾਰੀ ਦੀ ਉਸ ਘਟਨਾ ਦੀ ਜਿੱਥੇ 17 ਬੱਚਿਆਂ ਦੇ ਪਿੰਜਰ ਮਿਲੇ ਸਨ। ਬੱਚਿਆਂ ਦੇ ਮਾਪੇ ਪੁਲਿਸ ਕੋਲ ਸ਼ਕਾਇਤਾਂ ਕਰਦੇ ਰਹੇ, ਪੁਲਿਸ ਮਖੌਲ ਉਡਾਉਂਦੀ ਰਹੀ ਅਤੇ ਅਪਰਾਧਿਕ ਲਾਪਰਵਾਹੀ ਵਰਤਦੀ ਰਹੀ। ਜਦ ਮਾਮਲਾ ਸੁਰਖੀਆਂ ਵਿੱਚ ਆਇਆ ਤਾਂ ਅਚਾਨਕ ਨਿਆਂਤੰਤਰ ਨੇ ਤੇਜ਼ੀ ਫੜੀ। ਇੱਕ ਬੰਗਲੇ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸਦਾ ਨੌਕਰ ਸੁਰਿੰਦਰ ਕੌਲੀ ਫੜੇ ਗਏ। ਇਹ ਦੱਸਿਆ ਗਿਆ ਕਿ ਉਸਦੇ ਖਿਲਾਫ਼ ਕਈ ਸਬੂਤ ਮਿਲ ਚੁੱਕੇ ਹਨ। ਲੇਕਿਨ ਪਹਿਲਾਂ ਮਨਿੰਦਰ ਪੰਧੇਰ ਸਾਰੇ ਮਾਮਲਿਆਂ 'ਚ ਬਰੀ ਹੋ ਗਿਆ ਅਤੇ ਉਸਦੇ ਬਾਅਦ ਪਿਛਲੇ ਹਫ਼ਤੇ ਸੁਰਿੰਦਰ ਕੌਲੀ ਵੀ ਛੁੱਟ ਗਿਆ।

ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕਿਸੇ ਸਿਆਸੀ ਨੇਤਾ, ਮੰਤਰੀ, ਸੰਤਰੀ ਜਾਂ ਉਨ੍ਹਾਂ ਦੇ ਅਹਿਲਕਾਰਾਂ, ਕਰਿੰਦਿਆਂ ਜਾਂ ਦੇਸ਼ ਦੇ ਵੱਡੇ ਹਾਕਮ ਨੂੰ ਇਨਸਾਫ਼ ਦਾ ਕੋਈ ਖਿਆਲ ਹੀ ਨਹੀਂ ਆਇਆ। ਅਖ਼ਬਾਰਾਂ ਦੇ ਪੰਨਿਆਂ ਅਤੇ ਟੀਵੀ ਚੈਨਲਾਂ 'ਤੇ ਇਹ ਅਪਰਾਧ-ਕਥਾ ਦੇਖਣ ਨੂੰ ਮਿਲੀ ਅਤੇ ਦੱਸਿਆ ਗਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕਿਸ ਅਧਾਰ ਉੱਤੇ ਉਨ੍ਹਾਂ ਨੂੰ ਬਰੀ ਕੀਤਾ।

ਸੁਪਰੀਮ ਕੋਰਟ ਦੇ ਆਪਣੇ ਅਧਾਰ ਹੋਣਗੇ, ਉਨ੍ਹਾਂ ਦਾ ਆਪਣਾ ਪੈਮਾਨਾ ਹੋਏਗਾ ਅਪਰਾਧੀਆਂ ਨੂੰ ਪਰਖਣ ਦਾ, ਲੇਕਿਨ ਸਵਾਲ ਹੈ ਕਿ ਇਹਨਾਂ ਬੱਚਿਆਂ ਨੂੰ ਕਿਸੇ ਨੇ ਤਾਂ ਮਾਰਿਆ ਹੀ ਹੋਏਗਾ। ਉਨ੍ਹਾਂ ਦੇ ਕੰਗਾਲ ਅਤੇ ਨਾਲੀਆਂ 'ਚ ਰੁਲਦੇ ਲੋਥ ਦੇ ਟੁੱਕੜਿਆਂ ਦਾ ਕੋਈ ਤਾਂ ਜ਼ੁੰਮੇਵਾਰ ਹੋਏਗਾ। ਜਿਹਨਾਂ ਨੂੰ ਫੜਿਆ ਗਿਆ, ਉਨ੍ਹਾਂ ਦਾ ਅਪਰਾਧ ਸਾਬਤ ਕਿਉਂ ਨਹੀਂ ਕੀਤਾ ਜਾ ਸਕਿਆ? ਸੁਰਿੰਦਰ ਕੌਲੀ 19 ਵਰ੍ਹੇ ਜੇਲ੍ਹ 'ਚ ਰਿਹਾ, ਜੇਕਰ ਉਹ ਬੇਗੁਨਾਹ ਸੀ ਤਾਂ ਉਸਦੇ ਨਾਲ ਇਹ ਬੇਇਨਸਾਫ਼ੀ ਕਿਉਂ ਹੋਈ ਅਤੇ ਜੇਕਰ ਉਹ ਗੁਨਾਹਗਾਰ ਹੈ ਤਾਂ ਉਸ ਨੂੰ ਇਸ ਤਰ੍ਹਾਂ ਬਰੀ ਕੀਤੇ ਜਾਣ ਦਾ ਗੁਨਾਹਗਾਰ ਕੌਣ ਹੈ।

ਗੱਲ ਤਾਂ ਪਿੰਡ ਚਿੱਠੀ ਸਿੰਘਪੁਰਾ (ਸ੍ਰੀਨਗਰ) 20 ਮਾਰਚ 2000 ਨੂੰ ਅੱਤਵਾਦੀਆਂ ਵੱਲੋਂ ਗੋਲੀਆਂ ਨਾਲ ਛੱਲਣੀ ਕਰ ਦਿੱਤੇ ਗਏ 35 ਨਿਰਦੋਸ਼ ਸਿੰਘਾਂ ਦੀ ਵੀ ਕਰਨੀ ਬਣਦੀ ਹੈ, ਜਿਹਨਾਂ ਦੇ ਪੀੜਤ ਪਰਿਵਾਰ ਅੱਜ 25 ਸਾਲ ਬੀਤ ਜਾਣ ਬਾਅਦ ਵੀ ਇਨਸਾਫ਼ ਦੀ ਉਡੀਕ ਵਿੱਚ ਹਨ। ਇਸ ਖੌਫ਼ਨਾਕ ਮੰਜਰ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਖਿਲਾਫ਼ ਸਮੇਂ ਦੀਆਂ ਹਕੂਮਤਾਂ ਵੱਲੋਂ ਅਜੇ ਤੱਕ ਕੋਈ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਇਸ ਕਤਲ ਕਾਂਡ ਦੀ ਜਾਂਚ ਮੁਕੰਮਲ ਕੀਤੀ ਗਈ ਹੈ, ਜਿਸ ਕਰਕੇ ਸੰਬੰਧਿਤ ਪੀੜਤ ਪਰਿਵਾਰਾਂ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ। ਦੱਸਣਯੋਗ ਹੈ ਕਿ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੇ ਪਹਿਲੇ ਦਿਨ ਹੀ ਚਿੱਠੀ ਸਿੰਘਪੁਰਾ ਪਿੰਡ 'ਚ ਵਾਪਰੇ ਇਸ ਖ਼ੌਫ਼ਨਾਕ ਕਾਰੇ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ। ਸ਼ਾਮ ਪੌਣੇ ਅੱਠ ਵਜੇ ਸੁਰੱਖਿਆ ਬੱਲਾਂ ਦੀ ਵਰਦੀ 'ਚ ਅਣਪਛਾਤੇ ਅੱਤਵਾਦੀ ਚਿੱਠੀ ਸਿੰਘਪੁਰਾ 'ਚ ਦਾਖ਼ਲ ਹੋਏ ਤੇ ਉਨ੍ਹਾਂ ਪਿੰਡ ਦੇ ਘਰਾਂ 'ਚੋਂ ਵਿਉਂਤਬੰਦੀ ਤਹਿਤ ਮਰਦ ਸਿੱਖਾਂ ਨੂੰ ਘਰਾਂ 'ਚੋਂ ਬਾਹਰ ਕੱਢ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ ਕੰਧ ਦੇ ਨਾਲ 18 ਸਿੱਖਾਂ ਅਤੇ ਨੇੜਲੇ ਸ਼ੌਕੀਨਪੁਰਾ ਇਲਾਕੇ ਦੇ ਇੱਕ ਹੋਰ ਗੁਰਦੁਆਰਾ ਸਾਹਿਬ ਦੇ ਬਾਹਰ 17 ਸਿੱਖਾਂ ਨੂੰ ਇੱਕ ਲਾਈਨ 'ਚ ਖੜ੍ਹਾ ਕਰਕੇ ਅੰਨ੍ਹੇਵਾਹ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ।

ਦਰਅਸਲ ਨਿਠਾਰੀ ਅਤੇ ਪਿੰਡ ਚਿੱਠੀ ਸਿੰਘਪੁਰਾ ਇਕੱਲੇ ਇਹੋ ਜਿਹੇ ਪਿੰਡ ਨਹੀਂ ਹਨ, ਜਿੱਥੇ ਇਨਸਾਫ਼ ਦੀ ਗਲੀ ਬੰਦ ਹੈ। ਥਾਂ-ਥਾਂ ਇਹੋ ਕੁਝ ਵਾਪਰ ਰਿਹਾ ਹੈ। ਔਰਤਾਂ ਨਾਲ ਬਲਾਤਕਾਰ। ਦੋਸ਼ੀ ਬਰੀ। ਕਤਲ ਦੇ ਬੇਅੰਤ ਕੇਸ। ਕਾਤਲ ਬਰੀ। ਇਥੇ ਇਹ ਗੱਲ ਤਾਂ ਕਰਨੀ ਬਣਦੀ ਹੈ ਕਿ ਜਦੋਂ ਕਾਨੂੰਨ ਘਾੜੀ ਪਾਰਲੀਮੈਂਟ, ਵਿਧਾਨ ਸਭਾ ਮੈਂਬਰਾਂ 'ਚੋਂ ਲਗਭਗ ਅੱਧੇ ਕਤਲਾਂ, ਬਲਾਤਕਾਰਾਂ ਅਤੇ ਹੋਰ ਅਪਰਾਧਾਂ ਦੇ ਮੁਕੱਦਮੇ ਭੁਗਤ ਰਹੇ, ਜੋ ਸਾਡੇ ਲੋਕ ਨੁਮਾਇੰਦੇ ਹਨ, ਕੀ ਉਹ ਦੇਸ਼ ਦੇ ਆਮ ਲੋਕਾਂ ਨੂੰ ਇਨਸਾਫ਼ ਦੇ ਸਕਦੇ ਹਨ?

ਵਿਕਸਤ ਲੋਕਤੰਤਰ ਆਧੁਨਿਕਤਾ ਦੇ ਇਸ ਦੌਰ ਵਿੱਚ, ਦੇਸ਼ 'ਚ ਜਿੱਥੇ ਵੈਲਫੇਅਰ-ਟ੍ਰੈਪ" ਨਾਲ ਡਿਜੀਟਲ ਡਲਿਵਰੀ ਰਾਹੀਂ ਚੋਣਾਂ ਦੇ ਸਮੇਂ ਨਕਦ ਰਾਸ਼ੀ ਪਹੁੰਚਾਉਣ ਦਾ ਕੰਮ ਤੇਜ਼ੀ ਨਾਲ ਕਰ ਦਿੱਤਾ ਗਿਆ ਹੈ ਅਤੇ ਜਿੱਥੇ ਸਾਮ-ਦਾਮ-ਦੰਡ ਦਾ ਬੋਲਬਾਲਾ ਸ਼ਰੇਆਮ ਵੇਖਣ ਨੂੰ ਮਿਲ ਰਿਹਾ ਹੈ, ਉੱਥੇ ਨਿਠਾਰੀ ਵਰਗੀ ਬੇਇਨਸਾਫ਼ੀ ਵੇਖਣ ਨੂੰ ਮਿਲਣੀ ਕੀ ਸੁਭਾਵਿਕ ਨਹੀਂ ਹੈ? ਜਿੱਥੇ "ਬੁਲਡੋਜ਼ਰ ਨਿਆਂ" ਚਲਦਾ ਹੋਵੇ, ਕੀ ਇਹ ਕਹਿਣਾ ਨਹੀਂ ਬਣਦਾ ਕਿ ਉਹ ਸਾਡੀ ਨਿਆਂ-ਤੰਤਰ ਦੀ ਛਾਤੀ ਉੱਤੇ ਹੀ ਚਲਦਾ ਹੈ।

ਦੇਸ਼ 'ਚ ਵਾਪਰੇ ਵੱਡੇ ਘਟਨਾ ਕਰਮਾਂ ਦੀ ਗੱਲ ਤਾਂ ਕੀਤੀ ਜਾਣੀ ਚਾਹੀਦੀ ਹੈ। ਜੰਮੂ ਕਸ਼ਮੀਰ 'ਚੋਂ 370 ਧਾਰਾ ਖ਼ਤਮ ਕੀਤੀ। ਜੰਮੂ ਕਸ਼ਮੀਰ ਹਿੱਸਿਆਂ 'ਚ ਵੰਡਿਆ ਗਿਆ। ਲੋਕ ਪੂਰਨ ਰਾਜ ਦਾ ਦਰਜ਼ਾ ਮੁੜ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ, ਪਰ ਹਾਕਮ ਚੁੱਪ ਹਨ। ਲਦਾਖ ਦੇ ਲੋਕ ਹੱਕੀ ਮੰਗਾਂ ਦੀ ਗੱਲ ਕਰਦੇ ਸੜਕਾਂ 'ਤੇ ਪੁੱਜੇ। ਇਹ ਸਰਕਾਰੀ ਹੱਠ ਧਰਮੀ ਦਾ ਨਤੀਜਾ ਸੀ। ਲਦਾਖ ਸਮਾਜਿਕ ਕਾਰਕੁੰਨ ਸੋਨਮ ਬਾਂਗਚੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸਨੂੰ ਜੇਲ੍ਹ 'ਚ ਤੁੰਨਿਆ ਗਿਆ ਹੈ, ਕਿਉਂਕਿ ਉਹ ਲੋਕਾਂ ਦੇ ਹੱਕਾਂ ਅਤੇ ਇਨਸਾਫ਼ ਦੀ ਗੱਲ ਕਰਦਾ ਹੈ। ਇੱਕ ਨਹੀਂ ਹਜ਼ਾਰਾਂ ਇਹੋ ਜਿਹੇ ਕਾਰਕੁੰਨ ਦੇਸ਼ 'ਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜੇਲ੍ਹਾਂ 'ਚ ਹਨ। ਬਿਨ੍ਹਾਂ ਸੁਣਵਾਈ, ਜਾਂ ਤਾਰੀਖ਼-ਦਰ-ਤਾਰੀਖ਼ ਕੋਰਟ -ਕਚਿਹਰੀ ਦੇ ਚੱਕਰ ਮਾਰਦਿਆਂ। ਇਕ ਰਿਪੋਰਟ ਦੱਸਦੀ ਹੈ ਕਿ ਦੇਸ਼ ਭਰ ਦੀਆਂ ਜੇਲ੍ਹਾਂ 'ਚ 2023 ਦੇ ਅੰਤ ਤੱਕ ਭਾਰਤ ਦੀਆਂ ਜੇਲ੍ਹਾਂ 'ਚ 5.3 ਲੱਖ ਲੋਕ ਹਨ, ਜਿਹਨਾਂ ਵਿਚੋਂ 74 ਫ਼ੀਸਦੀ ਅਰਥਾਤ 3.92 ਲੱਖ ਲੋਕ ਮੁਕੱਦਮੇ ਚਲਾਏ ਜਾਣ ਵਾਲੀ ਕਤਾਰ ਵਿੱਚ ਹਨ। ਇਹ ਲੋਕ 21 ਤੋਂ 50 ਸਾਲ ਦੀ ਉਮਰ ਦੇ ਹਨ। ਇਹਨਾਂ ਵਿੱਚ ਕੁਝ ਇਹੋ ਜਿਹੇ ਹਨ, ਜਿਹੜੇ ਆਪਣੀ ਪੂਰੀ ਜੇਲ੍ਹ ਭੁਗਤ ਚੁੱਕੇ ਹਨ, ਪਰ ਫਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। "ਬੰਦੀ ਸਿੰਘ" ਇਸ ਕਿਸਮ ਦੇ ਕੈਦੀ ਹਨ, ਜਿਹਨਾਂ ਦੀ ਰਿਹਾਈ ਲਈ ਲਗਾਤਾਰ ਪੰਜਾਬ ਦੇ ਅੰਦਰ-ਬਾਹਰ ਸੰਘਰਸ਼ ਹੋ ਰਿਹਾ ਹੈ, ਪਰ ਉਨ੍ਹਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਕੀ ਇਹ ਮਨੁੱਖੀ ਅਧਿਕਾਰਾਂ ਦੀ ਬੇ-ਹੁਰਮਤੀ ਨਹੀਂ ਹੈ?

ਦੇਸ਼ ਵਿੱਚ ਲੋਕ ਥਾਂ-ਥਾਂ ਸੰਘਰਸ਼ ਕਰ ਰਹੇ ਹਨ। ਦੇਸ਼ 'ਚ ਵੱਡਾ ਕਿਸਾਨ ਅੰਦੋਲਨ ਲੜਿਆ ਗਿਆ। ਹਾਕਮਾਂ ਨੇ ਪੂਰਾ ਟਿੱਲ ਲਾਕੇ ਇਸ ਅੰਦੋਲਨ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਨਸਾਫ਼ ਛਿੱਕੇ ਟੰਗ ਦਿੱਤਾ ਗਿਆ। ਹਜ਼ਾਰਾਂ ਕਿਸਾਨਾਂ 'ਤੇ ਮੁਕੱਦਮੇ ਦਰਜ਼ ਹੋਏ। ਉਹ ਅੱਜ ਵੀ ਚੱਲ ਰਹੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਪਣੇ ਹੱਕਾਂ ਲਈ ਲੜ ਰਹੇ ਹਨ। ਉਨ੍ਹਾਂ ਦੀ ਅਵਾਜ਼ ਦਬਾਈ ਜਾ ਰਹੀ ਹੈ। ਉਨ੍ਹਾਂ ਨਾਲ ਦੁਪਰਿਆਰਾ ਸਲੂਕ ਹੋ ਰਿਹਾ ਹੈ। ਮੰਗ ਤਾਂ ਸਿਰਫ਼ ਇੰਨੀ ਕੁ ਹੀ ਹੈ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹੈ। ਪਰ ਇਸਨੂੰ ਖੋਹਣ ਦੀਆਂ ਸਾਜ਼ਿਸਾਂ ਹੋ ਰਹੀਆਂ ਹਨ। ਸੁਚੇਤ ਨੌਜਵਾਨ ਸੰਘਰਸ਼ ਦੇ ਰਾਹ ਹਨ। ਜਿਹਨਾਂ ਦੇ ਰਾਹ ਰੋਕਣ ਲਈ ਹਾਕਮ ਧਿਰ ਹਰ ਹੀਲਾ-ਵਸੀਲਾ ਵਰਤ ਰਹੀ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਦੇ ਬੇਰੁਜ਼ਗਾਰ ਨੌਕਰੀ ਮੰਗ ਰਹੇ ਹਨ। ਮੁਲਾਜ਼ਮ ਸੰਘਰਸ਼ ਦੇ ਰਾਹ 'ਤੇ ਹਨ। ਬੇਰੁਜ਼ਗਾਰ ਪੁਲਿਸ ਡਾਂਗਾਂ ਖਾ ਰਹੇ ਹਨ। ਆਖ਼ਿਰ ਉਨ੍ਹਾਂ ਦਾ ਕਸੂਰ ਤਾਂ ਇੰਨਾ ਕੁ ਹੀ ਹੈ ਕਿ ਹੱਥ 'ਚ ਡਿਗਰੀਆਂ ਹਨ। ਪਰ ਨੌਕਰੀ ਨਹੀਂ ਮਿਲ ਰਹੀ। ਢਿੱਡੋਂ ਭੁੱਖੇ ਹਨ। ਉਨ੍ਹਾਂ ਲਈ ਇਨਸਾਫ਼ ਦੇ ਦਰਵਾਜ਼ੇ ਬੰਦ ਹਨ। ਸਿਆਸੀ ਗੱਲਾਂ, ਵਾਇਦੇ, ਉਨ੍ਹਾਂ ਪੱਲੇ ਕੁੱਝ ਨਹੀਂ ਪਾ ਰਹੇ।

ਨਿਠਾਰੀ ਨੂੰ ਨਿਆਂ ਨਹੀਂ। ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ। ਕਿਸਾਨਾਂ ਨਾਲ ਬਦਸਲੂਕੀ ਹੈ। ਹਵਾਲਤੀ ਮੱਲੋਜ਼ੋਰੀ ਜੇਲ੍ਹਾਂ ਅੰਦਰ ਹਨ। ਗ਼ਰੀਬ ਰੋਟੀ, ਕੱਪੜੇ, ਮਕਾਨ ਲਈ ਤਰਸ ਰਿਹਾ ਹੈ। ਸਿਹਤ ਸਹੂਲਤਾਂ ਦੀ ਥੁੜ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਕੀ ਇਹ ਨਿਆਂ ਦੀ ਬੰਦ ਗਲੀ ਨਹੀਂ ਹੈ?

ਹੁਣੇ ਜਿਹੇ ਬਿਹਾਰ 'ਚ ਔਰਤਾਂ ਦੇ ਖ਼ਾਤਿਆਂ 'ਚ 10000 ਰੁਪਏ ਦੀ ਰਿਸ਼ਵਤ ਪਾਕੇ ਵੋਟਾਂ ਵਟੋਰ ਕੇ ਹਾਕਮ ਧਿਰ ਮੁੜ ਸੱਤਾ ਹਥਿਆਕੇ ਫੁਲਿਆਂ ਨਹੀਂ ਸਮਾ ਰਹੀ। ਪਰ ਉਥੋਂ ਦੇ ਲੋਕਾਂ ਦੀ ਦੁਰਦਸ਼ਾ ਦਾ ਬਿਆਨ ਕਰਨਾ ਔਖਾ ਹੈ।

ਸੂਬੇ ਦੇ ਲੋਕਾਂ ਦਾ ਪ੍ਰਮੁੱਖ ਐਕਸਪੋਰਟ ਉਦਯੋਗ "ਮਖਾਣਾ" ਪ੍ਰੋਸੈਸਿੰਗ ਹੈ। ਪੂਰਨੀਆਂ ਦੇ ਆਸ-ਪਾਸ ਮਜ਼ਦੂਰਾਂ ਨੂੰ ਮਖਾਣਾ ਕੱਢਣ ਲਈ ਗੰਦੇ ਪਾਣੀ 'ਚ ਗੋਤੇ ਲਾਉਣੇ ਪੈਂਦੇ ਹਨ, ਉਨ੍ਹਾਂ ਨੂੰ ਫਿਰ ਹੱਥੋੜਿਆਂ ਨਾਲ ਤੋੜਿਆ ਅਤੇ ਅੱਗ 'ਚ ਭੁੰਨਿਆ ਜਾਂਦਾ ਹੈ। ਉਨ੍ਹਾਂ ਲਈ ਸਰਕਾਰੀ ਮਖਾਣਾ ਪ੍ਰੋਸੈਸਿੰਗ ਲਈ ਕੋਈ ਮਸ਼ੀਨਾਂ ਨਹੀਂ। ਕਿਸੇ ਸਮਾਜਿਕ ਕਾਰਕੁੰਨ ਦੇ ਬਿਹਾਰ ਸੂਬੇ ਸੰਬੰਧੀ ਕਹੇ ਸ਼ਬਦ ਮਨ ਨੂੰ ਧੂ ਪਾਉਂਦੇ ਹਨ, "ਅਸਲ ਵਿੱਚ ਜੇਕਰ ਬਿਹਾਰ ਇੱਕ ਦੇਸ਼ ਹੁੰਦਾ ਤਾਂ ਲਾਇਬੇਰੀਆ ਤੋਂ ਬਾਅਦ ਇਹ ਦੁਨੀਆ ਦਾ 12ਵਾਂ ਸਭ ਤੋਂ ਗ਼ਰੀਬ ਦੇਸ਼ ਹੁੰਦਾ"।

ਪੌਣੀ ਸਦੀ ਬੀਤਣ ਬਾਅਦ ਵੀ ਲੋਕ ਇਨਸਾਫ਼ ਲਈ ਜੂਝ ਰਹੇ ਹਨ, ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ। ਇਹੋ ਜਿਹੀ ਸਥਿਤੀ 'ਚ ਦੇਸ਼ ਦੇ ਹਾਕਮ ਲਾਚਾਰ ਲੋਕਾਂ ਨੂੰ ਕਦੇ ਗੁੰਮਰਾਹ ਕਰਕੇ ਆਪਣੇ ਪਾਸੇ ਕਰਦੇ ਹਨ, ਕਦੇ ਧੱਕਾ ਕਰਕੇ ਆਪਣੇ ਨਾਲ ਜੋੜ ਰਹੇ ਹਨ ਅਤੇ ਕਦੇ ਥੋੜ੍ਹਾ ਬਹੁਤ ਇਨਸਾਫ਼ ਦਾ ਟਿੱਕਾ ਲਾ ਕੇ, ਜਾਂ ਲੁਆ ਕੇ ਲੋਕਤੰਤਰ ਦਾ ਲੁਬਾਦਾ ਪਾਕੇ ਇਨਸਾਫ਼ ਦੀ ਗਲੀ ਬੰਦ ਕਰ, ਕਰਵਾ ਰਹੇ ਹਨ।

ਜਰਮਨ ਕਵੀ "ਬਰਟੋਲਟ ਬ੍ਰੈਖਟ" ਦੀਆਂ ਪੰਕਤੀਆਂ ਦੇਸ਼ ਦੇ ਨਿਆਂ ਪ੍ਰਬੰਧ 'ਤੇ ਕੁਝ ਇੰਝ ਢੁਕਦੀਆਂ ਹਨ :-

"ਹਮ ਸਭ ਕੇ ਹਾਥ ਮੇਂ,
ਥਮਾ ਦੀਏ ਗਏ ਹੈਂ,
ਛੋਟੇ ਛੋਟੇ ਨਿਆਂ
ਤਾਂ ਕਿ ਜੋ ਵਡਾ ਅਨਿਆਏ ਹੈ,
ਉਸ ਪਰ ਪਰਦਾ ਪੜਾ ਰਹੇ।"

# ਇਜ਼ਰਾਇਲੀ ਹਿਰਾਸਤ ਵਿਚ ਜਿਨਸੀ ਜ਼ੁਲਮਾਂ ਦੀ ਦਿਲ-ਕੰਬਾਊ ਦਾਸਤਾਨ

***ਟਰੰਪ ਦੀ 'ਸ਼ਾਂਤੀ ਯੋਜਨਾ' ਉੱਪਰ ਦਸਖ਼ਤ ਕੀਤੇ ਜਾਣ ਤੋਂ ਬਾਅਦ ਹੁਣ ਤੱਕ 490 ਵਾਰ ਯੁੱਧਬੰਦੀ ਦੀ ਉਲੰਘਣਾ ਕਰ ਚੁੱਕੀ ਇਜ਼ਰਾਇਲੀ ਹਕੂਮਤ ਦਾ ਖ਼ੂਨੀ ਚਿਹਰਾ ਵੱਖ-ਵੱਖ ਰੂਪਾਂ 'ਚ ਪੂਰੀ ਦੁਨੀਆ ਦੇ ਸਾਹਮਣੇ ਹੈ। ਪੀਸੀਐੱਚਆਰ ਨੇ ਆਪਣੀ ਰਿਪੋਰਟ ਨੇ ਹਿਰਾਸਤ ਵਿਚ ਲਏ ਫ਼ਲਸਤੀਨੀਆਂ ਉੱਪਰ ਕੀਤੇ ਜਾ ਰਹੇ ਭਿਆਨਕ ਜ਼ੁਲਮਾਂ ਦੀਆਂ ਨਵੀਂਆਂ ਪਰਤਾਂ ਸਾਹਮਣੇ ਲਿਆਂਦੀਆਂ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਮਨੁੱਖੀ ਹੱਕਾਂ ਲਈ ਫ਼ਲਸਤੀਨੀ ਕੇਂਦਰ (ਪੀਸੀਐੱਚਆਰ) ਨੇ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਜਾਰੀ ਕੀਤੀ ਹੈ, ਜਿਸ ਨੇ ਦੋਸ਼ ਲਗਾਇਆ ਹੈ ਕਿ ਇਜ਼ਰਾਇਲੀ ਫ਼ੌਜੀ ਤਾਕਤਾਂ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਇਜ਼ਰਾਇਲੀ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਵਿਚ ਰੱਖੇ ਫ਼ਲਸਤੀਨੀ ਕੈਦੀਆਂ, ਜਿਨ੍ਹਾਂ ਵਿਚ ਗਾਜ਼ਾ ਵਿੱਚੋਂ ਗ੍ਰਿਫ਼ਤਾਰ ਕੀਤੀਆਂ ਔਰਤਾਂ ਅਤੇ ਮਰਦ ਵੀ ਸ਼ਾਮਲ ਹਨ, ਦੇ ਵਿਰੁੱਧ "ਯੋਜਨਾਬੱਧ ਜਿਨਸੀ ਤਸੀਹਿਆਂ ਅਤੇ ਬਲਾਤਕਾਰਾਂ" ਨੂੰ ਅੰਜਾਮ ਦਿੱਤਾ ਗਿਆ ਹੈ।

ਪੀਸੀਐੱਚਆਰ ਦੇ ਮੁਤਾਬਕ, ਫ਼ੀਲਡ ਖੋਜਕਰਤਾਵਾਂ ਅਤੇ ਵਕੀਲਾਂ ਨੇ ਪਿਛਲੇ ਦਿਨੀਂ ਰਿਹਾਅ ਹੋਏ ਗਾਜ਼ਾ ਪੱਟੀ ਦੇ ਕਈ ਫ਼ਲਸਤੀਨੀ ਕੈਦੀਆਂ ਦੀਆਂ ਗਵਾਹੀਆਂ ਕਲਮਬੱਧ ਕੀਤੀਆਂ। ਇਨ੍ਹਾਂ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਜਿਨਸੀ ਤਸੀਹਿਆਂ ਨੂੰ ਪੂਰੀ ਤਰ੍ਹਾਂ ਯੋਜਨਾਬੱਧ ਅਤੇ ਵਿਉਂਤਬੱਧ ਤਰੀਕੇ ਨਾਲ ਅੰਜਾਮ ਦਿੱਤਾ ਗਿਆ, ਜਿਸ ਵਿਚ ਬਲਾਤਕਾਰ, ਜਬਰਦਸਤੀ ਕੱਪੜੇ ਲਾਹੁਣਾ, ਜਬਰਦਸਤੀ ਵੀਡੀਓ/ਫੋਟੋ ਬਣਾਉਣਾ, ਵਸਤੂਆਂ ਅਤੇ ਕੁੱਤਿਆਂ ਦੀ ਮੱਦਦ ਨਾਲ ਜਿਨਸੀ ਹਮਲੇ, ਅਤੇ ਨਾਲ ਹੀ ਇਜ਼ਰਾਇਲੀ ਫ਼ੌਜੀਆਂ ਵੱਲੋਂ ਜਾਣ-ਬੁੱਝ ਕੇ ਕੀਤਾ ਜਾਣ ਵਾਲਾ ਮਨੋਵਿਗਿਆਨਕ ਅਪਮਾਨ ਸ਼ਾਮਲ ਹੈ।

ਪੀਸੀਐੱਚਆਰ ਦਾ ਕਹਿਣਾ ਹੈ ਕਿ ਇਹ ਗਵਾਹੀਆਂ ਕੋਈ ਟੁੱਟਵੀਂਆਂ ਘਟਨਾਵਾਂ ਨਹੀਂ ਹਨ ਸਗੋਂ ਗਾਜ਼ਾ ਪੱਟੀ ਵਿਚ ਰਹਿੰਦੇ 20 ਲੱਖ ਤੋਂ ਵੱਧ ਫ਼ਲਸਤੀਨੀਆਂ ਦੇ ਖ਼ਿਲਾਫ਼ ਚੱਲ ਰਹੇ ਕਤਲੇਆਮ ਦੇ ਪ੍ਰਸੰਗ 'ਚ ਅਪਣਾਈ ਗਈ ਵਿਉਂਤਬੱਧ ਨੀਤੀ ਦਾ ਹਿੱਸਾ ਹਨ। ਇਸ ਵਿਚ ਉਹ ਹਜ਼ਾਰਾਂ ਕੈਦੀ ਵੀ ਸ਼ਾਮਲ ਹਨ ਜੋ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਵਿਚ ਬੰਦ ਹਨ ਅਤੇ ਜਿਨ੍ਹਾਂ ਤੱਕ ਇੰਟਰਨੈਸ਼ਨਲ ਰੈੱਡ ਕਰਾਸ ਕਮੇਟੀ ਸਮੇਤ ਅੰਤਰਰਾਸ਼ਟਰੀ ਨਿਗਰਾਨੀ ਸੰਸਥਾਵਾਂ ਦੀ ਪਹੁੰਚ ਨਹੀਂ ਹੈ।

ਇਹ ਗਵਾਹੀਆਂ, ਜੋ ਅਕਤੂਬਰ 2025 ਦੇ ਅਖ਼ੀਰ ਅਤੇ ਨਵੰਬਰ 2025 ਦੇ ਸ਼ੁਰੂ ਵਿਚ ਇਕੱਠੀਆਂ ਕੀਤੀਆਂ ਗਈਆਂ, ਉਨ੍ਹਾਂ ਮਰਦ ਅਤੇ ਔਰਤ ਕੈਦੀਆਂ ਦੇ ਬਿਆਨ ਹਨ ਜਿਨ੍ਹਾਂ ਨੂੰ 2023 ਦੇ ਅੰਤ ਤੋਂ ਲੈ ਕੇ ਗਾਜ਼ਾ ਪੱਟੀ ਦੇ ਹਸਪਤਾਲਾਂ, ਚੈੱਕਪੁਆਇੰਟਾਂ ਅਤੇ ਸ਼ਰਣ-ਸਥਾਨਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੀਸੀਐੱਚਆਰ ਨੇ ਕਿਹਾ ਕਿ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ "ਕਾਨੂੰਨੀ ਆਧਾਰ ਤੋਂ ਬਿਨਾਂ, ਸਿਰਫ਼ ਇਸ ਲਈ ਕੀਤੀਆਂ ਗਈਆਂ ਕਿਉਂਕਿ ਪੀੜਤ ਗਾਜ਼ਾ ਦੇ ਬਾਸ਼ਿੰਦੇ ਸਨ।" ਰਿਪੋਰਟ ਨੇ ਇਨ੍ਹਾਂ ਹਿਰਾਸਤਾਂ ਨੂੰ ਸਮੂਹਿਕ ਸਜ਼ਾ ਦੀ ਅਜਿਹੀ ਨੀਤੀ ਦੱਸਿਆ, ਜਿਸਦਾ ਮਕਸਦ ਫ਼ਲਸਤੀਨੀ ਨਾਗਰਿਕਾਂ ਨੂੰ ਵੱਧ ਤੋਂ ਵੱਧ ਮਨੋਵਿਗਿਆਨਕ ਅਤੇ ਸਰੀਰਕ ਨੁਕਸਾਨ ਪਹੁੰਚਾਉਣਾ ਹੈ।

ਪਿਛਲੇ ਮਹੀਨਿਆਂ 'ਚ, ਪੀਸੀਐੱਚਆਰ ਅਤੇ ਹੋਰ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਜ਼ਰਾਇਲੀ ਜੇਲ੍ਹਾਂ ਅਤੇ ਕੈਂਪਾਂ ਵਿਚ ਜਿਨਸੀ ਹਿੰਸਾ ਤੋਂ ਬਚੇ ਲੋਕਾਂ ਦੀਆਂ ਦਰਜਨਾਂ ਗਵਾਹੀਆਂ ਦਰਜ ਕੀਤੀਆਂ ਹਨ। ਹਾਲੀਆ ਪੀਸੀਐੱਚਆਰ ਰਿਪੋਰਟ ਵਿਚ ਦਰਜ ਵਿਅਕਤੀਗਤ ਗਵਾਹੀਆਂ ਭਾਵੇਂ ਬਹੁਤ ਹੀ ਦਹਿਲਾ ਦੇਣ ਵਾਲੀਆਂ ਹਨ, ਪਰ ਪੀਸੀਐੱਚਆਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੇ ਇਨ੍ਹਾਂ ਬਿਆਨਾਂ ਦੀ ਤਸਦੀਕ ਸਿੱਧੀਆਂ ਕਾਨੂੰਨੀ ਇੰਟਰਵਿਊ, ਮੈਡੀਕਲ ਸਬੂਤਾਂ ਅਤੇ ਕਈ ਰਿਹਾ ਹੋਏ ਕੈਦੀਆਂ ਦੀਆਂ ਗਵਾਹੀਆਂ ਨੂੰ ਮਿਲਾਕੇ ਕੀਤੀ ਹੈ।

42 ਸਾਲਾ ਫ਼ਲਸਤੀਨੀ ਔਰਤ ਦੀ ਗਵਾਹੀ: ਇਕ 42 ਸਾਲਾ ਫ਼ਲਸਤੀਨੀ ਔਰਤ ਨੂੰ ਨਵੰਬਰ 2024 'ਚ ਉੱਤਰੀ ਗਾਜ਼ਾ ਵਿਚ ਬਣਾਏ ਇਕ ਇਜ਼ਰਾਇਲੀ ਚੈੱਕਪੁਆਇੰਟ ਤੋਂ ਲੰਘਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ। ਪੀਸੀਐੱਚਆਰ ਦੇ ਸਟਾਫ਼ ਨੂੰ ਦਿੱਤੇ ਆਪਣੇ ਬਿਆਨ ਵਿਚ ਉਸ ਨੇ ਤਸ਼ੱਦਦ ਅਤੇ ਜਿਨਸੀ ਹਿੰਸਾ ਦੇ ਕਈ ਰੂਪਾਂ ਬਾਰੇ ਦੱਸਿਆ, ਜਿਨ੍ਹਾਂ ਵਿਚ ਇਜ਼ਰਾਇਲੀ ਸਿਪਾਹੀਆਂ ਦੁਆਰਾ ਚਾਰ ਵਾਰ ਉਸ ਨਾਲ ਬਲਾਤਕਾਰ ਕਰਨਾ, ਲਗਾਤਾਰ ਅਸ਼ਲੀਲ ਗਾਲ੍ਹਾਂ ਕੱਢਣਾ, ਉਸ ਨੂੰ ਨੰਗੀ ਕਰਕੇ ਵੀਡੀਓ/ਤਸਵੀਰਾਂ ਬਣਾਉਣਾ, ਬਿਜਲੀ ਦੇ ਝਟਕੇ ਦੇਣੇ ਅਤੇ ਸਾਰੇ ਸਰੀਰ ਉੱਪਰ ਬੇਰਹਿਮੀ ਨਾਲ ਮਾਰ-ਕੁੱਟ ਕਰਨਾ ਸ਼ਾਮਲ ਹੈ। ਉਸ ਨੇ ਕਿਹਾ:

"ਸਵੇਰੇ ਮੈਂ ਸਿਪਾਹੀਆਂ ਨੂੰ ਚੀਕਦੇ ਸੁਣਿਆ ਕਿ ਫ਼ਜਰ ਦੀ ਨਮਾਜ਼ ਪੜ੍ਹਨਾ ਮਨ੍ਹਾਂ ਹੈ। ਮੇਰਾ ਖ਼ਿਆਲ ਹੈ ਕਿ ਇਹ ਗਾਜ਼ਾ ਤੋਂ ਮੇਰੀ ਗ੍ਰਿਫ਼ਤਾਰੀ ਤੋਂ ਚੌਥੇ ਦਿਨ ਦੀ ਗੱਲ ਹੈ। ਸਿਪਾਹੀ ਮੈਨੂੰ ਇਕ ਅਜਿਹੀ ਜਗ੍ਹਾ ਲੈ ਗਏ ਜਿਸਨੂੰ ਮੈਂ ਨਹੀਂ ਜਾਣਦੀ, ਕਿਉਂਕਿ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ਉਨ੍ਹਾਂ ਨੇ ਮੈਨੂੰ ਕੱਪੜੇ ਲਾਹੁਣ ਦਾ ਹੁਕਮ ਦਿੱਤਾ। ਮੈਂ ਅਜਿਹਾ ਹੀ ਕੀਤਾ। ਉਨ੍ਹਾਂ ਨੇ ਮੈਨੂੰ ਮੂੰਹ ਭਾਰ ਲੋਹੇ ਦੀ ਮੇਜ਼ 'ਤੇ ਲਿਟਾਇਆ, ਮੇਰੀ ਛਾਤੀ ਅਤੇ ਸਿਰ ਨੂੰ ਜ਼ੋਰ ਨਾਲ ਦਬਾਇਆ ਗਿਆ, ਮੇਰੇ ਹੱਥ ਬੈੱਡ ਦੇ ਕੋਨੇ ਨਾਲ ਹੱਥਕੜੀਆਂ ਨਾਲ ਨੂੜ ਦਿੱਤੇ ਅਤੇ ਪੈਰਾਂ ਤੋਂ ਫੜਕੇ ਮੇਰੀਆਂ ਲੱਤਾਂ ਫੈਲਾ ਦਿੱਤੀਆ। ਮੈਨੂੰ ਮਹਿਸੂਸ ਹੋਇਆ ਕਿ ਕਿਸੇ ਦਾ ਮਰਦ-ਅੰਗ ਮੇਰੀ ਗੁਦਾ ਵਿਚ ਧੱਕਿਆ ਗਿਆ ਹੈ ਅਤੇ ਇਕ ਆਦਮੀ ਮੇਰਾ ਬਲਾਤਕਾਰ ਕਰ ਰਿਹਾ ਹੈ। ਮੈਂ ਚੀਕਣ ਲੱਗੀ ਤਾਂ ਉਨ੍ਹਾਂ ਨੇ ਮੇਰੀ ਪਿੱਠ ਅਤੇ ਸਿਰ ਕੁੱਟਣਾ ਸ਼ੁਰੂ ਕਰ ਦਿੱਤਾ, ਜਦੋਂ ਕਿ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ....ਮੈਂ ਚੀਕਦੀ ਰਹੀ ਅਤੇ ਮਾਰ ਖਾਂਦੀ ਰਹੀ ਅਤੇ ਮੈਨੂੰ ਕੈਮਰੇ ਦੀ ਆਵਾਜ਼ ਸੁਣ ਰਹੀ ਸੀ — ਇਸ ਲਈ ਮੈਨੂੰ ਲੱਗਾ ਕਿ ਉਹ ਮੇਰੀ ਵੀਡੀਓ ਬਣਾ ਰਹੇ ਹਨ। ਬਲਾਤਕਾਰ ਲਗਭਗ 10 ਮਿੰਟ ਤੱਕ ਚੱਲਿਆ। ਇਸ ਤੋਂ ਬਾਅਦ, ਉਨ੍ਹਾਂ ਨੇ ਮੈਨੂੰ ਤਕਰੀਬਨ ਇਕ ਘੰਟੇ ਤੱਕ ਉਸੇ ਹਾਲਤ ਵਿਚ ਪਈ ਰਹਿਣ ਦਿੱਤਾ — ਮੇਰੇ ਹੱਥ ਅਜੇ ਵੀ ਲੋਹੇ ਦੀਆਂ ਹੱਥਕੜੀਆਂ ਨਾਲ ਬਿਸਤਰੇ ਨਾਲ ਬੰਨ੍ਹੇ ਹੋਏ, ਮੇਰਾ ਮੂੰਹ ਬਿਸਤਰੇ 'ਤੇ, ਪੈਰ ਫਰਸ਼ 'ਤੇ ਸੀ ਅਤੇ ਮੈਂ ਪੂਰੀ ਤਰ੍ਹਾਂ ਨੰਗੀ ਸੀ।

ਫਿਰ, ਇਕ ਘੰਟੇ ਬਾਅਦ, ਮੇਰੇ ਨਾਲ ਦੁਬਾਰਾ ਉਸੇ ਹਾਲਤ ਵਿਚ ਬਲਾਤਕਾਰ ਕੀਤਾ ਗਿਆ, ਇਸ ਵਾਰ ਮੇਰੇ ਔਰਤ ਅੰਗ ਵਿਚ ਲਿੰਗ ਧੱਕਕੇ। ਮੈਂ ਚੀਕਦੀ ਰਹੀ ਅਤੇ ਉਹ ਮੈਨੂੰ ਕੁੱਟਦੇ ਰਹੇ। ਉੱਥੇ ਕਈ ਸਿਪਾਹੀ ਸਨ; ਮੈਂ ਉਨ੍ਹਾਂ ਨੂੰ ਹੱਸਦੇ ਸੁਣਿਆ ਅਤੇ ਕੈਮਰੇ ਦੀ ਕਲਿਕ ਦੀ ਆਵਾਜ਼ ਵੀ ਆਉਂਦੀ ਰਹੀ। ਇਹ ਬਲਾਤਕਾਰ ਬਹੁਤ ਤੇਜ਼ੀ ਨਾਲ ਕੀਤਾ ਗਿਆ... ਬਲਾਤਕਾਰ ਦੌਰਾਨ ਉਹ ਆਪਣੇ ਹੱਥਾਂ ਨਾਲ ਮੇਰੇ ਸਿਰ ਅਤੇ ਪਿੱਠ 'ਤੇ ਕੁੱਟ-ਮਾਰ ਕਰਦੇ ਰਹੇ।

ਮੈਂ ਬਿਆਨ ਨਹੀਂ ਕਰ ਸਕਦੀ ਕਿ ਮੈਂ ਕਿਵੇਂ ਮਹਿਸੂਸ ਕਰ ਰਹੀ ਸੀ; ਹਰ ਪਲ ਮੈਨੂੰ ਮੌਤ ਦੀ ਖ਼ਵਾਇਸ਼ ਹੋ ਰਹੀ ਸੀ। ਮੇਰੇ ਨਾਲ ਬਲਾਤਕਾਰ ਕਰਨ ਤੋਂ ਬਾਅਦ, ਉਹ ਮੈਨੂੰ ਉਸੇ ਕਮਰੇ ਵਿਚ ਇਕੱਲੀ ਛੱਡ ਗਏ, ਹੱਥ ਹਾਲੇ ਵੀ ਬਿਸਤਰੇ ਨਾਲ ਬੰਨ੍ਹੇ ਹੋਏ ਅਤੇ ਕਈ ਘੰਟਿਆਂ ਤੱਕ ਬਿਨਾਂ ਕੱਪੜਿਆਂ ਦੇ। ਮੈਂ ਬਾਹਰ ਸਿਪਾਹੀਆਂ ਨੂੰ ਹਿਬਰਿਊ ਬੋਲੀ ਵਿਚ ਗੱਲਾਂ ਕਰਦੇ ਅਤੇ ਹੱਸਦੇ ਸੁਣ ਸਕਦੀ ਸੀ। ਬਾਅਦ ਵਿਚ, ਮੇਰੇ ਨਾਲ ਦੁਬਾਰਾ ਯੋਨੀ ਬਲਾਤਕਾਰ ਕੀਤਾ ਗਿਆ। ਮੈਂ ਚੀਕੀ, ਪਰ ਜਦੋਂ ਵੀ ਮੈਂ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ, ਉਹ ਮੈਨੂੰ ਕੁੱਟਦੇ ਰਹੇ। ਇਕ ਘੰਟੇ ਤੋਂ ਵੱਧ ਸਮੇਂ ਤੋਂ ਬਾਅਦ — ਸਮੇਂ ਬਾਰੇ ਮੈਨੂੰ ਪੱਕੀ ਜਾਣਕਾਰੀ ਨਹੀਂ — ਇਕ ਨਕਾਬਪੋਸ਼ ਸਿਪਾਹੀ ਅੰਦਰ ਆਇਆ, ਉਸ ਨੇ ਮੇਰੀਆਂ ਅੱਖਾਂ ਦੀ ਪੱਟੀ ਲਾਹ ਦਿੱਤੀ, ਆਪਣੇ ਚਿਹਰੇ ਨੂੰ ਢਕਣ ਲਈ ਪਾਇਆ ਕੱਪੜਾ ਚੁੱਕਿਆ; ਉਸ ਦੀ ਚਮੜੀ ਚਿੱਟੀ ਸੀ ਅਤੇ ਉਹ ਲੰਮਾ ਸੀ। ਉਸ ਨੇ ਪੁੱਛਿਆ ਕਿ ਕੀ ਮੈਂ ਅੰਗਰੇਜ਼ੀ ਬੋਲਦੀ ਹਾਂ; ਮੈਂ ਕਿਹਾ ਨਹੀਂ। ਉਸ ਨੇ ਕਿਹਾ ਕਿ ਉਹ ਰੂਸੀ ਹੈ ਅਤੇ ਮੈਨੂੰ ਆਪਣਾ ਲਿੰਗ ਫੜਕੇ ਹੱਥਰਸੀ ਕਰਨ ਦਾ ਹੁਕਮ ਦਿੱਤਾ। ਜਦੋਂ ਮੈਂ ਇਨਕਾਰ ਕੀਤਾ ਤਾਂ ਉਸ ਨੇ ਬਲਾਤਕਾਰ ਕਰਨ ਤੋਂ ਬਾਅਦ ਮੇਰੇ ਚਿਹਰੇ 'ਤੇ ਘਸੁੰਨ ਮਾਰਿਆ।

ਉਸ ਦਿਨ ਮੇਰੇ ਨਾਲ ਦੋ ਵਾਰ ਬਲਾਤਕਾਰ ਕੀਤਾ ਗਿਆ। ਮੈਂ ਪੂਰਾ ਦਿਨ ਉਸ ਕਮਰੇ ਵਿਚ ਨੰਗੀ ਪਈ ਰਹੀ, ਜਿੱਥੇ ਮੈਂ ਤਿੰਨ ਦਿਨ ਬਿਤਾਏ। ਪਹਿਲੇ ਦਿਨ ਮੇਰੇ ਨਾਲ ਦੋ ਵਾਰ ਬਲਾਤਕਾਰ ਕੀਤਾ ਗਿਆ; ਦੂਜੇ ਦਿਨ ਦੋ ਵਾਰ; ਤੀਜੇ ਦਿਨ ਮੈਂ ਬਿਨਾਂ ਕੱਪੜਿਆਂ ਦੇ ਸੀ ਜਦੋਂ ਉਹ ਦਰਵਾਜ਼ੇ ਦੀ ਝੀਤ ਵਿੱਚੋਂ ਮੈਨੂੰ ਦੇਖਦੇ ਰਹੇ ਅਤੇ ਮੇਰੀ ਫ਼ਿਲਮ ਬਣਾਉਂਦੇ ਰਹੇ। ਇਕ ਸਿਪਾਹੀ ਨੇ ਕਿਹਾ ਕਿ ਉਹ ਮੇਰੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾਉਣਗੇ। ਉਸੇ ਕਮਰੇ ਵਿਚ ਰੱਖੇ ਜਾਣ ਸਮੇਂ ਮੈਨੂੰ ਮਾਹਵਾਰੀ ਸ਼ੁਰੂ ਹੋ ਗਈ; ਫਿਰ ਉਨ੍ਹਾਂ ਨੇ ਮੈਨੂੰ ਕੱਪੜੇ ਪਾਉਣ ਲਈ ਕਿਹਾ ਅਤੇ ਮੈਨੂੰ ਦੂਜੇ ਕਮਰੇ ਵਿਚ ਭੇਜ ਦਿੱਤਾ।"

35 ਸਾਲਾ ਫ਼ਲਸਤੀਨੀ ਮਰਦ ਦੀ ਗਵਾਹੀ: ਇਕ 35 ਸਾਲਾ ਫ਼ਲਸਤੀਨੀ ਮਰਦ, ਜੋ ਬੱਚਿਆਂ ਦਾ ਬਾਪ ਹੈ, ਨੂੰ ਮਾਰਚ 2024 'ਚ ਗਾਜ਼ਾ ਸ਼ਹਿਰ ਦੇ ਅਲ-ਸ਼ਿਫ਼ਾ ਹਸਪਤਾਲ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਪੀਸੀਐੱਚਆਰ ਦੇ ਫ਼ੀਲਡ ਖੋਜਕਰਤਾ ਨੂੰ 19 ਮਹੀਨੇ ਦੀ ਹਿਰਾਸਤ ਦੌਰਾਨ ਝੱਲੇ ਗਏ ਭਿਆਨਕ ਤਸੀਹਿਆਂ ਬਾਰੇ ਦੱਸਿਆ, ਜਿਸ ਵਿਚ ਜਬਰੀ ਕੱਪੜੇ ਲਾਹੁਣਾ, ਅਸ਼ਲੀਲ ਗਾਲ੍ਹਾਂ ਕੱਢਣਾ, ਉਸ ਨਾਲ ਅਤੇ ਉਸ ਦੇ ਪਰਿਵਾਰ ਨਾਲ ਬਲਾਤਕਾਰ ਦੀਆਂ ਧਮਕੀਆਂ ਦੇਣਾ, ਅਤੇ ਆਖ਼ਿਰਕਾਰ ਸਦੇ ਤੈਈਮਾਨ ਫ਼ੌਜੀ ਕੈਂਪ ਦੇ ਅੰਦਰ ਇਕ ਸਿਖਲਾਈਯਾਫ਼ਤਾ ਕੁੱਤੇ ਤੋਂ ਉਸ ਨਾਲ ਬਲਾਤਕਾਰ ਕਰਵਾਉਣਾ ਸ਼ਾਮਲ ਹੈ। ਉਸ ਨੇ ਕਿਹਾ:

"ਮੈਨੂੰ ਸਦੇ ਤੈਈਮਾਨ ਦੇ ਅੰਦਰ ਇਕ ਐਸੇ ਹਿੱਸੇ ਵਿਚ ਲਿਜਾਇਆ ਗਿਆ ਜਿਸ ਨੂੰ ਮੈਂ ਨਹੀਂ ਜਾਣਦਾ। ਉੱਥੇ ਪਹਿਲੇ ਕੁਝ ਹਫ਼ਤਿਆਂ ਦੌਰਾਨ, ਲਗਾਤਾਰ ਦਮਨਕਾਰੀ ਕਾਰਵਾਈਆਂ ਦਰਮਿਆਨ ਮੈਨੂੰ ਅਤੇ ਹੋਰ ਕੈਦੀਆਂ ਦੀ ਟੋਲੀ ਨੂੰ ਜ਼ਲੀਲ ਕਰਨ ਵਾਲੇ ਢੰਗ ਨਾਲ ਕੈਮਰਿਆਂ ਤੋਂ ਦੂਰ, ਸੈਕਸ਼ਨਾਂ ਦੇ ਦਰਮਿਆਨ ਇਕ ਗਲਿਆਰੇ ਵਰਗੀ ਥਾਂ 'ਤੇ ਲਿਜਾਇਆ ਗਿਆ। ਸਾਨੂੰ ਪੂਰੀ ਤਰ੍ਹਾਂ ਨੰਗੇ ਕਰ ਦਿੱਤਾ ਗਿਆ। ਸਿਪਾਹੀ ਕੁੱਤੇ ਲੈ ਕੇ ਆਏ ਜੋ ਸਾਡੇ ਉੱਤੇ ਚੜ੍ਹ ਗਏ ਅਤੇ ਕੁੱਤਿਆਂ ਨੇ ਮੇਰੇ ਉੱਤੇ ਪਿਸ਼ਾਬ ਕੀਤਾ। ਫਿਰ ਉਨ੍ਹਾਂ ਵਿੱਚੋਂ ਇਕ ਕੁੱਤੇ ਨੇ ਮੇਰੇ ਨਾਲ ਬਲਾਤਕਾਰ ਕੀਤਾ — ਕੁੱਤਾ ਜਾਣ-ਬੁੱਝ ਕੇ ਇਹ ਸਭ ਕਰ ਰਿਹਾ ਸੀ, ਉਹ ਠੀਕ-ਠੀਕ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਹੈ, ਅਤੇ ਉਸ ਨੇ ਆਪਣਾ ਲਿੰਗ ਮੇਰੀ ਗੁਦਾ ਵਿਚ ਦਾਖ਼ਲ ਕਰ ਦਿੱਤਾ, ਜਦੋਂ ਕਿ ਸਿਪਾਹੀ ਸਾਡੀ ਕੁੱਟਮਾਰ ਕਰਦੇ ਰਹੇ, ਸਾਡੇ ਉੱਤੇ ਤਸ਼ੱਦਦ ਕਰਦੇ ਰਹੇ ਅਤੇ ਸਾਡੇ ਚਿਹਰਿਆਂ 'ਤੇ ਮਿਰਚ-ਸਪਰੇਅ ਛਿੜਕਦੇ ਰਹੇ। ਕੁੱਤੇ ਦਾ ਹਮਲਾ ਲਗਭਗ ਤਿੰਨ ਮਿੰਟ ਤੱਕ ਚੱਲਿਆ; ਕੁਲ ਜ਼ੁਲਮ ਲਗਭਗ ਤਿੰਨ ਘੰਟੇ ਤੱਕ ਚਲਦਾ ਰਿਹਾ। ਬੇਹੱਦ ਕੁੱਟਮਾਰ ਕਾਰਨ ਸਾਡੇ ਸਰੀਰ 'ਤੇ ਕਈ ਜ਼ਖ਼ਮ ਹੋ ਗਏ। ਮੈਂ ਮਾਨਸਿਕ ਤੌਰ 'ਤੇ ਬਹੁਤ ਟੁੱਟਿਆ ਹੋਇਆ ਅਤੇ ਬੇਇੰਤਹਾ ਅਪਮਾਨ ਮਹਿਸੂਸ ਕੀਤਾ; ਮੇਰਾ ਆਪਣੇ ਉੱਪਰ ਕਾਬੂ ਨਾ ਰਿਹਾ ਕਿਉਂਕਿ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੇਰੇ ਨਾਲ ਅਜਿਹਾ ਕੁਝ ਹੋ ਸਕਦਾ ਹੈ। ਬਾਅਦ ਵਿਚ, ਇਕ ਡਾਕਟਰ ਨੇ ਮੇਰੇ ਸਿਰ 'ਤੇ ਤਸ਼ੱਦਦ ਕਾਰਨ ਹੋਏ ਜ਼ਖ਼ਮ 'ਤੇ ਬਿਨਾਂ ਸੁੰਨ ਕੀਤੇ ਸੱਤ ਟਾਂਕੇ ਲਾਏ। ਮੇਰੇ ਅੰਗ ਵਲੂੰਧਰੇ ਹੋਏ ਸਨ, ਹੱਥਾਂ-ਪੈਰਾਂ 'ਤੇ ਫਰੈਕਚਰ ਸੀ ਅਤੇ ਇਕ ਪਸਲੀ ਵਿਚ ਵੀ ਫਰੈਕਚਰ ਹੋ ਗਿਆ ਸੀ।"

41 ਸਾਲਾ ਫ਼ਲਸਤੀਨੀ ਪਿਤਾ ਦੀ ਗਵਾਹੀ: ਇਕ 41 ਸਾਲਾ ਫ਼ਲਸਤੀਨੀ ਮਰਦ, ਜੋ ਬੱਚਿਆਂ ਦਾ ਬਾਪ ਹੈ, ਨੂੰ ਦਸੰਬਰ 2023 'ਚ ਘਰ ਤਬਾਹ ਹੋਣ ਜਾਣ ਤੋਂ ਬਾਅਦ ਕਾਮਲ ਐਡਵਨ ਹਸਪਤਾਲ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ 22 ਮਹੀਨੇ ਦੀ ਇਜ਼ਰਾਇਲੀ ਹਿਰਾਸਤ ਦੌਰਾਨ ਜਿਨਸੀ ਤਸੀਹੇ ਦਿੱਤੇ ਗਏ, ਜਿਸ ਵਿਚ ਅਸ਼ਲੀਲ ਗਾਲ੍ਹਾਂ, ਇਹ ਧਮਕੀਆਂ ਕਿ ਉਸ ਦੀ ਪਤਨੀ ਨੂੰ ਉੱਥੇ ਨਜ਼ਰਬੰਦੀ ਕੈਂਪ ਵਿਚ ਲਿਆ ਕੇ ਉਸਦੇ ਸਾਹਮਣੇ ਬਲਾਤਕਾਰ ਕੀਤਾ ਜਾਵੇਗਾ, ਅਤੇ ਉਸਦੀ ਗੁਦਾ ਵਿਚ ਲੱਕੜ ਦਾ ਡੰਡਾ ਧੱਕਕੇ ਬਲਾਤਕਾਰ ਕੀਤਾ ਜਾਣਾ ਸ਼ਾਮਲ ਹੈ। ਪੀਸੀਐੱਚਆਰ ਦੇ ਖੋਜਕਰਤਾ ਨੂੰ ਦਿੱਤੀ ਆਪਣੀ ਗਵਾਹੀ ਵਿਚ ਉਸ ਨੇ ਬਲਾਤਕਾਰ ਦੀ ਘਟਨਾ ਬਾਰੇ ਦੱਸਿਆ:

"ਇਕ ਸਿਪਾਹੀ ਨੇ ਬਹੁਤ ਹੀ ਹਿੰਸਕ ਢੰਗ ਨਾਲ ਮੇਰੀ ਗੁਦਾ ਵਿਚ ਇਕ ਲੱਕੜ ਦਾ ਡੰਡਾ ਧੱਕਕੇ ਮੇਰੇ ਨਾਲ ਬਲਾਤਕਾਰ ਕੀਤਾ। ਲਗਭਗ ਇਕ ਮਿੰਟ ਬਾਅਦ ਉਸ ਨੇ ਇਸਨੂੰ ਬਾਹਰ ਕੱਢਿਆ ਅਤੇ ਫਿਰ ਹੋਰ ਜ਼ੋਰ ਨਾਲ ਅੰਦਰ ਘੁਸੇੜ ਦਿੱਤਾ, ਜਦੋਂ ਕਿ ਮੈਂ ਜ਼ੋਰ-ਜ਼ੋਰ ਨਾਲ ਚੀਕ ਰਿਹਾ ਸੀ। ਇਕ ਮਿੰਟ ਬਾਅਦ ਉਸ ਨੇ ਡੰਡਾ ਬਾਹਰ ਕੱਢਿਆ ਅਤੇ ਮੈਨੂੰ ਮੂੰਹ ਖੋਲ੍ਹਣ ਲਈ ਮਜਬੂਰ ਕੀਤਾ ਅਤੇ ਡੰਡਾ ਮੇਰੇ ਮੂੰਹ ਵਿਚ ਤੁੰਨ ਦਿੱਤਾ। ਬੇਅੰਤ ਦਰਦ ਕਾਰਨ ਕੁਝ ਮਿੰਟਾਂ ਲਈ ਮੈਂ ਬੇਹੋਸ਼ ਹੋ ਗਿਆ, ਫਿਰ ਇਕ ਔਰਤ ਅਫ਼ਸਰ ਅੰਦਰ ਆਈ ਅਤੇ ਉਸਨੇ ਉਨ੍ਹਾਂ ਨੂੰ ਮੇਰੀ ਕੁੱਟਮਾਰ ਬੰਦ ਕਰਨ ਲਈ ਕਿਹਾ। ਉਸ ਨੇ ਮੇਰੇ ਹੱਥਾਂ ਦੀਆਂ ਰੱਸੀਆਂ ਖੋਲ੍ਹੀਆਂ, ਮੈਨੂੰ ਪਹਿਨਣ ਲਈ ਇਕ ਚਿੱਟਾ ਗਾਊਨ ਅਤੇ ਪੀਣ ਲਈ ਪਾਣੀ ਦਾ ਕੱਪ ਦਿੱਤਾ, ਜੋ ਮੈਂ ਪੀ ਲਿਆ। ਮੈਨੂੰ ਅਹਿਸਾਸ ਹੋਇਆ ਕਿ ਮੇਰੀ ਗੁਦਾ ਤੋਂ ਖ਼ੂਨ ਵਹਿ ਰਿਹਾ ਸੀ ਅਤੇ ਮੈਂ ਟਾਇਲਟ ਜਾਣ ਦੀ ਇਜਾਜ਼ਤ ਮੰਗੀ। ਉਸ ਨੇ ਮੈਨੂੰ ਟਿਸ਼ੂ ਪੇਪਰ ਦਿੱਤੇ ਅਤੇ ਮੈਂ ਉੱਥੇ ਰੱਖੀ ਪਲਾਸਟਿਕ ਦੀ ਟਾਇਲਟ 'ਤੇ ਗਿਆ। ਉਨ੍ਹਾਂ ਨੇ ਮੇਰੀਆਂ ਅੱਖਾਂ ਦੀ ਪੱਟੀ ਲਾਹ ਦਿੱਤੀ; ਜਦੋਂ ਮੈਂ ਗੁਦਾ ਪੂੰਝੀ ਤਾਂ ਉੱਥੇ ਲਹੂ ਸੀ। ਮੈਂ ਸਫ਼ਾਈ ਕਰਕੇ ਬਾਹਰ ਆ ਗਿਆ। ਹੁਣ ਲਹੂ ਵਗਣਾ ਬੰਦ ਹੋ ਗਿਆ ਸੀ, ਮੈਂ ਦੁਬਾਰਾ ਚਿੱਟਾ ਗਾਊਨ ਪਹਿਨ ਲਿਆ। ਜਿਉਂ ਹੀ ਮੈਂ ਬਾਹਰ ਆਇਆ, ਉਨ੍ਹਾਂ ਨੇ ਮੁੜ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਅਤੇ ਮੇਰੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹ ਦਿੱਤੇ। ਫਿਰ ਮੈਨੂੰ ਇਕ ਕਮਰੇ ਵਿਚ ਲਿਜਾਇਆ ਗਿਆ, ਜਿੱਥੇ ਮੈਨੂੰ ਹੋਰ ਕਈ ਕੈਦੀਆਂ ਦੇ ਨਾਲ ਲਗਭਗ ਅੱਠ ਘੰਟਿਆਂ ਤੱਕ ਰੱਖਿਆ ਗਿਆ; ਇਸ ਦੌਰਾਨ ਸਿਪਾਹੀ ਵਾਰ-ਵਾਰ ਵਾਪਸ ਆ ਕੇ ਸਾਨੂੰ ਬੇਕਿਰਕੀ ਨਾਲ ਕੁੱਟਦੇ ਰਹੇ ਅਤੇ ਬੇਇਜ਼ਤ ਕਰਦੇ ਰਹੇ।"

18 ਸਾਲਾ ਨੌਜਵਾਨ ਦੀ ਗਵਾਹੀ: ਪੀਸੀਐੱਚਆਰ ਨੇ ਇਕ 18 ਸਾਲਾ ਨੌਜਵਾਨ ਦੀ ਗਵਾਹੀ ਵੀ ਦਰਜ ਕੀਤੀ, ਜਿਸ ਨੂੰ ਇਸ ਸਾਲ ਗਾਜ਼ਾ ਵਿਚ ਮਨੁੱਖੀ ਮਦਦ ਵੰਡਣ ਵਾਲੇ ਸਥਾਨ ਦੇ ਨੇੜੇ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਦੱਸਿਆ ਕਿ ਉਸ ਨਾਲ ਅਤੇ ਹੋਰ ਕੈਦੀਆਂ ਨਾਲ ਕਿਵੇਂ ਬੋਤਲ ਉਨ੍ਹਾਂ ਦੀ ਗੁਦਾ ਵਿਚ ਧੱਕਦੇ ਬਲਾਤਕਾਰ ਕੀਤਾ ਗਿਆ।

"ਸਿਪਾਹੀਆਂ ਨੇ ਮੈਨੂੰ ਅਤੇ ਹੋਰ ਛੇ ਕੈਦੀਆਂ ਨੂੰ ਗੋਡਿਆਂ ਭਾਰ ਬੈਠਣ ਲਈ ਕਿਹਾ ਅਤੇ ਉਨ੍ਹਾਂ ਨੇ ਬੋਤਲ ਗੁਦਾ ਵਿਚ ਘੁਸੇੜਕੇ, ਅੰਦਰ ਬਾਹਰ ਕਰਦੇ ਹੋਏ ਸਾਡੇ ਨਾਲ ਬਲਾਤਕਾਰ ਕੀਤਾ। ਮੇਰੇ ਨਾਲ ਇਹ ਚਾਰ ਵਾਰ ਹੋਇਆ, ਹਰ ਵਾਰ ਲਗਭਗ ਦੱਸ ਵਾਰ ਬੋਤਲ ਅੰਦਰ-ਬਾਹਰ ਕੀਤੀ ਗਈ। ਮੈਂ ਦਰਦ ਨਾਲ ਚੀਕ ਰਿਹਾ ਸੀ ਅਤੇ ਮੇਰੇ ਨਾਲ ਦੇ ਬੰਦੇ ਵੀ ਚੀਕ ਰਹੇ ਸਨ। ਚਾਰ ਵਾਰ ਵਿੱਚੋਂ ਦੋ ਵਾਰ ਇਹ ਸਿਰਫ਼ ਮੇਰੇ ਨਾਲ ਹੋਇਆ, ਅਤੇ ਦੋ ਵਾਰ ਹੋਰਾਂ ਨਾਲ — ਇਕ ਵਾਰ ਛੇ ਲੋਕਾਂ ਨਾਲ ਅਤੇ ਇਕ ਵਾਰ ਬਾਰਾਂ ਜਣਿਆਂ ਨਾਲ। ਮੈਂ ਦੇਖਿਆ ਕਿ ਉਹ ਬਾਕੀਆਂ ਨਾਲ ਕੀ ਕਰ ਰਹੇ ਸਨ, ਓਦੋਂ ਮੈਂ ਸਮਝ ਗਿਆ ਕਿ ਅਜਿਹਾ ਬੋਤਲ ਨਾਲ ਕੀਤਾ ਜਾ ਰਿਹਾ ਹੈ। ਸਾਡੇ ਪਿੱਛੇ ਇਕ ਕੁੱਤਾ ਵੀ ਸੀ, ਜਿਵੇਂ ਉਹ ਕੁੱਤਾ ਵੀ ਸਾਡੇ ਨਾਲ ਬਲਾਤਕਾਰ ਕਰ ਰਿਹਾ ਹੋਵੇ। ਉਨ੍ਹਾਂ ਨੇ ਸਾਡਾ ਮਾਣ-ਸਨਮਾਨ ਪੂਰੀ ਤਰ੍ਹਾਂ ਕੁਚਲ ਦਿੱਤਾ ਅਤੇ ਸਾਡੀ ਆਤਮਾ ਤੇ ਜ਼ਿੰਦਗੀ ਦੀ ਉਮੀਦ ਤੋੜ ਦਿੱਤੀ। ਮੈਂ ਅੱਗੇ ਪੜ੍ਹਨਾ ਚਾਹੁੰਦਾ ਸੀ; ਹੁਣ ਜੋ ਮੇਰੇ ਨਾਲ ਹੋਇਆ, ਉਸ ਤੋਂ ਬਾਅਦ ਮੈਂ ਪੂਰੀ ਤਰ੍ਹਾਂ ਟੁੱਟ ਗਿਆ ਹਾਂ।"








ਮਈ 2025 'ਚ ਪੀਸੀਐੱਚਆਰ ਨੇ 100 ਤੋਂ ਵੱਧ ਰਿਹਾਅ ਹੋਏ ਕੈਦੀਆਂ ਦੀਆਂ ਗਵਾਹੀਆਂ 'ਤੇ ਆਧਾਰਿਤ ਵਿਆਪਕ ਰਿਪੋਰਟ ਜਾਰੀ ਕੀਤੀ ਸੀ। ਉਸ ਰਿਪੋਰਟ ਵਿਚ ਇਜ਼ਰਾਇਲੀ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਦੇ ਅੰਦਰ ਵਿਆਪਕ ਤਸੀਹਿਆਂ, ਹਿਰਾਸਤ ਦੇ ਅਣਮਨੁੱਖੀ ਹਾਲਾਤਾਂ ਅਤੇ ਉੱਥੇ ਇਲਾਜ ਤੋਂ ਇਨਕਾਰ ਦਾ ਵੇਰਵਾ ਦਰਜ ਕੀਤਾ ਗਿਆ ਸੀ। ਰਿਪੋਰਟ ਨੇ ਨਤੀਜਾ ਕੱਢਿਆ ਕਿ ਆਈ.ਓ.ਐੱਫ. (Israiel Occupation Forces), ਖ਼ੁਫੀਆ ਏਜੰਸੀਆਂ ਅਤੇ ਇਜ਼ਰਾਇਲੀ ਜੇਲ੍ਹ ਪ੍ਰਬੰਧ ਦੇ ਸਟਾਫ਼ ਵੱਲੋਂ ਕੀਤਾ ਗਿਆ ਸਲੂਕ ਨਾ ਸਿਰਫ਼ ਅੰਤਰਰਾਸ਼ਟਰੀ ਕਾਨੂੰਨ ਤਹਿਤ ਤਸ਼ੱਦਦ ਦੀਆਂ ਸਾਰੀਆਂ ਸ਼ਰਤਾਂ 'ਤੇ ਪੂਰਾ ਉਤਰਦਾ ਹੈ, ਸਗੋਂ ਕਤਲੇਆਮ ਦੇ ਪੱਧਰ ਤੱਕ ਜਾਂਦਾ ਹੈ, ਖ਼ਾਸ ਤੌਰ 'ਤੇ ਕਤਲੇਆਮ ਦੇ ਹੇਠ ਲਿਖੇ ਕਾਰਿਆਂ ਦੇ ਰੂਪ ਵਿਚ: (1) ਕਿਸੇ ਸਮੂਹ ਦੇ ਮੈਂਬਰਾਂ ਨੂੰ ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ; ਅਤੇ (2) ਸਮੂਹ ਉੱਤੇ ਜ਼ਿੰਦਗੀ ਦੇ ਅਜਿਹੇ ਹਾਲਾਤ ਥੋਪਣਾ ਜੋ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ 'ਤੇ ਉਸ ਦੀ ਜਿਸਮਾਨੀ ਤਬਾਹੀ ਸੋਚਕੇ ਬਣਾਏ ਗਏ ਹੋਣ।

ਪੀਸੀਐੱਚਆਰ ਦੇ ਮੁਤਾਬਿਕ, ਨਵੀਆਂ ਗਵਾਹੀਆਂ ਹਿਰਾਸਤ ਵਿਚ ਰੱਖੇ ਗਏ ਫ਼ਲਸਤੀਨੀਆਂ ਦੇ ਖ਼ਿਲਾਫ਼ ਵਰਤੇ ਜਾ ਰਹੇ ਤਸ਼ੱਦਦ ਅਤੇ ਮਨੋਵਿਗਿਆਨਕ ਯੁੱਧ ਦੇ "ਜਿਨਸੀ ਪਾਸਾਰ" ਦੇ ਹੋਰ ਸਬੂਤ ਮੁਹੱਈਆ ਕਰਦੀਆਂ ਹਨ।

ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ, ਜਿਨ੍ਹਾਂ ਵਿਚ ਜੈਨੇਵਾ ਕਨਵੈਨਸ਼ਨਜ਼, ਆਈਸੀਸੀ (International Criminal Court) ਦਾ ਰੋਮ ਸਟੈਟਿਊਟ ਅਤੇ ਤਸੀਹਿਆਂ ਵਿਰੁੱਧ ਯੂ.ਐੱਨ. ਦੀ ਕਨਵੈਨਸ਼ਨ ਸ਼ਾਮਲ ਹਨ, ਹਥਿਆਰਬੰਦ ਸੰਘਰਸ਼ ਦੇ ਦੌਰਾਨ ਕੀਤੀ ਗਈ ਜਿਨਸੀ ਹਿੰਸਾ ਅਤੇ ਬਲਾਤਕਾਰ ਨੂੰ ਯੁੱਧ ਜੁਰਮ ਅਤੇ ਮਾਨਵਤਾ ਦੇ ਖ਼ਿਲਾਫ਼ ਜੁਰਮ ਮੰਨਿਆ ਗਿਆ ਹੈ।

ਮਨੁੱਖੀ ਹੱਕਾਂ ਦੀਆਂ ਸੰਸਥਾਵਾਂ, ਜਿਵੇਂ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ, ਪਹਿਲਾਂ ਵੀ ਫ਼ਲਸਤੀਨੀ ਕੈਦੀਆਂ ਨਾਲ ਕੀਤੇ ਜਾ ਰਹੇ ਸਲੂਕ ਬਾਰੇ ਚਿੰਤਾਵਾਂ ਜ਼ਾਹਰ ਕਰ ਚੁੱਕੀਆਂ ਹਨ, ਹਾਲਾਂਕਿ ਇਸ ਪੱਧਰ 'ਤੇ ਯੋਜਨਾਬੱਧ ਜਿਨਸੀ ਹਿੰਸਾ ਦਾ ਦਸਤਾਵੇਜ਼ੀਕਰਨ ਬਹੁਤ ਘੱਟ ਹੋਇਆ ਹੈ।

ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ: ਫ਼ਲਸਤੀਨੀ ਕੈਦੀਆਂ ਖ਼ਿਲਾਫ਼ ਇਨ੍ਹਾਂ ਗੰਭੀਰ ਜੁਰਮਾਂ ਦੀ ਰੌਸ਼ਨੀ 'ਚ, ਪੀਸੀਐੱਚਆਰ ਅੰਤਰਰਾਸ਼ਟਰੀ ਭਾਈਚਾਰੇ — ਯੂ.ਐੱਨ. ਦੇ ਜਨਰਲ ਸਕੱਤਰ,

***(ਬਾਕੀ ਅਗਲੇ ਸਫੇ 'ਤੇ)***

# ਕੈਨੇਡਾ ਫੇਰੀ ਦੌਰਾਨ ਪੱਤਰਕਾਰ ਜਗਤਾਰ ਸਿੰਘ ਦੀ ਭਾਰੇ ਸਿੱਖ ਵਿਸ਼ਿਆਂ ਬਾਰੇ ਸਰਲ ਅਤੇ ਸਪੱਸ਼ਟ ਬਿਆਨੀ!

ਸਾਬਕਾ ਪੱਤਰਕਾਰ ਸ. ਜਗਤਾਰ ਸਿੰਘ ਜੁਲਾਈ ਵਿਚ ਕੈਨੇਡਾ ਫੇਰੀ 'ਤੇ ਆਏ ਸਨ। ਫੇਰੀ ਦੌਰਾਨ ਉਹ ਕਈ ਸਭਾਵਾਂ ਵਿਚ ਬੋਲੇ ਅਤੇ ਕਈ ਰੇਡੀਓ ਅਤੇ ਟੈਲੀਵੀਜ਼ਨ ਪ੍ਰੋਗਰਾਮਾਂ ਵਿਚ ਸ਼ਾਮਿਲ ਹੋਏ। ਉਨ੍ਹਾਂ ਨੂੰ ਸੁਣਨ ਵਾਲਿਆਂ ਦੀ ਵੱਡੀ ਗਿਣਤੀ ਸਿੱਖਾਂ ਦੀ ਸੀ। ਸਿੱਖ ਮਨ ਅਜੇ ਵੀ 1984 ਦੀਆਂ ਘਟਨਾਵਾਂ ਬਾਰੇ ਸੁਣਨ ਅਤੇ ਸਮਝਣ ਲਈ ਉਤਨਾ ਹੀ ਉਤਸੁਕ ਹੈ ਜਿੰਨਾ ਅੱਜ ਤੋਂ 40 ਸਾਲ ਪਹਿਲਾਂ। ਫਰਕ ਕੇਵਲ ਇਹ ਹੈ ਕਿ ਹੁਣ 40 ਸਾਲ ਪਹਿਲਾਂ ਵਾਲੀ ਭਾਵਿਕਤਾ ਵਿਚ ਕੁੱਝ ਠਹਿਰਾ ਹੈ ਅਤੇ ਲੋਕ ਉਸ ਸਮੇਂ ਦੇ ਚਸ਼ਮਦੀਦਾਂ ਨੂੰ ਸੁਣ ਕੇ ਸੱਚ ਦੇ ਹੋਰ ਨੇੜੇ ਹੋਣਾ ਚਾਹੁੰਦੇ ਹਨ। ਥੋੜ੍ਹੇ ਸਮੇਂ ਵਿਚ ਹੀ ਬਹੁਤ ਸਾਰਾ ਇਤਿਹਾਸ ਵਾਪਰ ਜਾਣ ਕਾਰਨ

**ਹਜ਼ਾਰਾ ਸਿੰਘ**
**ਫੋਨ: 647-685-5997**

ਸਿੱਖ ਅਜੇ ਵੀ 1984 ਨਾਲ ਜੁੜੀਆਂ ਘਟਨਾਵਾਂ ਨੂੰ ਪੂਰੀ ਸਪੱਸ਼ਟਤਾ ਨਾਲ ਜਾਣ ਨਹੀਂ ਸਕੇ, ਇਸ ਲਈ ਉਸ ਸਮੇਂ ਨਾਲ ਵਾਹ ਰੱਖਣ ਵਾਲੇ ਪੰਜਾਬ ਤੋਂ ਆਏ ਕਿਸੇ ਵੀ ਬੁਲਾਰੇ ਨੂੰ ਲੋਕ ਸੁਣਨਾ ਚਾਹੁੰਦੇ ਹਨ। ਸ. ਜਗਤਾਰ ਸਿੰਘ ਨੂੰ ਵੀ ਲੋਕਾਂ ਨੇ ਐਸੇ ਬੁਲਾਰੇ ਵਜੋਂ ਹੀ ਸੁਣਿਆ। ਉਸ ਨੇ ਵੀ ਖੁੱਲ੍ਹ ਕੇ ਗੱਲਾਂ ਕੀਤੀਆਂ। ਪਿਛਲੇ ਸਮੇਂ ਵਿਚ ਪੰਜਾਬ ਤੋਂ ਆਏ ਕਈ ਬੁਲਾਰਿਆਂ ਦੀਆਂ ਗੱਲਾਂ ਪਸੰਦ ਨਾ ਆਉਣ 'ਤੇ ਉਨ੍ਹਾਂ ਦਾ ਵਿਰੋਧ ਵੀ ਹੁੰਦਾ ਰਿਹਾ ਹੈ ਪਰ ਸ. ਜਗਤਾਰ ਸਿੰਘ ਨਾਲ ਕਿਸੇ ਗੱਲ 'ਤੇ ਵੀ ਕਿਸੇ ਦਾ ਕੋਈ ਤਕਰਾਰ ਨਹੀਂ ਹੋਇਆ। ਵਿਲੱਖਣ ਗੱਲ ਇਹ ਸੀ ਕਿ ਸ. ਜਗਤਾਰ ਸਿੰਘ ਨੇ ਕਈ ਭਾਰੀਆਂ ਗੱਲਾਂ ਬੜੇ ਹੀ ਸਹਿਜ ਨਾਲ ਕਰ ਦਿੱਤੀਆਂ ਅਤੇ ਸੁਣਨ ਵਾਲਿਆਂ ਨੇ ਵੀ ਸਹਿਜ ਨਾਲ ਹੀ ਹਜ਼ਮ ਕਰ ਲਈਆਂ। ਇਹ ਕੈਨੇਡਾ ਦੇ ਮਾਹੌਲ ਵਿਚ ਸੰਵਾਦ ਰਚਾਉਣ ਪ੍ਰਤੀ ਸਿੱਖ ਭਾਈਚਾਰੇ ਦੀ ਪਹੁੰਚ ਵਿਚ ਆਈ ਸਿਫਤੀ ਤਬਦੀਲੀ ਦਾ ਸੰਕੇਤ ਸੀ। ਸ. ਜਗਤਾਰ ਸਿੰਘ ਨੇ ਵੀ ਆਪਣੀ ਸੁਣਾਉਣ ਲਈ ਲੰਮੇ ਚੌੜੇ ਭਾਸ਼ਣ ਦੇਣ ਦੀ ਬਜਾਇ, 'ਕਿਛੁ ਸੁਣੀਐ, ਕਿਛੁ ਕਹੀਐ', ਅਨੁਸਾਰ ਸੁਣਨ ਅਤੇ ਕਹਿਣ ਦੀ ਰੀਤ 'ਤੇ ਚਲਦਿਆਂ ਸੰਵਾਦ ਰਚਾਇਆ। ਪਿਛਲੇ ਸਮੇਂ ਵਿਵਾਦਤ ਰਹੀਆਂ ਜਿਨ੍ਹਾਂ ਭਾਰੀਆਂ ਗੱਲਾਂ ਨੂੰ ਸਰਦਾਰ ਸਾਹਿਬ ਨੇ ਸਰਲ ਅਤੇ ਸਹਿਜ ਨਾਲ ਕਹਿ ਦਿਤਾ ਉਨ੍ਹਾਂ ਵਿਚੋਂ, "ਗੱਲ ਮੰਨ ਕੇ ਸੱਜਣਾਂ ਪਿਆਰਿਆਂ ਦੀ, ਕਿੱਸਾ ਅਜਬ ਬਹਾਰ ਦਾ ਜੋੜਿਆ ਈ", ਵਾਂਗ ਕੁੱਝ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨ ਦੇ ਯਤਨ ਵਜੋਂ ਪੇਸ਼ ਹੈ ਇਹ ਲਿਖਤ।

1. ਸਿੱਖਾਂ ਦੀਆਂ ਹਿੰਸਕ ਕਾਰਵਾਈਆਂ: 1978 ਦੇ ਸਿੱਖ ਨਿਰੰਕਾਰੀ ਟਕਰਾ ਤੋਂ ਬਾਅਦ ਸਿੱਖ ਜਗਤ ਇਤਿਹਾਸ ਦੇ ਨਵੇਂ ਦੌਰ ਵਿਚ ਸ਼ਾਮਿਲ ਹੋਇਆ। ਸਿੱਖਾਂ 'ਤੇ ਤਸ਼ੱਦਦ ਦੀਆਂ ਘਟਨਾਵਾਂ ਵਾਪਰਨ ਲੱਗ ਪਈਆਂ। ਨਾਲ-ਨਾਲ ਨਿਰੰਕਾਰੀਆਂ ਅਤੇ ਸਿੱਖ ਵਿਰੋਧੀ ਸੁਰ ਰੱਖਣ ਵਾਲਿਆਂ ਦੇ ਕਤਲ ਵੀ ਹੋਣੇ ਸ਼ੁਰੂ ਹੋ ਗਏ। ਸਿੱਖ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾਣ ਲੱਗ ਪਏ ਅਤੇ ਪੁਲੀਸ ਅਧਿਕਾਰੀ 'ਤੇ ਵੀ ਹਮਲੇ ਹੋਣ ਲੱਗ ਪਏ। ਮਾਹੌਲ, "ਮਾਰਨ ਵਾਲੇ ਕੌਣ ਸਨ, ਇਹ ਪਤਾ ਨਾ ਲੱਗਾ। ਪਰ ਬੇਦੋਸ਼ਾ ਖੂਨ ਤਾਂ ਪੱਗਾਂ ਸਿਰ ਲੱਗਾ", ਵਾਲਾ ਬਣ ਗਿਆ। ਨਿਰੰਕਾਰੀਆਂ ਅਤੇ ਸਿੱਖਾਂ ਪ੍ਰਤੀ ਜ਼ਰਾ ਕੁ ਕੌੜ ਰੱਖਣ ਵਾਲਿਆਂ ਦੇ ਹੁੰਦੇ ਕਤਲਾਂ ਦੇ ਦੋਸ਼ੀ ਸਿੱਖਾਂ ਨੂੰ ਮੰਨਿਆ ਜਾਣ ਲੱਗਾ। ਦੂਸਰੇ ਪਾਸੇ ਸਿੱਖ ਆਵਾਮ ਸਿੱਖਾਂ 'ਤੇ ਹੋ ਰਹੇ ਤਸ਼ੱਦਦ ਦਾ ਦੋਸ਼ੀ ਸਿੱਖ ਵਿਰੋਧੀ ਭੜਕਾਊ ਅਨਸਰਾਂ ਅਤੇ ਸਟੇਟ ਨੂੰ ਮੰਨ ਰਹੇ ਸਨ। ਹੌਲੀ-ਹੌਲੀ ਹਿੰਸਕ ਘਟਨਾਵਾਂ ਹੋਰ ਵਧਣ ਲੱਗ ਪਈਆਂ, ਸਿੱਖਾਂ ਦੀ ਜਥੇਬੰਦਕ ਹਿੰਸਾ ਦੇ ਨਕਸ਼ ਉੱਭਰ ਪਏ ਅਤੇ ਸੰਤ ਜਰਨੈਲ ਸਿੰਘ ਨੂੰ ਹਿੰਸਕ ਕਾਰਵਾਈਆਂ ਕਰਨ ਵਾਲਿਆਂ ਦਾ ਮੋਹਰੀ ਟਿੱਕ ਲਿਆ ਗਿਆ। ਹਿੰਸਕ ਕਾਰਵਾਈਆਂ ਦਾ ਦੋਸ਼ ਜਰਨੈਲ ਸਿੰਘ ਉੱਪਰ ਜ਼ਰੂਰ ਲਗਦਾ ਸੀ ਪਰ ਦੋਸ਼ੀ ਨਾ ਪਕੜੇ ਜਾਣ ਕਾਰਨ ਕੋਈ ਪੁਖਤਾ ਸਬੂਤ ਨਹੀਂ ਸੀ। ਐਸੇ ਮਾਹੌਲ ਵਿਚ ਸਿੱਖਾਂ ਦਾ ਇੱਕ ਹਿੱਸਾ ਖੁਸ਼ ਸੀ ਕਿ ਸਿੱਖਾਂ ਦੇ ਦੋਖੀਆਂ ਨੂੰ ਜਵਾਬ ਦੇਣ ਲਈ ਕੋਈ ਤਾਂ ਉਠਿਆ ਪਰ ਨਾਲ ਹੀ ਸਿੱਖਾਂ ਦੀ ਵੱਡੀ ਗਿਣਤੀ ਸੰਤ ਅਤੇ ਉਸਦੇ ਬੰਦਿਆਂ ਸਿਰ ਲਗਦੇ ਕਤਲਾਂ ਦੇ ਇਲਜ਼ਾਮ ਨੂੰ ਏਜੰਸੀਆਂ ਦਾ ਪ੍ਰਾਪੇਗੰਡਾ ਕਹਿ ਕੇ ਰੱਦ ਵੀ ਕਰਦੀ ਆ ਰਹੀ ਸੀ। ਜੇ ਕੋਈ ਬੰਦਾ ਇਹ ਕਹਿੰਦਾ ਕਿ ਸੰਤ ਦੇ ਬੰਦੇ ਹਿੰਸਕ ਕਾਰਵਾਈਆਂ ਕਰ ਰਹੇ ਹਨ ਤਾਂ ਆਮ ਸਿੱਖ ਉਸਨੂੰ ਏਜੰਸੀਆਂ ਦਾ ਬੰਦਾ ਕਹਿ ਕੇ ਭੰਡਦੇ ਅਤੇ ਵਧ ਰਹੀ ਹਿੰਸਾ ਨੂੰ ਏਜੰਸੀਆਂ ਦਾ ਕਾਰਾ ਦੱਸ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ ਸਰਕਾਰੀ ਖੇਡ ਕਹਿ ਕੇ ਸਟੇਟ ਨੂੰ ਭੰਡਦੇ। ਇਹ ਸਿਲਸਿਲਾ ਅਕਤੂਬਰ 1983 ਤੱਕ ਚੱਲਿਆ। ਇਸ ਸਮੇਂ ਤੱਕ 78 ਦਾ ਨਿਰੰਕਾਰੀ ਕਾਂਡ, ਨਿਰੰਕਾਰੀ ਮੁਖੀ ਦਾ ਕਤਲ, ਪੰਜਾਬ ਵਿਚ ਕਈ ਨਿਰੰਕਾਰੀ ਕਤਲ, ਦਹੇੜੂ ਮੁਕਾਬਲਾ, ਕੁਲਵੰਤ ਸਿੰਘ ਨਾਗੋਕੇ ਦਾ ਮੁਕਾਬਲਾ, ਸੰਤ ਦੀ ਗ੍ਰਿਫਤਾਰੀ ਅਤੇ ਰਿਹਾਈ, ਲਾਲਾ ਜਗਤ ਨਰਾਇਣ ਦਾ ਕਤਲ, ਡੀਆਈ ਜੀ ਅਟਵਾਲ ਦਾ ਕਤਲ ਆਦਿ ਪਰਮੁੱਖ ਘਟਨਾਵਾਂ ਵਾਪਰ ਚੁੱਕੀਆਂ ਸਨ। ਦਰਬਾਰ ਸਾਹਿਬ ਤੋਂ ਅਕਾਲੀ ਮੋਰਚਾ ਚੱਲ ਰਿਹਾ ਸੀ ਅਤੇ ਸੰਤ ਜਰਨੈਲ ਸਿੰਘ ਵੀ ਆਪਣੇ ਜਥੇ ਨਾਲ ਗੁਰੂ ਨਾਨਕ ਨਿਵਾਸ ਵਿਚ ਠਹਿਰਿਆ ਹੋਇਆ ਸੀ। ਇਸ ਦੌਰਾਨ 5 ਅਕਤੂਬਰ, 1983 ਦੀ ਰਾਤ ਨੂੰ ਢਿੱਲਵਾਂ ਲਾਗੇ ਬੱਸ ਵਿਚੋਂ ਉਤਾਰ ਕੇ 6 ਹਿੰਦੂ ਮੁਸਾਫਿਰ ਮਾਰ ਦੇਣ ਦੀ ਦਿਲ ਕੰਬਾਊ ਘਟਨਾ ਵਾਪਰ ਗਈ। ਇਸ ਘਟਨਾ ਨੇ ਦੇਸ਼ ਅਤੇ ਪੰਜਾਬ ਹਿਲਾ ਕੇ ਰੱਖ ਦਿੱਤੇ। ਰਾਜਨੀਤੀ ਵਿਚ ਭੂਚਾਲ ਆ ਗਿਆ। ਪੰਜਾਬ ਵਿਚ ਸ: ਦਰਬਾਰਾ ਸਿੰਘ ਦੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਹਿੰਸਾ ਦੀ ਸਭ ਪਾਸਿਓਂ ਜੋ ਨਿਖੇਧੀ ਹੋਣੀ ਸੀ, ਉਹ ਹੋਈ। ਕਿਉਂਕਿ ਹਿੰਦੂਆਂ ਨੂੰ ਚੁਣ ਕੇ ਮਾਰਨ ਦੀ ਇਹ ਘਟਨਾ ਬਿਲਕੁਲ ਨਿਵੇਕਲੀ ਸੀ ਇਸ ਲਈ ਇਸਦੇ ਅਰਥ ਵੀ ਬੜੇ ਹੀ ਡੂੰਘੇ ਸਨ। ਸਿਆਣੇ ਲੋਕ ਇਸ ਨੂੰ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਪੱਕੀ ਲਕੀਰ ਖਿੱਚਣ ਦੀ ਕੋਸ਼ਿਸ਼ ਵਜੋਂ ਵੇਖਦੇ ਸਨ। ਪਰ ਸਿੱਖਾਂ ਦਾ ਦੇਸ਼ ਵਿਦੇਸ਼ ਵਿਚ ਵਸਦਾ ਬਹੁਤ ਵੱਡਾ ਹਿੱਸਾ ਇਸਨੂੰ ਅੱਜ ਤੱਕ ਸੰਤਾਂ ਅਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਏਜੰਸੀਆਂ ਦਾ ਕੀਤਾ ਕਾਰਾ ਹੀ ਸਮਝਦਾ ਆ ਰਿਹਾ ਹੈ। ਐਡੀ ਵੱਡੀ ਘਟਨਾ ਬਾਰੇ ਗੱਲ ਕਰਦਿਆਂ ਜਦ ਸ: ਜਗਤਾਰ ਸਿੰਘ ਨੇ ਬਰੈਂਪਟਨ ਵਿਖੇ ਲੋਕਾਂ ਸਾਹਮਣੇ ਬੋਲਦਿਆਂ ਕਿਹਾ ਕਿ ਕਈ ਘਟਨਾਵਾਂ, ਜਿਨ੍ਹਾਂ ਨੂੰ ਅਸੀਂ ਏਜੰਸੀਆਂ ਸਿਰ ਲਾਉਂਦੇ ਰਹੇ, ਉਹ ਠੀਕ ਨਹੀਂ ਸੀ। ਜਿਵੇਂ ਢਿੱਲਵਾਂ ਬੱਸ ਕਾਂਡ ਜਿਸ ਨੂੰ ਅਸੀਂ ਏਜੰਸੀਆਂ ਵੱਲੋਂ ਕੀਤਾ ਕਾਰਾ ਕਹਿੰਦੇ ਰਹੇ ਉਸਦੀ ਪੜਤਾਲ ਕੀਤਿਆਂ ਪਤਾ ਲੱਗਾ ਕਿ ਇਸ ਵਿਚ ਦਰਬਾਰ ਸਾਹਿਬ ਤੋਂ ਗਏ ਖਾੜਕੂ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਇਸਦੀ ਪੜਤਾਲ ਕਰਦਿਆਂ ਮੈਂ ਇਸ ਕਾਂਡ ਵਿਚ ਸ਼ਾਮਿਲ ਵਿਅਕਤੀ ਨਾਲ ਦੋ ਵਾਰ ਮੁਲਾਕਾਤ ਕੀਤੀ। ਸਭਾ ਵਿਚ ਬੈਠੇ ਸਭ ਲੋਕਾਂ ਨੇ ਇਹ ਵੱਡੀ ਗੱਲ ਉਸੇ ਹੀ ਸਹਿਜ ਨਾਲ ਸੁਣੀ ਜਿਸ ਸਹਿਜ ਨਾਲ ਸ: ਜਗਤਾਰ ਸਿੰਘ ਨੇ ਕਹੀ। ਪਹਿਲਾਂ ਐਸੀਆਂ ਗੱਲਾਂ ਕਰਨ ਵਾਲਿਆਂ ਨੂੰ ਸਖਤ



ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ।

2. ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ: ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਪੰਜਾਬ ਨਾਲ ਧੱਕਾ ਹੋਇਆ ਹੈ। ਦਰਿਆਈ ਪਾਣੀਆਂ ਦਾ ਫੈਸਲਾ ਕਾਨੂੰਨ ਅਨੁਸਾਰ ਕੋਰਟ ਤੋਂ ਕਰਵਾਉਣ ਦੀ ਬਜਾਇ ਗੈਰ-ਕਾਨੂੰਨੀ ਸਿਆਸੀ ਫੈਸਲੇ ਥੋਪੇ ਗਏ। ਪੰਜਾਬ ਦਾ ਪਾਣੀ ਮੁਫਤ ਵਿਚ ਲੁੱਟਿਆ ਜਾ ਰਿਹਾ ਹੈ। ਇਸ ਮਸਲੇ ਨੇ ਉਸ ਖਿੱਤੇ ਦੇ ਅਮਨ ਨੂੰ 50 ਸਾਲਾਂ ਤੋਂ ਲਾਂਬੂ ਲਾਇਆ ਹੋਇਆ ਹੈ। ਐਸ ਵਾਈ ਐਲ ਪੁੱਟਣ ਦੀ ਗੱਲ ਚੱਲਦੀ ਨੂੰ 40 ਵਰ੍ਹੇ ਹੋ ਗਏ ਹਨ ਪਰ ਪੁੱਟੀ ਨਹੀਂ ਜਾ ਸਕੀ। ਪੰਜਾਬ ਦੇ ਪਾਣੀਆਂ 'ਤੇ ਖੂਬ ਸਿਆਸਤ ਹੋ ਰਹੀ ਹੈ। ਹਰਿਆਣੇ ਵਾਲੇ ਪਾਣੀ ਲੈ ਕੇ ਰਹਾਂਗੇ ਦੇ ਨਾਹਰੇ 'ਤੇ ਸਿਆਸਤ ਕਰ ਰਹੇ ਹਨ ਅਤੇ ਪੰਜਾਬ ਵਾਲੇ ਇੱਕ ਬੂੰਦ ਨਹੀਂ ਦਿਆਂਗੇ ਦੇ ਬੋਲੇ 'ਤੇ ਸਿਆਸਤ ਕਰ ਰਹੇ ਹਨ। ਇੱਕ ਧੜਾ ਇਸ ਤੋਂ ਅੱਗੇ ਵਧ ਕੇ, "ਜਿੰਨਾ ਚਿਰ ਸੋਵਰੈਂਟੀ ਦਾ ਰਾਹ ਨਹੀਂ ਦਿੰਦੇ, ਓਨਾ ਚਿਰ ਪਾਣੀ ਛੱਡੋ, ਤੁਪਕਾ ਨਹੀਂ ਦਿੰਦੇ", ਪਾਣੀ ਦੀ ਲੜਾਈ ਨੂੰ ਸੋਵਰੈਂਟੀ ਦੀ ਲੜਾਈ ਬਣਾ ਕੇ ਲੜ ਰਹੇ ਹਨ। ਪਾਣੀ ਦੀ ਲੜਾਈ ਵਿਚ ਮਿਲਦੇ ਪਾਣੀ ਦੀ ਸਹੀ ਵਰਤੋਂ ਕਰਨ ਦਾ ਨੁਕਤਾ ਕਿਸੇ ਨੂੰ ਯਾਦ ਹੀ ਨਹੀਂ ਰਿਹਾ। ਪਾਣੀ ਵਰਗੇ ਵੱਡੇ ਮੁੱਦੇ ਨੂੰ ਪਾਣੀ ਦੀ ਸੁਵਰਤੋਂ ਦੇ ਸਵਾਲ ਨਾਲ ਜੋੜ ਕੇ ਗੱਲ ਕਰਦਿਆਂ ਸ: ਜਗਤਾਰ ਸਿੰਘ ਨੇ ਆਖਿਆ ਕਿ ਆਪਾਂ ਪਾਣੀ ਦੀ ਲੜਾਈ ਲੜ ਕੇ ਪਾਣੀ ਬਚਾਉਣ ਦੀ ਗੱਲ ਤਾਂ ਕਰਦੇ ਹਾਂ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੋ ਪਾਣੀ ਸਾਨੂੰ ਮਿਲਿਆ ਹੋਇਆ ਕੀ ਅਸੀਂ ਉਸਦੀ ਵਰਤੋਂ ਵੀ ਕਰ ਰਹੇ ਹਾਂ ਕਿ ਨਹੀਂ? ਸ: ਸਾਹਿਬ ਨੇ ਬੜੇ ਸਹਿਜ ਨਾਲ ਵੱਡੇ ਮੁੱਦੇ ਨਾਲ ਜੁੜੀ ਪੰਜਾਬੀਆਂ ਦੀ ਲਾਪਰਵਾਹੀ ਵੱਲ ਧਿਆਨ ਦਿਵਾ ਕੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੋ ਪਾਣੀ ਸਾਨੂੰ ਮਿਲਦਾ ਹੈ ਉਸਨੂੰ ਸਾਂਭਣ ਯੋਗਾ ਢਾਂਚਾ ਬਣਾਉਣ ਵੱਲ ਧਿਆਨ ਨਾ ਦੇਣਾ ਅਤੇ ਕੇਵਲ ਪਾਣੀ ਦੀ ਲੜਾਈ ਦੀਆਂ ਗੱਲਾਂ ਵਿਚ ਹੀ ਰੁਝੇ ਰਹਿਣ ਦਾ ਰੁਝਾਨ ਠੀਕ ਨਹੀਂ। ਭਾਵੇਂ ਕਿ ਇਸਦਾ ਇਹ ਭਾਵ ਕਤਈ ਨਹੀਂ ਸੀ ਕਿ ਪੰਜਾਬ ਨੂੰ ਉਸਦਾ ਹੱਕ ਨਹੀਂ ਮਿਲਣਾ ਚਾਹੀਦਾ।

3. ਏਅਰ ਇੰਡੀਆ ਕਨਿਸ਼ਕਾ ਕਾਂਡ: 23 ਜੂਨ, 1985 ਨੂੰ ਏਅਰ ਇੰਡੀਆ ਦੇ ਦੋ ਜਹਾਜ਼ਾਂ ਵਿਚ ਬੰਬ ਫਟੇ। ਇੱਕ ਜਾਪਾਨ ਦੇ ਨੀਰੀਤਾ ਹਵਾਈ ਅੱਡੇ 'ਤੇ ਜਿਸ ਵਿਚ ਦੋ ਕਰਮਚਾਰੀ ਮਾਰੇ ਗਏ ਅਤੇ ਦੂਸਰਾ ਆਇਰਲੈਂਡ ਦੇ ਤੱਟ ਦੇ ਨੇੜੇ ਅੱਧ ਅਸਮਾਨ ਸਮੁੰਦਰ ਦੇ ਉੱਪਰ ਜਿਸ ਵਿਚ 331 ਮੁਸਾਫਿਰ ਅਤੇ ਜਹਾਜ਼ ਦਾ ਅਮਲਾ ਮਾਰਿਆ ਗਿਆ। ਇਸ ਭਿਆਨਕ ਦੁਰਘਟਨਾ ਨੂੰ ਹਵਾਈ ਸਫਰ ਦੇ ਇਤਿਹਾਸ ਦੀ ਸਭ ਤੋਂ ਵੱਡੀ ਦਹਿਸ਼ਤਗਰਦ ਕਾਰਵਾਈ ਕਿਹਾ ਜਾਂਦਾ ਹੈ। ਪਹਿਲੇ ਦਿਨ ਤੋਂ ਹੀ ਇਹ ਕਾਰਵਾਈ ਸਿੱਖਾਂ ਦੇ ਨਾਂ ਵੱਜਣੀ ਸ਼ੁਰੂ ਹੋ ਗਈ। ਦੇਸ਼ ਵਿਦੇਸ਼ ਦੇ ਸਿੱਖਾਂ ਵਾਸਤੇ ਇਸ ਦੋਸ਼ ਦਾ ਸਾਹਮਣਾ ਕਰਨਾ ਬੜਾ ਔਖਾ ਹੋ ਗਿਆ, ਉਨ੍ਹਾਂ ਨੇ ਮੋੜਵੇਂ ਦੋਸ਼ ਵਜੋਂ ਇਸਨੂੰ ਸਿੱਖਾਂ ਨੂੰ ਬਦਨਾਮ ਕਰਨ ਵਾਲਾ ਭਾਰਤੀ ਏਜੰਸੀਆਂ ਦਾ ਕਾਰਾ ਦੱਸਿਆ। ਇਸ ਦੁਰਘਟਨਾ ਵਿਚ ਭਾਰਤੀ ਕੌਂਸਲੇਟ ਦੇ ਮਿਲੇ ਹੋਣ ਦੀਆਂ ਗੱਲਾਂ ਉਡਾਈਆਂ। ਕੈਨੇਡੀਅਨ ਸਿੱਖ ਜਥੇਬੰਦੀਆਂ ਨੇ ਰਾਇਲ ਕਮਿਸ਼ਨ ਬਿਠਾਏ ਜਾਣ ਦੀ ਮੰਗ ਕੀਤੀ। ਪੁਲੀਸ ਦੀ ਜਾਂਚ ਚਲਦੀ ਰਹੀ। ਪੁਲੀਸ ਨੇ ਇੱਕ ਸਿੱਖ ਇੰਦਰਜੀਤ ਸਿੰਘ ਰਿਆਤ ਨੂੰ ਪਕੜ ਕੇ ਮੁਕੱਦਮਾ ਚਲਾਇਆ ਜਿਸ ਨੂੰ ਜਹਾਜ਼ ਵਿਚ ਰੱਖੇ ਬੰਬ ਬਣਾਉਣ ਵਾਲਾ ਬੰਬਘਾੜਾ ਸਾਬਿਤ ਕੀਤਾ ਗਿਆ ਅਤੇ ਉਸਨੂੰ ਇਸ ਸੰਬੰਧੀ ਤਿੰਨ ਵਾਰ ਸਜ਼ਾ ਹੋਈ। ਉਸਨੂੰ ਤਕਰੀਬਨ 17 ਸਾਲ ਜੇਲ੍ਹ ਵਿਚ ਰਹਿਣਾ ਪਿਆ। ਉਸ ਨਾਲ ਫੜੇ ਹੋਰ ਦੋ ਸਿੱਖਾਂ 'ਤੇ ਵੀ ਮੁਕੱਦਮਾ ਚੱਲਿਆ ਪਰ ਉਹ ਬਰੀ ਹੋ ਗਏ। ਵੈਸੇ ਮੁਕੱਦਮੇ ਦੌਰਾਨ ਜ਼ਮਾਨਤ ਨਾ ਮਿਲਣ ਕਾਰਨ ਉਨ੍ਹਾਂ ਨੂੰ ਵੀ ਕੋਈ ਪੰਜ ਸਾਲ ਜੇਲ੍ਹ ਵਿਚ ਹੀ ਬਿਤਾਉਣੇ ਪਏ। ਮੁਕੱਦਮੇ ਤੋਂ ਬਾਅਦ ਹੋਰ ਵੀ ਕਮਿਸ਼ਨ ਬੈਠਿਆ। ਪਰ ਸਿੱਖ ਰਾਇਲ ਕਮਿਸ਼ਨ ਦੀ ਮੰਗ ਕਰਦੇ ਰਹੇ ਅਤੇ ਇਸ ਦਰਦਨਾਕ ਕਾਂਡ ਨੂੰ ਭਾਰਤੀ ਏਜੰਸੀਆਂ ਦਾ ਕਾਰਾ ਕਹਿੰਦੇ ਰਹੇ। ਪੁਲੀਸ ਵੱਲੋਂ ਜਾਂਚ ਅੱਜ ਵੀ ਜਾਰੀ ਹੈ ਪਰ ਹੁਣ ਤੱਕ ਦੀ ਹੋਈ ਕਾਰਵਾਈ ਨੇ ਇਸ ਨੂੰ ਕੈਨੇਡਾ ਆਧਾਰਿਤ ਸਿੱਖ ਦਹਿਸ਼ਤਗਰਦਾਂ ਦੀ ਕਾਰਵਾਈ ਵਜੋਂ ਪ੍ਰਵਾਨਿਤ ਕਰਕੇ ਸਕੂਲਾਂ ਦੀਆਂ ਕਿਤਾਬਾਂ ਵਿਚ ਦਰਜ ਕਰ ਦਿੱਤਾ ਹੈ। ਸਿੱਖ ਇਸ ਦਾਗ ਤੋਂ ਬਚਣ ਲਈ ਏਜੰਸੀਆਂ ਵੱਲ ਉਂਗਲ ਕਰ ਰਹੇ ਹਨ ਅਤੇ ਦੂਸਰੇ ਪਾਸੇ ਦਹਿਸ਼ਤਗਰਦੀ ਦੇ ਇਸ ਕਾਰੇ ਨੂੰ ਘਰੋੜ ਘਰੋੜ ਕੇ ਸਿੱਖ ਦਹਿਸ਼ਤਗਰਦੀ ਕਹਿਕੇ ਕੈਨੇਡਾ ਸਰਕਾਰ ਤੇ ਸਿੱਖ ਦਹਿਸ਼ਤਗਰਦੀ ਨੂੰ ਨਕੇਲ ਪਾਉਣ ਲਈ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਸ: ਜਗਤਾਰ ਸਿੰਘ ਨੇ ਇਸ ਮਸਲੇ ਬਾਰੇ ਵੀ ਸਹਿਜ ਨਾਲ ਹੀ ਸਭ ਸਪੱਸ਼ਟ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸ: ਤਲਵਿੰਦਰ ਸਿੰਘ ਪਰਮਾਰ ਨੇ ਇਸ ਕਾਰਵਾਈ ਬਾਰੇ ਸਾਫ ਕਰਦਿਆਂ ਦੱਸ ਦਿੱਤਾ ਸੀ ਕਿ ਇਹ ਕੰਮ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਕਾਰਨ ਗੁੱਸੇ ਵਿਚ ਆ ਕੇ ਕੀਤਾ ਸੀ। ਜਿਸਦਾ ਮਕਸਦ ਕੇਵਲ ਭਾਰਤੀ ਸਿਸਟਮ ਖ਼ਿਲਾਫ ਗੁੱਸਾ ਕੱਢਣਾ ਸੀ ਨਾ ਕਿ ਬੰਦੇ ਮਾਰਨਾ। ਜਾਨੀ ਨੁਕਸਾਨ ਨੂੰ ਮੱਦੇ ਨਜ਼ਰ ਰੱਖਦਿਆਂ ਹੀ ਬੰਬਾਂ ਦੇ ਟਾਈਮਰ ਇਸ ਤਰੀਕੇ ਸੈਟ ਕੀਤੇ ਸਨ ਕਿ ਬੰਬ ਉਦੋਂ ਫਟਣ ਜਦ ਜਹਾਜ਼ ਹਵਾਈ ਅੱਡੇ 'ਤੇ ਖਾਲੀ ਖੜ੍ਹਾ ਹੋਏ। ਪਰ ਬਦਕਿਸਮਤੀ ਨੂੰ ਟੋਰਾਂਟੋ ਤੋਂ ਲੰਡਨ ਜਾ ਰਿਹਾ ਜਹਾਜ਼ ਲੇਟ ਹੋ ਗਿਆ ਅਤੇ ਬੰਬ ਰਾਹ ਵਿਚ ਹੀ ਫਟ ਗਿਆ। ਜੇ ਜਹਾਜ਼ ਲੇਟ ਨਾ ਹੁੰਦਾ ਤਾਂ ਜਾਪਾਨ ਵਿਚ ਫਟੇ ਬੰਬ ਵਾਂਗ ਇੱਥੇ ਵੀ ਬਹੁਤਾ ਜਾਨੀ ਨੁਕਸਾਨ ਨਹੀਂ ਸੀ ਹੋਣਾ। ਸ. ਜਗਤਾਰ ਨੇ ਸਪੱਸ਼ਟ ਕਿਹਾ ਕਿ ਸਿੱਖਾਂ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਹ ਕਾਰਵਾਈ ਭਾਰਤ ਖ਼ਿਲਾਫ ਗੁੱਸੇ ਕਾਰਨ ਵਾਪਰੀ ਸੀ ਜਿਸ ਵਿਚ ਕਿਸੇ ਦੀ ਜਾਨ ਲੈਣ ਦਾ ਕੋਈ ਇਰਾਦਾ ਨਹੀਂ ਸੀ। ਇਹ ਗੱਲ ਐਡੀ ਵੱਡੀ ਸੀ ਕਿ ਇਸ ਬਾਰੇ ਕਿਸੇ ਦਾ ਕੋਈ ਵੀ ਪ੍ਰਤੀਕਰਮ ਨਹੀਂ ਆਇਆ। ਲੋਕਾਂ ਨੇ ਇਹ ਭਾਰੀ ਗੱਲ ਵੀ ਸਹਿਜ ਨਾਲ ਸੁਣ ਲਈ।

4. ਦਰਬਾਰ ਸਾਹਿਬ ਅੰਦਰੋਂ ਫੌਜ ਨਾਲ ਹਥਿਆਰਬੰਦ ਟੱਕਰ: ਜੂਨ 1984 ਵਿਚ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਅੰਦਰੋਂ ਸੰਤ ਜਰਨੈਲ ਸਿੰਘ ਦੇ ਸਾਥੀਆਂ ਨੇ ਵੀ ਮਿਥ ਕੇ ਟੱਕਰ ਲਈ। ਪਰ ਸਿੱਖ 30 ਵਰ੍ਹੇ ਇਹ ਮੰਨਣ ਨੂੰ ਤਿਆਰ ਹੀ ਨਹੀਂ ਹੋਏ ਕਿ ਸੰਤ ਨੇ ਮਿਥ ਕੇ ਲੜਾਈ ਲੜਨ ਲਈ ਬਕਾਇਦਾ ਹਥਿਆਰ ਇਕੱਠੇ ਕੀਤੇ, ਮੋਰਚਾਬੰਦੀ ਕੀਤੀ ਅਤੇ ਫੌਜ ਨਾਲ ਹਥਿਆਰਬੰਦ ਟੱਕਰ ਲਈ। ਸਿੱਖ ਇਸ ਨੂੰ ਸਰਕਾਰੀ ਪ੍ਰਾਪੇਗੰਡਾ ਹੀ ਕਹਿੰਦੇ ਰਹੇ। ਕਿਉਂਕਿ ਸੰਤ ਵੱਲੋਂ ਕੀਤੀ ਲੜਾਈ ਦੀ ਗੱਲ ਮੰਨ ਲੈਣ ਨਾਲ ਸਰਕਾਰ ਨੂੰ ਹਮਲਾ ਕਰਨ ਦਾ ਦੋਸ਼ ਦੇਣ ਵਾਲਾ ਪ੍ਰਵਚਨ ਹਲਕਾ ਪੈ ਜਾਣ ਦਾ ਖਦਸ਼ਾ ਸੀ। ਇਸ ਲਈ ਸਿੱਖਾਂ ਦੀ ਵੱਡੀ ਗਿਣਤੀ ਦਰਬਾਰ ਸਾਹਿਬ ਅੰਦਰ ਹਥਿਆਰ ਲਿਜਾਣ, ਮੋਰਚਾਬੰਦੀ ਕਰਨ ਅਤੇ ਫੌਜ ਨਾਲ ਗਹਿਗੱਚ ਜੰਗ ਲੜਨ ਵਾਲੀਆਂ ਸਾਰੀਆਂ ਗੱਲਾਂ ਨੂੰ ਝੂਠ ਕਹਿ ਕੇ ਰੱਦ ਕਰਦੀ ਰਹੀ ਅਤੇ ਆਪਣੇ ਆਪ ਨੂੰ ਫੌਜੀ ਹਮਲੇ ਦੇ ਜ਼ੁਲਮ ਦੀ ਪੀੜਤ ਧਿਰ ਵਜੋਂ ਪੇਸ਼ ਕਰਦੀ ਰਹੀ। ਪਰ ਪਿਛਲੇ ਕੁੱਝ ਵਰ੍ਹਿਆਂ ਤੋਂ ਸਿੱਖਾਂ ਨੇ ਫੌਜ ਨਾਲ ਲੜਾਈ ਲੜਨ ਵਾਲੀ ਗੱਲ ਨੂੰ ਹੌਲੀ-ਹੌਲੀ ਸਵੀਕਾਰਨਾ ਸ਼ੁਰੂ ਕਰ ਦਿੱਤਾ ਹੈ। ਸ: ਜਗਤਾਰ ਸਿੰਘ ਨੇ ਇਸ ਗੱਲ ਦੀ ਵੀ ਪ੍ਰੋੜਤਾ ਕਰ ਦਿੱਤੀ ਕਿ ਅੰਦਰੋਂ ਬਕਾਇਦਾ ਫੌਜ ਦਾ ਮੁਕਾਬਲਾ ਹੋਇਆ, ਘਮਸਾਨ ਦੀ ਲੜਾਈ ਲੜੀ ਗਈ ਜਿਸ ਵਾਸਤੇ ਜਨਰਲ ਸੁਬੇਗ ਸਿੰਘ ਦੀ ਨਿਗਰਾਨੀ ਵਿਚ ਫੌਜ ਤਿਆਰੀ ਕੀਤੀ ਗਈ ਅਤੇ ਲੜਨ ਵਾਲਿਆਂ ਮਰਨ ਦਾ ਮਨ ਬਣਾ ਕੇ ਲੜਾਈ ਲੜੀ। ਲੋਕਾਂ ਸ: ਸਾਹਿਬ ਦੀ ਇਸ ਗੱਲ ਨੂੰ ਵੀ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਸੁਣ ਕੇ ਹਜ਼ਮ ਕਰ ਲਿਆ।

ਸ: ਜਗਤਾਰ ਸਿੰਘ ਵੱਲੋਂ ਗੁੰਝਲਦਾਰ ਅਤੇ ਔਖੇ ਮਾਮਲਿਆਂ ਦੀ ਸਰਲ, ਸੰਖੇਪ ਅਤੇ ਸਪੱਸ਼ਟ ਬਿਆਨੀ ਵਾਲੀਆਂ ਗੱਲਾਂ, "ਇਹ ਕੁਰਾਨ ਮੁਜੀਦ ਦੇ ਮਾਇਨੇ ਨੇ, ਜੋ ਸ਼ਿਅਰ ਮੀਆਂ ਵਾਰਿਸ਼ ਸਾਹ ਦੇ ਨੇ", ਵਾਂਗ ਜਾਪੀਆਂ ਅਤੇ ਇਸੇ ਕਰਕੇ ਹੀ ਸੁਣਨ ਵਾਲਿਆਂ ਨੇ ਵੀ ਸਹਿਜ ਨਾਲ ਹੀ ਪ੍ਰਵਾਨ ਕਰ ਲਈਆਂ।

ਇਸ ਤੋਂ ਪਹਿਲਾਂ ਪੰਜਾਬ ਤੋਂ ਆਇਆ ਕੋਈ ਵੀ ਬੁਲਾਰਾ ਐਸੀਆਂ ਗੱਲਾਂ ਐਸੇ ਸਹਿਜ ਨਾਲ ਨਹੀਂ ਕਰ ਸਕਿਆ। ਇਸ ਨੂੰ ਬਦਲੇ ਸਮੇਂ ਕਾਰਨ ਆਈ ਤਬਦੀਲੀ ਕਹੀਏ, ਸ: ਜਗਤਾਰ ਸਿੰਘ ਹੁਰਾਂ ਦੀ ਗੱਲ ਕਹਿਣ ਦੀ ਕਲਾ ਕਹੀਏ ਜਾਂ ਕੋਈ ਵਾਹਿਗੁਰੂ ਦੀ ਕਲਾ ਕਹੀਏ, ਜੋ ਵੀ ਹੋਇਆ ਮੇਰੀ ਨਜ਼ਰ ਵਿਚ ਇਹ ਕ੍ਰਿਸ਼ਮੇ ਵਰਗਾ ਹੀ ਹੋਇਆ।

---

*(ਪਿਛਲੇ ਸਫ਼ੇ ਦਾ ਬਾਕੀ)*

ਯੂ.ਐਨ. ਦੇ ਸਪੈਸ਼ਲ ਪ੍ਰੋਸੀਜਰਜ਼ ਅਤੇ ਸਾਰੀਆਂ ਸੰਬੰਧਤ ਮਨੁੱਖੀ ਹੱਕ ਤੇ ਮਾਨਵਤਾਵਾਦੀ ਸੰਸਥਾਵਾਂ — ਨੂੰ ਅਪੀਲ ਕਰਦਾ ਹੈ ਕਿ ਉਹ ਫ਼ਲਸਤੀਨੀ ਕੈਦੀਆਂ ਖ਼ਿਲਾਫ਼ ਤਸ਼ੱਦਦ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਲਾਪਤਾ ਕਰਨ ਦੀ ਯੋਜਨਾਬੱਧ ਨੀਤੀ ਨੂੰ ਖ਼ਤਮ ਕਰਨ ਲਈ ਤੁਰੰਤ ਕਦਮ ਚੁੱਕਣ।

ਪੀਸੀਐੱਚਆਰ ਅੱਗੇ ਚੇਤਾਵਨੀ ਦਿੰਦਾ ਹੈ ਕਿ ਹਜ਼ਾਰਾਂ ਫ਼ਲਸਤੀਨੀ ਕੈਦੀ ਮੌਤ ਦੇ ਨਿਸ਼ਚਿਤ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ 3 ਨਵੰਬਰ 2025 ਨੂੰ ਕਨੈਸੈਟ (Knesset) ਦੀ ਨੈਸ਼ਨਲ ਸਕਿਉਰਿਟੀ ਕਮੇਟੀ ਨੇ ਇਕ ਮਸੌਦਾ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਹੈ ਜੋ ਫ਼ਲਸਤੀਨੀ ਕੈਦੀਆਂ ਨੂੰ ਫਾਂਸੀ ਦੇਣ ਦੀ ਇਜਾਜ਼ਤ ਦਿੰਦਾ ਹੈ — ਪੀਸੀਐੱਚਆਰ ਦੇ ਮੁਤਾਬਿਕ ਉਨ੍ਹਾਂ ਵਿੱਚੋਂ ਕਈਆਂ ਤੋਂ ਤਸ਼ੱਦਦ ਕਰਕੇ ਜ਼ਬਰਦਸਤੀ ਇਕਬਾਲੀਆ ਬਿਆਨ ਲਏ ਗਏ ਹਨ।

ਸੰਸਥਾ ਨੇ ਮੰਗ ਕੀਤੀ ਹੈ ਕਿ ਇਜ਼ਰਾਇਲ 'ਤੇ ਅਜਿਹਾ ਠੋਸ ਦਬਾਅ ਬਣਾਇਆ ਜਾਵੇ ਕਿ ਉਹ ਮਨਮਾਨੇ ਢੰਗ ਨਾਲ ਹਿਰਾਸਤ ਵਿਚ ਰੱਖੇ ਗਏ ਸਾਰੇ ਫ਼ਲਸਤੀਨੀਆਂ ਨੂੰ ਰਿਹਾਅ ਕਰੇ, ਸਾਰੇ ਜਬਰੀ ਲਾਪਤਾ ਕੀਤੇ ਗਏ ਲੋਕਾਂ ਦੀ ਸਥਿਤੀ ਅਤੇ ਥਾਂ ਦਾ ਖ਼ੁਲਾਸਾ ਕਰੇ, ਅਤੇ ਰੈਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੂੰ ਸਾਰੇ ਹਿਰਾਸਤ ਕੇਂਦਰਾਂ ਤੱਕ ਤੁਰੰਤ ਅਤੇ ਬੇਰੋਕ-ਟੋਕ ਪਹੁੰਚ ਦੀ ਇਜਾਜ਼ਤ ਦੇਵੇ।

ਪੀਸੀਐੱਚਆਰ ਨੇ ਕਿਹਾ ਕਿ ਉਹ ਆਈਸੀਸੀ ਅਤੇ ਯੂ.ਐਨ. ਦੀਆਂ ਸੰਬੰਧਤ ਵਿਵਸਥਾਵਾਂ ਨੂੰ ਸਬੂਤ ਇਕੱਠੇ ਕਰਕੇ ਦੇਣਾ ਜਾਰੀ ਰੱਖੇਗਾ, "ਤਾਂ ਜੋ ਪੀੜਤਾਂ ਲਈ ਨਿਆਂ ਅਤੇ ਮੁਲਜ਼ਮਾਂ ਲਈ ਜਵਾਬਦੇਹੀ ਅਤੇ ਸਜ਼ਾ ਯਕੀਨੀ ਬਣਾਈ ਜਾ ਸਕੇ।"

ਰਿਪੋਰਟ ਨੂੰ ਸਮੇਟਦਿਆਂ ਆਪਣੀ ਅਪੀਲ ਵਿਚ ਪੀਸੀਐੱਚਆਰ ਨੇ ਫ਼ਲਸਤੀਨੀ ਅਥਾਰਟੀ , ਗਾਜ਼ਾ ਦੀਆਂ ਸਿਹਤ ਅਥਾਰਟੀਜ਼ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਏਜੰਸੀਆਂ ਨੂੰ ਹਿੰਸਾ ਪੀੜਤਾਂ ਨੂੰ ਤੁਰੰਤ ਮਨੋਵਿਗਿਆਨਕ ਅਤੇ ਇਲਾਜ ਸਹਾਇਤਾ ਮੁਹੱਈਆ ਕਰਾਉਣ ਅਤੇ ਉਨ੍ਹਾਂ ਦੀ ਗੱਲ ਗੁਪਤ ਰੱਖਣ ਅਤੇ ਸੁਰੱਖਿਆ ਦੀ ਲੋੜ 'ਤੇ ਖ਼ਾਸ ਜ਼ੋਰ ਦਿੱਤਾ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਇਹ ਪੀੜਤ ਅਜਿਹੇ ਸਦਮਿਆਂ 'ਚੋਂ ਗੁਜ਼ਰ ਰਹੇ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੰਤਰਰਾਸ਼ਟਰੀ ਭਾਈਚਾਰਾ ਚੁੱਪ ਨਹੀਂ ਰਹਿ ਸਕਦਾ।"

ਇਜ਼ਰਾਇਲੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਅਜੇ ਤੱਕ ਰਿਪੋਰਟ ਵਿਚ ਲਗਾਏ ਗਏ ਦੋਸ਼ਾਂ ਬਾਰੇ ਕੋਈ ਜਵਾਬ ਨਹੀਂ ਦਿੱਤਾ ਹੈ। ਹਾਲਾਂਕਿ, ਇਜ਼ਰਾਇਲ ਪਹਿਲਾਂ ਵੀ ਗਿਣ-ਮਿਥਿਕੇ ਤਸ਼ੱਦਦ ਢਾਹੁਣ ਦੇ ਦੋਸ਼ਾਂ ਤੋਂ ਮੁੱਕਰਦਾ ਰਿਹਾ ਹੈ ਅਤੇ ਅਕਸਰ ਆਪਣੀ ਉਹੀ ਪੁਰਾਣੀ ਬਚਾਅ ਦੀ ਕਹਾਣੀ ਦੁਹਰਾਉਂਦਾ ਹੈ: ਜੋ ਵੀ ਫ਼ਲਸਤੀਨੀਆਂ ਨਾਲ ਉਸਦੇ ਅਣਮਨੁੱਖੀ ਸਲੂਕ ਦੀ ਆਲੋਚਨਾ ਕਰਦਾ ਹੈ, ਉਸਨੂੰ "ਯਹੂਦੀ-ਵਿਰੋਧੀ" ਕਰਾਰ ਦੇ ਦਿੰਦਾ ਹੈ। ਜਿਉਂ-ਜਿਉਂ ਇਹ ਠੱਪਾ ਆਪਣਾ ਪ੍ਰਭਾਵ ਗੁਆ ਰਿਹਾ ਹੈ ਅਤੇ ਆਲੋਚਕਾਂ ਨੂੰ ਡਰਾਉਣ 'ਚ ਨਾਕਾਮ ਹੋ ਰਿਹਾ ਹੈ, ਇਜ਼ਰਾਇਲ ਆਪਣਾ ਮਨਪਸੰਦ ਦੂਜਾ ਬਚਾਅ ਅਖ਼ਤਿਆਰ ਕਰਦਾ ਹੈ — ਜੋ ਵੀ ਉਸ ਵੱਲੋਂ ਕੀਤੇ ਜਾ ਰਹੇ ਕਤਲੇਆਮ ਅਤੇ ਯੁੱਧ ਜੁਰਮਾਂ ਦਾ ਵਿਰੋਧ ਕਰੇ, ਉਸ ਉੱਤੇ "ਹਮਾਸ ਪੱਖੀ" ਜਾਂ ਘੱਟੋ-ਘੱਟ ਉਸਦੇ ਏਜੰਡੇ ਦਾ ਹਮਾਇਤੀ ਹੋਣ ਦਾ ਦੋਸ਼ ਲਾ ਦਿੱਤਾ ਜਾਂਦਾ ਹੈ।

ਇਜ਼ਰਾਇਲੀ ਹਾਕਮ ਇਸ ਗੱਲੋਂ ਵੱਧ ਫ਼ਿਕਰਮੰਦ ਦਿਸਦੇ ਹਨ ਕਿ ਇਜ਼ਰਾਇਲ ਦੀ ਸਾਖ ਅਤੇ ਫ਼ੌਜ ਦੀ ਕਾਨੂੰਨੀ ਪੁਜ਼ੀਸ਼ਨ 'ਤੇ ਕੀ ਅਸਰ ਪਵੇਗਾ, ਬਜਾਏ ਇਸਦੇ ਕਿ ਐਨਾ ਘਿਣਾਉਣਾ ਜੁਰਮ ਕੀਤਾ ਗਿਆ ਹੈ। "ਦੁਨੀਆ ਦੀ ਸਭ ਤੋਂ ਨੈਤਿਕ ਫ਼ੌਜ" ਹੋਣ ਦਾ ਇਜ਼ਰਾਇਲ ਦਾ ਪੁਰਾਣਾ ਦਾਅਵਾ ਇਸ ਮਹੀਨੇ ਪਹਿਲਾਂ ਹੀ ਚਕਨਾਚੂਰ ਹੋ ਗਿਆ।

ਜੁਲਾਈ 2024 ਵਿਚ, ਸਦੇ ਤੇਈਮਾਨ ਹਿਰਾਸਤ ਕੇਂਦਰ ਤੋਂ ਇਕ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ, ਜਦੋਂ ਨਿਗਰਾਨੀ ਕੈਮਰੇ ਦੀ ਫੁਟੇਜ ਵਿਚ ਇਕ ਫ਼ਲਸਤੀਨੀ ਕੈਦੀ ਨਾਲ ਬਲਾਤਕਾਰ ਕਰਦੇ ਇਜ਼ਰਾਇਲੀ ਸਿਪਾਹੀ ਫੜੇ ਗਏ, ਜੋ ਬਾਅਦ ਵਿਚ ਗੰਭੀਰ ਜ਼ਖ਼ਮੀ ਹੋ ਗਿਆ। ਇਸ ਮਹੀਨੇ ਦੇ ਸ਼ੁਰੂ 'ਚ ਇਜ਼ਰਾਇਲੀ ਡਿਫੈਂਸ ਫੋਰਸ ਦੀ ਸਰਵਉੱਚ ਕਾਨੂੰਨੀ ਅਧਿਕਾਰੀ ਯਿਫ਼ਾਤ ਟੋਮਰ-ਯੇਰੂਸ਼ਲਮੀ ਨੂੰ ਇਹ ਕਬੂਲ ਕਰ ਲੈਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਕਿ ਉਸੇ ਨੇ ਉਹ ਫੁਟੇਜ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਸੀ। ਅੰਤਰਰਾਸ਼ਟਰੀ ਕਰਿਮੀਨਲ ਕੋਰਟ ਵੱਲੋਂ ਯੁੱਧ ਜੁਰਮਾਂ ਲਈ ਦੋਸ਼ੀ ਠਹਿਰਾਏ ਗਏ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਟਿੱਪਣੀ ਕੀਤੀ ਕਿ ਵੀਡੀਓ ਦਾ ਲੀਕ ਹੋਣਾ — ਨਾ ਕਿ ਇਸ ਦੀ ਸਮੱਗਰੀ — "ਸ਼ਾਇਦ ਇਜ਼ਰਾਇਲ ਦੀ ਸਥਾਪਨਾ ਤੋਂ ਲੈ ਕੇ ਇਸ ਨੂੰ ਦਰਪੇਸ਼ ਸਭ ਤੋਂ ਗੰਭੀਰ ਪਬਲਿਕ ਰਿਲੇਸ਼ਨਜ਼ ਹਮਲਾ ਹੈ।"

ਜਦੋਂ 2024 'ਚ ਜੁਰਮ ਕਰਨ ਵਾਲੇ ਉਨ੍ਹਾਂ ਸਿਪਾਹੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਇਜ਼ਰਾਇਲੀ ਸੜਕਾਂ 'ਤੇ ਉਤਰ ਆਏ — ਜੁਰਮ ਦੀ ਨਿਖੇਧੀ ਕਰਨ ਲਈ ਨਹੀਂ ਸਗੋਂ ਉਨ੍ਹਾਂ ਸਿਪਾਹੀਆਂ ਦੀ ਹਮਾਇਤ 'ਚ। ਪ੍ਰਦਰਸ਼ਨਕਾਰੀਆਂ ਵਿਚ ਰਾਜ-ਨੇਤਾ ਵੀ ਸ਼ਾਮਲ ਸਨ, ਜਿਨ੍ਹਾਂ ਵਿਚ ਅੱਤਵਾਦੀ ਵਿੱਤ ਮੰਤਰੀ ਬੇਜ਼ਾਲੇਲ ਸਮੋਤਰਿਕ ਵੀ ਸੀ, ਜਿਸ ਨੇ ਐਲਾਨ ਕੀਤਾ ਕਿ ਉਨ੍ਹਾਂ ਸਿਪਾਹੀਆਂ ਨਾਲ "ਨਾਇਕਾਂ ਵਾਲਾ ਸਲੂਕ" ਕੀਤਾ ਜਾਣਾ ਚਾਹੀਦਾ ਹੈ।

ਇਹ ਯੋਜਨਾਬੱਧ ਬਚਾਅ-ਤੰਤਰ ਇਹ ਯਕੀਨੀ ਬਣਾਉਂਦਾ ਹੈ ਕਿ ਫ਼ਲਸਤੀਨੀਆਂ ਉੱਪਰ ਹੋਣ ਵਾਲੇ ਜ਼ੁਲਮਾਂ ਨੂੰ ਕਾਨੂੰਨੀ ਜਾਂ ਨੈਤਿਕ ਨਾਕਾਮੀ ਦੀ ਬਜਾਏ ਮਹਿਜ਼ ਪਬਲਿਕ ਰਿਲੇਸ਼ਨਜ਼ ਸੰਕਟ ਵਜੋਂ ਹੀ ਦੇਖਿਆ ਜਾਵੇ।

# ਬਈ! ਤੈਨੂੰ ਸੱਤ ਸਲਾਮਾਂ...

ਪੰਜਾਬ ਕਿੰਨਾ ਭਾਗਾਂ ਵਾਲੈ। ਜਿਨ੍ਹਾਂ ਰੰਗ ਭਾਗ ਲਾਏ, ਸੱਤ ਸਲਾਮਾਂ ਐਸੇ ਪ੍ਰਤਾਪੀ ਬੰਦਿਆਂ ਨੂੰ। ਹਰਿਆਣਾ ਦਾ 'ਖੱਟਰ ਯੁੱਗ', ਪੰਜਾਬ ਦਾ 'ਕੱਟੜ ਯੁੱਗ', ਰਹਿੰਦੀ ਦੁਨੀਆ ਤੱਕ ਯਾਦ ਰਹੇਗਾ। 'ਕੀ ਖੱਟਿਆ ਠੋਡੀ ਨੂੰ ਹੱਥ ਲਾ ਕੇ, ਲਾਲਾ-ਲਾਲਾ ਹੋਗੀ ਮਿੱਤਰਾ', ਹਰਿਆਣਾ ਦੀ ਲੀਲਾ ਛੱਡੋ, ਪੰਜਾਬ ਤਾਂ ਮਗੈਂਬੋ ਤੋਂ ਵੱਧ ਖ਼ੁਸ਼ ਹੈ। ਹੁਣ ਪੰਜਾਬ ਦੇ ਸ਼ਾਲੀਮਾਰ ਬਾਗ਼ 'ਚ ਇਮਾਨਦਾਰੀ ਦੀ ਕਾਟੋ ਫੁੱਲਾਂ 'ਤੇ ਖੇਡ ਰਹੀ ਹੈ। ਬਿੰਨੂ ਢਿੱਲੋਂ ਇੱਕ ਪੰਜਾਬੀ ਫ਼ਿਲਮ 'ਚ ਪੁੱਛਣੋਂ ਨੀ ਹਟਦਾ,

ਚਰਨਜੀਤ ਭੁੱਲਰ

'ਕਾਟੋ ਕਾਹਤੋਂ'। ਬਈ! ਇਹ ਕਾਟੋ ਦੀ ਨਿੱਜਤੈ, ਉਹ ਫੁੱਲਾਂ 'ਤੇ ਖੇਡੇ, ਚਾਹੇ ਕੰਡਿਆਂ 'ਤੇ।

ਸਰਕਾਰੀ ਇਮਾਨ ਏਨਾ ਕੱਟੜ ਹੈ ਕਿ ਰਹੇ ਰੱਬ ਦਾ ਨਾਮ। ਚੌਵੀ ਕੈਰੇਟ ਸੋਨੇ ਵਰਗਾ, ਐਨ ਸ਼ੁੱਧ 'ਤੇ ਖਰਾ। ਕੋਈ ਸ਼ੱਕ ਹੋਵੇ ਤਾਂ ਚਾਹੇ ਡੀਆਈਜੀ ਹਰਚਰਨ ਸਿਓਂ ਨੂੰ ਪੁੱਛ ਕੇ ਦੇਖ ਲੈਣਾ। ਸੰਘੀ ਏਜੰਸੀ ਸੀਬੀਆਈ ਦਾ ਕੱਖ ਨਾ ਰਹੇ, ਜੀਹਨੇ ਇਮਾਨ ਨੂੰ ਮੇਕਅਪ ਵੀ ਨੀ ਕਰਨ ਦਿੱਤਾ। ਮੁੰਨੀ ਤੋਂ ਵੱਧ ਬਦਨਾਮ ਕਰ'ਤਾ, ਸਾਢੇ ਸੱਤ ਕਰੋੜ ਦੀ ਮਾਇਆ, ਨਾਲੇ ਢਾਈ ਕਿੱਲੋ ਸੋਨਾ ਅਬਦਾਲੀ ਵਾਂਗੂ ਚੁੱਕ ਕੇ ਅਹੁ ਗਏ। ਕੰਵਰ ਗਰੇਵਾਲ ਨਸੀਹਤਾਂ ਦੀ ਪੰਡ ਖੋਲ੍ਹੀ ਬੈਠਾ, 'ਮੈਂ ਉਹਦੀਆਂ ਗਠੜੀਆਂ ਬੰਨ੍ਹ ਬੈਠਾ, ਜਿਹੜਾ ਨਾਲ ਨਹੀਂ ਜਾਣਾ।' ਭਲਾ ਪੁਰਸ਼ ਕ੍ਰਿਸ਼ਨੂੰ ਪ੍ਰਸ਼ਾਦ, ਕੋਲਿਆਂ ਦੀ ਦਲਾਲੀ 'ਚ ਮੂੰਹ ਕਾਲਾ ਕਰਾ ਬੈਠਾ।


ਅਦਲਾ ਬਦਲੀ ਸਰਕਾਰਾਂ ਦੀ ਹੁੰਦੀ ਹੈ, ਦਲਾਲਾਂ ਦੀ ਨਹੀਂ, ਇਹ ਪ੍ਰਜਾਤੀ ਅਮਰ ਰਹਿੰਦੀ ਹੈ। ਦਲਾਲਪੁਰੀਏ ਨਾ ਹੋਣ ਤਾਂ ਦਫ਼ਤਰੀ ਫਾਈਲਾਂ ਨੂੰ ਸਿਉਂਕ ਛਕ'ਜੇ, ਖੱਜਲ ਜਣੋ! ਇਹੋ ਤਾਂ ਫਾਈਲਾਂ ਨੂੰ ਧੱਕਾ ਲਾਉਂਦੇ ਨੇ। ਇੰਜ ਲੱਗਦੈ ਜਿਵੇਂ ਕ੍ਰਿਸ਼ਨੂੰ ਪ੍ਰਸ਼ਾਦ ਦਲਾਲ ਨੀ, ਐਂਚਆਰ ਮੈਨੇਜਰ ਹੋਵੇ, ਉਹ ਵੀ ਸਦਾਬਹਾਰ। ਹੁਣ ਨੇਕ ਅਫ਼ਸਰਾਂ ਨੂੰ ਧੁੜਕੂ ਲੱਗਿਐ, ਜਿਨ੍ਹਾਂ ਦੇ ਰੈਣ ਬਸੇਰੇ 'ਚ ਕ੍ਰਿਸ਼ਨੂੰ ਪ੍ਰਸ਼ਾਦ ਜੀ ਦੇ ਚਰਨ ਪਏ ਨੇ। ਵਿਜੀਲੈਂਸ ਨੂੰ 'ਖ਼ੁਦਾਈ' ਮੌਕੇ ਇੱਕ ਆਈਏਐੱਸ ਅਫ਼ਸਰ ਦੇ ਘਰੋਂ ਸੋਨੇ ਦੀਆਂ ਨੌਂ ਇੱਟਾਂ ਮਿਲੀਆਂ। ਇਨ੍ਹਾਂ ਅਫ਼ਸਰਾਂ ਦੀ ਨਿਸ਼ਕਾਮ ਸੇਵਾ ਦਾ ਕਲਯੁਗੀ ਬੰਦਿਆਂ ਨੇ ਧੇਲਾ ਮੁੱਲ ਨੀ ਪਾਇਆ। 'ਇਵੇਂ ਹੋਣੀ ਸੀ ਕਿ ਦੋਸ਼ ਨਣਦ ਨੂੰ ਦੇਵਾਂ'। ਪਰਮੀਸ਼ ਵਰਮਾ ਗਾਰੰਟੀ ਦੇ ਰਿਹੈ, 'ਫ਼ਿਕਰ ਨਾ ਕਰੋ, ਸਭ ਫੜੇ ਜਾਣਗੇ।'

ਕੋਈ ਨਹੀਂ ਫੜੇਗਾ, ਜੇ ਹਰੀ ਸ਼ੰਕਰ ਪਰਸਾਈ ਦੀ ਗੱਲ ਮੰਨੋਗੇ, 'ਰਿਸ਼ਵਤ ਲੇਤਾ ਪਕੜਾ ਜਾਏ ਤੋ ਰਿਸ਼ਵਤ ਦੇ ਕੇ ਛੂਟ।' ਉੜੀਸਾ ਦੇ ਰੇਲਵੇ ਅਫ਼ਸਰ ਦੇ ਘਰੋਂ ਸੰਘੀ ਏਜੰਸੀ ਨੇ 17 ਕਿੱਲੋ ਸੋਨਾ ਵਸੂਲ ਪਾਇਆ ਸੀ। ਸੰਸਦ ਮੈਂਬਰ ਧੀਰਜ ਪ੍ਰਸ਼ਾਦ ਸਾਹ ਦੀ ਕੁਟੀਆ 'ਚੋਂ 60 ਕਿੱਲੋ ਸੋਨਾ ਮਿਲਿਆ ਸੀ। ਏਧਰ, ਪੰਜਾਬ ਨੂੰ ਰਾਮ ਰਾਜ ਲੱਭਿਐ। ਅਮਿਤਾਭ ਬਚਨ ਪੁੱਛਦਾ ਪਿਐ, ਕੌਣ ਬਣੇਗਾ ਕਰੋੜਪਤੀ। ਮਾਹਤੜਾਂ ਨਾਲ ਤਾਂ ਲੱਛਮੀ ਦੀ ਅਣਬਣ ਐ, ਇਕੱਲੀ ਸਾਹਾਂ ਦੀ ਪੂੰਜੀ ਬਚੀ ਹੈ। ਸ਼ੁੱਧ ਸੋਨੇ ਦੀ ਮਾਲਕੀ ਕ੍ਰਿਸ਼ਨੂੰ ਦੇ ਬੌਸਾਂ ਕੋਲ ਐ। ਕਾਮਰੇਡੀ ਪ੍ਰਵਚਨ ਐ, ਇੱਕ ਬੰਦੇ ਦੀ ਅਮੀਰੀ ਪਿੱਛੇ ਲੱਖਾਂ ਲੋਕਾਂ ਦੀ ਗ਼ਰੀਬੀ ਹੁੰਦੀ ਹੈ।

ਬਾਬਾ ਆਲਮ ਵੀ ਸੱਚ ਆਖਦੈ, 'ਸਾਨੂੰ ਆਟੇ ਦਾ ਵੀ ਘਾਟਾ, ਤੇਰੇ ਕੁੱਤਿਆਂ ਨੂੰ ਖੀਰ, ਤੇਰੇ ਰੇਸ਼ਮੀ ਦੁਸ਼ਾਲੇ, ਸਾਡੇ ਤਨ 'ਤੇ ਨਾ ਲੀਰ।' ਬਾਬਿਓ! ਚਿੰਤਾ ਛੱਡੋ, ਬੱਸ ਸਮਾਜਵਾਦ ਸ਼ੰਭੂ ਬਾਰਡਰ ਟੱਪ ਆਇਐ। ਤੁਸੀਂ ਸ਼ੁਕਰਾਨੇ ਕਰੋ ਕ੍ਰਾਂਤੀਵੀਰਾਂ ਦੇ। ਏਨੀ ਤਾਂ ਪੰਜਾਬੀ ਔਰਤ ਬਜਾਜੀ ਦੀ ਦੁਕਾਨ 'ਤੇ ਨਹੀਂ ਖਿੜਦੀ ਜਿਨ੍ਹਾਂ ਅੱਜ-ਕੱਲ੍ਹ ਪੰਜਾਬ 'ਚ ਇਨਕਲਾਬੀ ਫੁੱਲ ਖਿੜਿਐ। ਥਾਮਸ ਐਡੀਸਨ ਨੇ ਬੱਲਬ ਦੀ ਖੋਜ ਕੀਤੀ, ਹਨੇਰਾ ਦੂਰ ਕੀਤਾ। ਇਵੇਂ ਕੇਜਰੀਵਾਲ ਬਦਲਾਅ ਆਲੀ ਕਰੇਨ ਨਾਲ ਕੁਰੱਪਸ਼ਨ ਨੂੰ ਜੜ੍ਹੋਂ ਪੁੱਟ ਰਿਹੈ। ਮਨੀਸ਼ ਸਿਸੋਦੀਆ ਪੰਜਾਬ ਖ਼ਾਤਰ ਘਰ ਬਾਰ ਛੱਡ ਆਇਆ। ਕਿੰਨੇ ਪਿਆਰ ਨਾਲ 'ਸਾਮ, ਦਾਮ ਤੇ ਦੰਡ' ਦੀ ਪਰਿਭਾਸ਼ਾ ਸਮਝਾ ਰਿਹੈ।

ਪੇਂਡੂ ਬਾਬਾ ਆਖਦੈ, ਭਾਈ! ਅਸੀਂ ਚਾਰ ਸਾਲ ਪਹਿਲਾਂ ਛੱਲੀਆਂ ਆਲੇ ਖੇਤ 'ਚ ਡਰਨਾ ਗੱਡਿਆ ਸੀ, ਡਰਨਾ ਹੀ ਛੱਲੀਆਂ ਲੈ ਕੇ ਭੱਜ ਗਿਆ, ਹੁਣ ਕੀ ਕਰੀਏ। ਕਰਨਾ ਕੀ ਐ, ਸ਼ਾਹਰੁਖ਼ ਖ਼ਾਨ ਨੂੰ ਸੁਣੋ, 'ਬੜੇ ਬੜੇ ਦੇਸ਼ੋਂ ਮੇ ਛੋਟੀ ਛੋਟੀ ਬਾਤੇਂ ਹੋਤੀ ਰਹਿਤੀ ਹੈਂ।' ਜੇ ਫਿਰ ਵੀ ਦਿਲ ਨਾ ਟਿਕੇ, ਸਤਿੰਦਰ ਸਰਤਾਜ ਨੂੰ ਧਿਆ ਲੈਣਾ, 'ਛੱਡ ਮਾਲਕ 'ਤੇ ਡੋਰਾਂ, ਬਹੁਤਾ ਸੋਚੀਂ ਨਾ'। ਸੰਧਵਾਂ ਆਲਾ ਕੁਲਤਾਰ ਸੋਚੀ ਜਾਂਦੈ, ਨਾਲੇ 'ਕਾਲੀਆਂ ਭੇਡਾਂ' ਆਲੀ ਸੂਚੀ ਉਡੀਕੀ ਜਾਂਦੈ।

ਵੱਡੇ ਬਾਦਲ ਨੇ ਫ਼ਰਮਾਨ ਕੀਤਾ, ਕਾਲੀਆਂ ਭੇਡਾਂ ਦੀ ਲਿਸਟ ਬਣਾਓ। ਸਿਆਣੇ ਅਫ਼ਸਰਾਂ ਨੇ ਜੁਆਬੀ ਮਸ਼ਵਰਾ ਦਿੱਤਾ, 'ਚਿੱਟੀਆਂ ਦੀ ਬਣਾ ਲੈਂਦੇ ਹਾਂ, ਨਾਲੇ ਜਲਦੀ ਬਣਜੂ।' ਕੱਟੜ ਇਮਾਨੀ



ਅਫ਼ਸਰਾਂ ਦਾ ਕੀ ਕਸੂਰ, ਰੱਬ ਦਾ ਦਿੱਤਾ ਛਕ ਰਹੇ ਨੇ, ਇਕੱਲੇ ਨਹੀਂ, ਵੰਡ ਕੇ। ਸੱਤਿਆ ਫ਼ਿਲਮ ਦਾ ਡਾਇਲਾਗ ਢੁਕਵੈਂ, 'ਇਸ ਸ਼ਹਿਰ ਮੇਂ ਪੁਲੀਸ ਕੇ ਬਿਨਾਂ ਪੱਤਾ ਨਹੀਂ ਹਿਲਤਾ, ਸਭ ਕੀ ਹਿੱਸੇਦਾਰੀ ਤੈਅ ਹੈ।' ਜਿਨ੍ਹਾਂ ਦਾ ਕਿਤੇ ਹੱਥ ਨੀ ਪੈਂਦਾ, ਉਹ 'ਅੱਜ ਦੇ ਰਾਂਝੇ' ਫਿਲਮ ਦੇ ਸਿਪਾਹੀ ਵਾਂਗੂ ਬੀਵੀ ਨੂੰ ਪੈ ਨਿਕਲਦੇ ਨੇ 'ਕਿਥੋਂ ਲਿਆ ਦਿਆਂ ਰਾਣੀ ਹਾਰ, ਮੈਂ ਸਿਪਾਹੀ ਹਾਂ, ਕੋਈ ਡੀਆਈਜੀ ਨਹੀਂ।'

ਡੀਆਈਜੀ ਹਰਚਰਨ ਸਿਓਂ ਦੇ ਘਰ ਰੱਬ ਦਾ ਦਿੱਤਾ ਸਭ ਕੁੱਝ ਸੀ। ਸੰਘੀ ਏਜੰਸੀ ਨੇ ਸਿੱਧਾ ਰੱਬ ਦੇ ਕੰਮ 'ਚ ਦਖਲ ਦੇਤਾ। 'ਚੱਲ ਉੱਡ ਜਾ ਰੇ ਪੰਛੀ, ਅਬ ਯੇ ਦੇਸ਼ ਹੂਆ ਬਿਗਾਨਾ'। ਜਿੰਨੇ ਵੀ ਸੋਨਾਮੁਖੀ ਨੇ, ਜਦੋਂ ਭੀੜ ਪਈ, ਫਿਰ ਦੇਸ਼ ਚੇਤੇ ਕਰੇਗਾ। ਖ਼ੁਦਾ ਨਖਾਸਤਾ, ਕਦੇ ਜੰਗ ਲੱਗ ਜਾਏ। ਚੀਨ ਦੀ ਜੰਗ ਤਾਂ ਯਾਦ ਹੋਊ, ਜਦੋਂ ਲੋਕਾਂ ਨੇ ਦੇਸ਼ ਖ਼ਾਤਰ ਸੋਨਾ ਦਾਨ ਕੀਤਾ ਸੀ। ਮੂਰਖ ਦਾਸੋ! ਅੱਜ ਦੇ ਦੇਸ਼ ਭਗਤਾਂ ਨੇ ਕੌਮੀ ਸੁਰੱਖਿਆ ਵਾਸਤੇ ਹੀ ਤਾਂ ਘਰਾਂ 'ਚ ਸੋਨਾ ਰੱਖਿਐ। ਭਾਰਤ ਮਾਂ ਦੇ ਇਹ ਸਪੂਤ ਜੇਲ੍ਹਾਂ ਤੋਂ ਕਿੱਥੇ ਡਰਨ ਵਾਲੇ ਨੇ। ਸੰਘੀ ਏਜੰਸੀ ਨੇ ਐਵੇਂ ਬਾਤ ਦਾ ਬਤੰਗੜ ਬਣਾ'ਤਾ। ਰਾਂਝਾ ਜੀ ਠੀਕ ਆਖਦੇ ਸਨ, 'ਜੋ ਰੰਨਾਂ ਤੋਂ ਵਰਜਦੇ ਚੇਲਿਆਂ ਨੂੰ, ਉਹ ਗੁਰੂ ਕੀ ਬੰਨ੍ਹ ਕੇ ਚੋਵਣੇਂ ਨੇ।'

ਪੰਜਾਬ ਪੁਲੀਸ ਕੋਲ ਪੰਜ-ਸੱਤ ਅਨਮੋਲ ਰਤਨ ਨੇ ਜਿਨ੍ਹਾਂ ਦੀ ਤੂਤੀ ਹਮੇਸ਼ਾ ਬੋਲਦੀ ਐ। ਬੱਸ ਇੱਕੋ ਅਸੂਲ 'ਹਾਂਜੀ ਹਾਂਜੀ ਕਹਿਣਾ, ਸਦਾ ਸੁਖੀ ਰਹਿਣਾ।' ਜਿਉਂ ਹੀ ਨਵੀਂ ਸਰਕਾਰ ਸਹੁੰ ਚੁੱਕਦੀ ਹੈ, ਇਹ ਐਨੂਅਲ ਪੈਕ ਲੈਂਦੇ ਨੇ, ਫਿਰ ਹਰ ਵਰ੍ਹੇ ਰਿਨਿਊ ਕਰਾਉਂਦੇ ਰਹਿੰਦੇ ਨੇ। ਅੱਜ-ਕੱਲ੍ਹ ਤਾਂ ਬਿਜਲੀ ਮਹਿਕਮੇ ਦੇ ਵਿਹੜੇ ਵੀ ਬਸੰਤ-ਬਹਾਰ ਹੈ। ਪਹਿਲਾਂ ਆਨੰਦ ਫਿਲਮ ਦਾ ਡਾਇਲਾਗ ਸੁਣੋ, 'ਲੋਗ ਕਹਿਤੇ ਹੈਂ ਇਮਾਨਦਾਰੀ ਮੇਂ ਕਿਆ ਮਿਲਤਾ ਹੈ, ਮੈਨੇ ਕਹਾ ਸਕੂਨ।' ਪਾਵਰਕੌਮ ਦੇ ਡਾਇਰੈਕਟਰ ਹਰਜੀਤ ਸਿਓਂ ਵੀ ਇਸੇ ਸਕੂਨ ਦੇ ਆਸ਼ਕ ਨੇ। ਨਵੇਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਪਹਿਲੇ ਝਟਕੇ ਹਰਜੀਤ ਨੂੰ ਘਰੇ ਤੋਰ'ਤਾ। ਅਖੇ ਆਸ਼ਕਾਂ ਦਾ ਏਥੇ ਕੀ ਕੰਮ।

ਪੰਜਾਬ ਜਣੋ! ਰਾਹਾਂ 'ਚੋਂ ਰੋੜੇ ਹਟਾਉਣੇ, ਕੋਈ ਅਰੋੜਾ ਸਾਹਿਬ ਤੋਂ ਸਿੱਖੇ। ਬਦਲਾਅ ਨੂੰ ਹੁਣ ਅੰਮ੍ਰਿਤਸਰ (ਦਿਹਾਤੀ) ਆਲੇ ਐੱਸਐੱਸਪੀ ਮਨਿੰਦਰ ਤੋਂ ਐਲਰਜੀ ਹੋ ਗਈ। ਮਨਿੰਦਰ ਅਖੀਰ ਤੱਕ ਗੈਂਗਸਟਰਾਂ ਨਾਲ ਭਿੜਿਆ। ਉਪ ਚੋਣ ਵੇਲੇ ਸਿਆਸਤ ਨਾਲ ਭਿੜ ਬੈਠਾ। ਮਨਿੰਦਰ ਹੁਣ ਉਸ ਬੈਂਚ ਤੇ ਬੈਠੇਗਾ ਜਿੱਥੇ ਪਹਿਲਾਂ ਗੁਰਕੀਰਤ ਕਿਰਪਾਲ ਹੋਰੀਂ ਬੈਠੇ ਨੇ। ਇਹ ਸਾਰੇ ਇਮਾਨਦਾਰੀ ਦਾ ਟੈਂਡਰ ਚੁੱਕਣਾ ਚਾਹੁੰਦੇ ਸੀ। ਗੋਨਿਆਣੇ ਆਲਾ ਹੇਮ ਰਾਜ ਮਿੱਤਲ, ਗਿਆਨੀ ਜ਼ੈਲ ਸਿੰਘ ਨੇ ਐੱਸਐੱਸਐੱਸ ਬੋਰਡ ਦਾ ਚੇਅਰਮੈਨ ਲਾ'ਤਾ। ਸਾਈਕਲ 'ਤੇ ਦਫ਼ਤਰ ਜਾਂਦਾ।

ਆਖ਼ਰੀ ਸਾਹ ਤੱਕ ਗੋਨਿਆਣੇ ਆਪਣੀ ਆਟਾ ਚੱਕੀ 'ਤੇ ਬੈਠਿਆ। ਕਿਸੇ ਨੇ ਪੁੱਛਿਆ, 'ਚਾਰ ਛਿੱਲੜ ਕਮਾ ਲੈਂਦਾ, ਅੱਜ ਇੱਥੇ ਨਾ ਬੈਠਣਾ ਪੈਂਦਾ।' ਅੱਗਿਓਂ ਜੁਆਬ ਮਿਲਿਆ, 'ਜੇਬਾਂ ਭਰਦਾ ਤਾਂ ਅੱਜ ਜੇਲ੍ਹ ਦੀ ਚੱਕੀ 'ਤੇ ਬੈਠਾ ਹੋਣਾ ਸੀ।' ਪੈਪਸੂ ਸਰਕਾਰ 'ਚ ਜੈਤੋ ਦਾ ਸੇਠ ਰਾਮ ਨਾਥ ਮੰਤਰੀ ਬਣਿਆ। ਬੱਸ 'ਤੇ ਬੈਠ ਸਹੁੰ ਚੁੱਕਣ ਪਹੁੰਚ ਗਿਆ ਪਟਿਆਲੇ। ਪਟਿਆਲੇ ਆਲਾ ਰਾਜਾ ਕਹਿੰਦਾ, ਸਹੁੰ ਚੁੱਕਣੀ ਹੈ ਤਾਂ ਅਚਕਨ ਪਹਿਨ ਕੇ ਆਵੋ, ਧੋਤੀ ਨਹੀਂ ਚੱਲੇਗੀ। 'ਮੈਨੂੰ ਨੀ ਚਾਹੀਦੀ ਇਹੋ ਜੇਹੀ ਵਜ਼ੀਰੀ', ਆਖ ਸੇਠ ਜੀ ਤੁਰ ਪਏ। ਮਗਰੋਂ ਮਸਾਂ ਮੋੜ ਕੇ ਲਿਆਏ।

ਸਾਦਗੀ ਤੇ ਇਮਾਨਦਾਰੀ ਦੇ ਵੇਲੇ ਹੁਣ ਕਿਥੇ ਰਹੇ ਨੇ। ਪੰਜਾਬ ਦਾ ਸਿਰ ਉੱਚਾ ਹੁਣ ਇਨਕਲਾਬੀ ਵੀਰਾਂ ਨੇ ਕੀਤੈ। ਤਰੱਕੀ ਦੇ ਰਾਹ 'ਚ ਜਿੰਨੇ ਵੀ ਅੜਿੱਕਾ ਸਿੰਘ ਰੋੜਾ ਬਣੇ, ਉਨ੍ਹਾਂ ਨੂੰ 'ਪਰਚਾ ਸਿੰਘ' ਨਾਲ ਸਾਈਕਲ 'ਤੇ ਬਿਠਾ ਜੇਲ੍ਹ ਨਾਥ ਦੇ ਡੇਰੇ ਛੱਡ ਆਏ। ਸਦੀਆਂ ਬਾਅਦ ਜਦ ਕੋਈ ਬ੍ਰਹਿਮੰਡ ਦਾ ਖ਼ੋਜੀ ਪੰਜਾਬ ਆਏਗਾ, ਬੌਂਦਲ ਜਾਏਗਾ ਜਦ ਜਾਣ ਜਾਏਗਾ ਕਿ 'ਕੱਟੜ ਘਾਟੀ ਦੀ ਸਭਿਅਤਾ' ਦੇ ਬਾਸ਼ਿੰਦੇ ਪੰਜਾਬੀ ਸਨ। ਜਦ ਘੱਗਰ ਤੋਂ ਰਾਵੀ ਤੱਕ ਥੇਹਾਂ ਦੀ ਖ਼ੁਦਾਈ ਹੋਵੇਗੀ ਤਾਂ 'ਕ੍ਰਾਂਤੀ ਯੋਜਨਾ' ਦੇ ਨਮੂਨੇ ਖੰਡਰਾਤਾਂ 'ਚੋਂ ਮਿਲਣਗੇ। ਇਮਾਨ ਦੀ ਤੜਾਗੀ ਦੇ ਚਿੰਨ੍ਹ ਲੱਭਣਗੇ।

ਅਖੀਰ 'ਚ ਚਾਨਣ ਸਿੰਘ ਹਨੇਰਾ ਲਤੀਫ਼ਾ ਲੈ ਕੇ ਹਾਜ਼ਰ ਹੈ। ਪ੍ਰਤਾਪ ਸਿੰਘ ਕੈਰੋਂ ਦੀ ਜਾਂਚ ਲਈ ਕੇਂਦਰ ਨੇ 'ਦਾਸ ਕਮਿਸ਼ਨ' ਬਿਠਾ'ਤਾ। ਕੈਰੋਂ ਨੂੰ ਅਸਤੀਫ਼ਾ ਦੇਣਾ ਪਿਆ। ਜਦੋਂ ਹਲਕੇ 'ਚ ਗਏ ਤਾਂ ਕੋਈ ਪੁਰਾਣਾ ਚੇਲਾ ਗੋਡੀਂ ਹੱਥ ਲਾ ਆਖਣ ਲੱਗਿਆ, 'ਜੀ! ਮੈਂ ਥੋਡਾ ਦਾਸ ਹਾਂ'। ਕੈਰੋਂ ਸਾਹਿਬ ਭੜਕ ਉੱਠੇ, 'ਪਹਿਲੇ ਦਾਸ ਦਾ ਪੱਟਿਆ ਤਾਬ ਨੀ ਆਇਆ, ਹੁਣ ਤੂੰ ਕਿਹੜਾ ਦਾਸ ਆ ਗਿਆ।'

# ਕੌਣ ਸੀ ਗੁਰੂਘਰ ਦਾ ਦੋਖੀ ਸਰਹਿੰਦ ਦਾ ਫੌਜ਼ਦਾਰ ਵਜ਼ੀਰ ਖਾਨ

ਵਜ਼ੀਰ ਖਾਨ ਜਿਸ ਨੂੰ ਸਿੱਖ ਇਤਿਹਾਸ ਵਿੱਚ ਵਾਰ ਵਾਰ ਸਰਹਿੰਦ ਦਾ ਸੂਬੇਦਾਰ ਲਿਖਿਆ ਗਿਆ ਹੈ, ਅਸਲ ਵਿੱਚ ਫੌਜ਼ਦਾਰ ਸੀਤੇ ਇਸ ਦਾ ਅਸਲ ਨਾਮ ਮਿਰਜ਼ਾ ਅਸਕਰੀ ਵਜ਼ੀਰ ਖਾਨ ਸੀ। । ਸਰਹਿੰਦ ਸਰਕਾਰ,ਦਿੱਲੀ ਸੂਬੇ ਦੇ ਅਧੀਨ ਆਉਂਦੀ ਸੀ ਤੇ ਸਤਲੁਜ ਤੋਂ ਲੈ ਕੇ ਜਮਨਾ ਤੱਕ (ਸਮੇਤ ਪਹਾੜੀ ਰਾਜੇ) ਦਾ ਇਲਾਕਾ ਇਸ ਦੇ ਅਧੀਨ ਸੀ। ਵਜ਼ੀਰ ਖਾਨ ਇਰਾਨੀ ਨਸਲ ਦਾ ਕੱਟੜ ਸੁੰਨੀ ਮੁਸਲਿਮ ਸੀ ਜਿਸ ਦਾ ਜਨਮ 1635 ਈਸਵੀ ਦੇ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਫੋਨ: 95011-00062

ਕਰੀਬ ਕੁੰਜਪੁਰਾ (ਹੁਣ ਜਿਲ੍ਹਾ ਕਰਨਾਲ, ਹਰਿਆਣਾ) 'ਚ ਹੋਇਆ ਸੀ। ਇਸ ਦਾ ਦਾਦਾ ਮਿਰਜ਼ਾ ਅਕਬਰ ਸ਼ਾਹੀ ਵਜ਼ੀਰ ਖਾਨ ਮੁਗਲ ਬਾਦਸ਼ਾਹ ਹੁਮਾਯੂੰ ਨਾਲ ਇਰਾਨ ਤੋਂ ਭਾਰਤ ਆਇਆ ਸੀ ਤੇ ਉਸ ਦਾ ਇੱਕ ਪ੍ਰਮੁੱਖ ਦਰਬਾਰੀ ਸੀ। ਹੁਮਾਯੂੰ 26 ਜੂਨ 1539 ਨੂੰ ਚੌਸਾ ਅਤੇ 17 ਮਈ 1540 ਨੂੰ ਕੰਨੌਜ ਦੀ ਜੰਗ ਵਿੱਚ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਇਰਾਨ ਭੱਜ ਗਿਆ ਸੀ ਜਿੱਥੇ ਬਾਦਸ਼ਾਹ ਸ਼ਾਹ ਤੈਹਮਾਸਪ ਪਹਿਲੇ ਨੇ ਉਸ ਨੂੰ ਸ਼ਰਨ ਦਿੱਤੀ ਸੀ। ਸ਼ੇਰ ਸ਼ਾਹ ਸੂਰੀ ਤੇ ਉਸ ਦੇ ਪੁੱਤਰ ਇਸਲਾਮ ਸ਼ਾਹ ਦੀ ਕ੍ਰਮਵਾਰ 22 ਮਈ 1545 ਤੇ 22 ਨਵੰਬਰ 1554 ਈਸਵੀ ਨੂੰ ਹੋਈ ਮੌਤ ਤੋਂ ਬਾਅਦ 1555 ਈਸਵੀ ਵਿੱਚ 14 ਸਾਲ ਦੇ ਬਨਵਾਸ ਤੋਂ ਬਾਅਦਦਿੱਲੀ ਵਾਪਸ ਆ ਸਕਿਆ ਸੀ।ਵਜ਼ੀਰ ਖਾਨ ਦੇ ਬਾਪ ਦਾ ਨਾਮ ਮਿਰਜ਼ਾ ਜ਼ਹੀਰ ਹਰਮ ਖਾਨਤੇ ਮਾਂ ਦਾ ਨਾਮ ਅਮੀਨਾ ਬੇਗਮ ਸੀ। ਮਿਰਜ਼ਾ ਜ਼ਹੀਰ ਵੀ ਮੁਗਲ ਪ੍ਰਸ਼ਾਸ਼ਨ ਵਿੱਚ ਕਈ ਅਹਿਮ ਅਹੁਦਿਆਂ 'ਤੇ ਰਿਹਾ ਸੀ। ਵਜ਼ੀਰ ਖਾਨ 17 - 18 ਉਮਰ ਵਿੱਚ ਮੁਗਲ ਫੌਜ ਵਿੱਚ ਭਰਤੀ ਹੋ ਗਿਆ ਤੇ ਤਰੱਕੀ ਕਰਦਾ ਹੋਇਆ ਪੰਜ ਹਜ਼ਾਰੀ ਮਨਸਬਦਾਰ ਬਣ ਗਿਆ। ਮੁਗਲ ਰਾਜ ਵਿੱਚ ਅਫਸਰਾਂ ਨੂੰ ਜਾਗੀਰ ਦੀ ਬਜਾਏ ਮਨਸਬ ਦਿੱਤੀ ਜਾਂਦੀ ਸੀ। ਪੰਜ ਹਜ਼ਾਰੀ ਦਾ ਮਤਲਬ ਹੈ ਕਿ ਇਸ ਨੂੰ ਪੰਜ ਹਜ਼ਾਰ ਪੈਦਲ ਤੇ ਪੰਜ ਹਜ਼ਾਰ ਘੋੜਸਵਾਰ ਸੈਨਿਕ ਰੱਖਣ ਦਾ ਅਧਿਕਾਰ ਸੀ ਜਿਨ੍ਹਾਂ ਦੀ ਤਨਖਾਹ ਦਿੱਲੀ ਦਰਬਾਰ ਵੱਲੋਂ ਅਦਾ ਕੀਤੀ ਜਾਂਦੀ ਸੀ। 1780 - 81 ਈਸਵੀ ਵਿੱਚ ਔਰੰਗਜ਼ੇਬ ਦੇ ਰਾਜ ਕਾਲ ਸਮੇਂ ਦਿੱਲੀ ਸੂਬੇ ਦੇ ਸੂਬੇਦਾਰ ਮੁਨੀਮ ਖਾਨ ਨੇ ਉਸ ਨੂੰ ਆਪਣੇ ਅਧੀਨ ਸਰਹਿੰਦ ਦਾ ਫੌਜਦਾਰ ਨਿਯੁੱਕਤ ਕੀਤਾ ਸੀ ਤੇ ਅਗਲੇ ਸੂਬੇਦਾਰ ਗਾਜ਼ੀਉਦੀਨ ਖਾਨ ਫਿਰੋਜ਼ ਜੰਗ ਨੇ ਵੀ ਉਸ ਦਾ ਇਹ ਅਹੁਦਾ ਕਾਇਮ ਰੱਖਿਆ।

ਗੁਰੂਘਰ ਨਾਲ ਦੁਸ਼ਮਣੀ ਦੀ ਕਰਤੂਤ ਤੋਂ ਇਲਾਵਾ ਇਤਿਹਾਸ ਵਿੱਚ ਇਸ ਦਾ ਕੋਈ ਹੋਰ ਕਾਰਨਾਮਾ ਸਾਹਮਣੇ ਨਹੀਂ ਆਇਆ। ਉਸ ਵੇਲੇ ਭਾਰਤ 'ਤੇ ਧਾਰਮਿਕ ਤੌਰ 'ਤੇ ਅਤਿਅੰਤਕੱਟੜ ਔਰੰਗਜ਼ੇਬ ਦਾ ਰਾਜ ਸੀ ਤੇ ਉਸ ਦੀ ਖੁਸ਼ਨੂਦੀ ਹਾਸਲ ਕਰਨ ਲਈ ਦਸਵੇਂ ਪਾਤਸ਼ਾਹ ਨਾਲ ਦੁਸ਼ਮਣੀ ਕਰਨ ਤੋਂ ਵਧੀਆ ਤਰੀਕਾ ਹੋਰ ਕੀ ਹੋ ਸਕਦਾ ਸੀ? ਇਸ ਨੇ ਪਹਾੜੀ ਰਾਜਿਆਂ ਦੀ ਮਦਦ ਨਾਲ ਆਨੰਦਪੁਰ ਸਾਹਿਬ 'ਤੇ ਕਈ ਵਾਰ ਹਮਲੇ ਕੀਤੇ ਜੋ ਅਸਫਲ ਰਹੇ। ਪਰ1704 ਈਸਵੀ ਨੂੰ ਕੀਤੀ ਗਈ ਕਈ ਮਹੀਨਿਆਂ ਦੀ ਘੇਰਾਬੰਦੀ ਤੋਂ ਬਾਅਦ ਗੁਰੂ ਸਾਹਿਬ ਨੂੰ ਆਨੰਦਪੁਰ ਦਾ ਕਿਲਾ ਛੱਡਣਾ ਪਿਆ। ਇਸ ਨੇ ਗੁਰੂ ਸਾਹਿਬ ਨਾਲ ਕੀਤੇ ਵਾਅਦੇ ਤੋੜ ਕੇ ਸਰਸਾ ਨਦੀ ਪਾਰ ਕਰਦੇ ਸਮੇਂ ਸਿੱਖਾਂ 'ਤੇ ਹਮਲਾ ਕਰ ਦਿਤਾ ਜਿਸ ਕਾਰਨ ਗੁਰੂ ਸਾਹਿਬ ਦਾ ਪਰਿਵਾਰ ਵਿੱਛੜ ਗਿਆ ਸੀ। ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ (ਮਾਤਾ ਗੁਜਰ ਕੌਰ) ਇਸ ਦੁਸ਼ਟ ਕਾਰਨ ਸ਼ਹੀਦ ਹੋਏ ਸਨ। ਸਾਹਿਬਜ਼ਾਦਾ ਅਜੀਤ ਸਿੰਘ (ਉਮਰ 17 ਸਾਲ) ਤੇ ਜੁਝਾਰ ਸਿੰਘ(ਉਮਰ 13 ਸਾਲ) ਚਮਕੌਰ ਦੀ ਜੰਗ ਵਿੱਚ ਦਸੰਬਰ 1704 ਈਸਵੀ ਨੂੰਸ਼ਹੀਦ ਹੋਏ ਤੇ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ (ਉਮਰ 9 ਸਾਲ) ਤੇ ਫਤਿਹ ਸਿੰਘ (ਉਮਰ 6 ਸਾਲ) ਨੂੰ 26 - 27 ਦਸੰਬਰ 1704 ਈਸਵੀਵਾਲੇ ਦਿਨ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ



ਖਬਰ ਸੁਣ ਕੇ ਮਾਤਾ ਗੁਜਰੀ ਨੇ ਵੀ ਸਵਾਸ ਤਿਆਗ ਦਿੱਤੇ ਸਨ।

ਇਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਵਜ਼ੀਰ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਔਰੰਗਜ਼ੇਬ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਸੀ ਜਾਂ ਉਹ ਖੁਦ ਹੀ ਐਨੀ ਘਟੀਆ ਮਾਨਸਿਕਤਾ ਦਾ ਵਿਅਕਤੀ ਸੀ ਕਿ ਅਜਿਹੀ ਘਿਣਾਉਣੀ ਹਰਕਤ ਕਰ ਗਿਆ। ਵਰਨਣਯੋਗ ਹੈ ਕਿ ਔਰੰਗਜ਼ੇਬ ਦੋ ਮੁਸਲਿਮ ਰਿਆਸਤਾਂ (ਬੀਜਾਪੁਰ ਤੇ ਗੋਲਕੁੰਡਾ) ਤੇ ਮਰਾਠਿਆਂ ਦੇ ਖਿਲਾਫ ਲੜਨ ਲਈ 1681 ਈਸਵੀ ਵਿੱਚ ਦੱਖਣ ਚਲਾ ਗਿਆ ਸੀ ਤੇ ਸੰਨ 1707 ਈਸਵੀ ਵਿੱਚ ਮੌਤ ਹੋਣ ਤੱਕ ਉਥੇ ਹੀ ਰਿਹਾ। ਛੋਟੇ ਸਾਹਿਬਜ਼ਾਦੇ 19 - 20 ਦਸੰਬਰ ਨੂੰ ਗ੍ਰਿਫਤਾਰ ਤੇ 26 - 27 ਦਸੰਬਰ ਨੂੰ ਸ਼ਹੀਦ ਕੀਤੇ ਗਏ ਸਨ। ਜੇ ਉਸ ਨੇ ਔਰੰਗਜ਼ੇਬ ਦੀ ਸਹਿਮਤੀ ਲਈ ਦੱਖਣ ਵੱਲ ਦੂਤ ਭੇਜੇ ਹੁੰਦੇ ਤਾਂ ਉਹ ਕਈ ਮਹੀਨਿਆਂ ਤੱਕ ਵਾਪਸ ਹੀ ਨਹੀਂ ਆ ਸਕਦੇ ਸਨ। ਔਰੰਗਜ਼ੇਬ ਇਕੱਲਤਾ ਪ੍ਰੇਮੀ ਸੀ ਤੇ ਉਸ ਨੂੰ ਮਿਲਣ ਲਈ ਤਾਂ ਦੂਸਰੇ ਦੇਸ਼ਾਂ ਦੇ ਰਾਜਦੂਤਾਂ ਨੂੰ ਵੀ ਕਈ ਕਈ ਮਹੀਨੇ ਉਡੀਕਣਾ ਪੈਂਦਾ ਸੀ। ਵਜ਼ੀਰ ਖਾਨ ਵਰਗੇ ਛੋਟੇ ਅਫਸਰ ਦੇ ਦੂਤ ਤਾਂ ਉਸ ਨੂੰ ਮਿਲ ਹੀ ਨਹੀਂ ਸਕਦੇ ਸਨ। ਖੁਸ਼ਵੰਤ ਸਿੰਘ ਨੇ ਆਪਣੀ ਕਿਤਾਬ ਹਿਸਟਰੀ ਆਫ ਸਿਖਸ ਵਿੱਚ ਮੁਗਲ ਦਰਬਾਰ ਦੇ ਰਿਕਾਰਡ ਤੋਂ ਇਹ ਗੱਲ ਲਿਖੀ ਹੈ ਕਿ ਇਰਾਨ ਦੇ ਨਵ ਨਿਯੁੱਕਤ ਰਾਜਦੂਤ ਨੂੰ ਔਰੰਗਜ਼ੇਬ ਨੂੰ ਮਿਲਣ ਲਈ 4 ਮਹੀਨੇ ਲੱਗ ਗਏ ਸਨ। ਵੈਸੇ ਵੀ ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਔਰੰਗਜ਼ੇਬ ਨੇ ਚਾਹੇ ਕਿੰਨੇ ਵੀ ਜ਼ੁਲਮ ਕੀਤੇ ਹੋਣ, ਉਸ ਨੇ ਕਦੇ ਵੀ ਆਪਣੇ ਕਿਸੇ ਵੱਡੇ ਦੁਸ਼ਮਣ ਦੇ ਬੱਚੇ ਕਤਲ ਨਹੀਂ ਸਨ ਕੀਤੇ।

ਸੰਨ 1689 ਈਸਵੀ ਵਿੱਚ ਉਸ ਨੇ ਸ਼ਿਵਾ ਜੀ ਮਰਾਠਾ ਦੇ ਪੁੱਤਰ ਛਤਰਪਤੀ ਸ਼ੰਭਾ ਜੀ ਨੂੰ ਪਰਿਵਾਰ ਸਮੇਤ ਗ੍ਰਿਫਤਾਰ ਕੀਤਾ ਸੀ। ਸ਼ੰਭਾ ਜੀ ਨੂੰ ਤਾਂ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਸੀ ਪਰ ਉਸ ਦੇ ਪੁੱਤਰ ਸ਼ਾਹੂ ਜੀ ਉਸ ਨੇ 18 ਸਾਲ ਆਪਣੇ ਕੋਲ ਰੱਖ ਕੇ ਪਾਲਿਆ ਸੀ ਤੇ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਵੀ ਨਹੀਂ ਸੀ ਕੀਤੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਹੀ ਉਸ ਦੀ ਰਿਹਾਈ ਹੋਈ ਸੀ।ਇਸ ਤੋਂ ਸਾਫ ਜ਼ਾਹਰ ਹੈ ਕਿ ਛੋਟੇ ਸਾਹਿਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਫੈਸਲਾ ਵਜ਼ੀਰ ਖਾਨ ਦਾ ਖੁਦ ਦਾ ਹੀ ਸੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਖਤ ਨਸ਼ੀਨੀ ਦੀ ਜੰਗ ਸਮੇਂ ਉਸ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਦੀ ਉਸ ਦੇ ਭਰਾ ਮੁਹੰਮਦ ਆਜ਼ਮ ਸ਼ਾਹ ਦੇ ਖਿਲਾਫ ਜਾਜੂ ਦੀ ਜੰਗ (20 ਜੂਨ 1707 ਈਸਵੀ) ਵਿੱਚ ਸੈਨਿਕ ਮਦਦ ਕੀਤੀ ਸੀ। ਇਸ ਕਾਰਨ ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਚੰਗੇ ਸਬੰਧ ਬਣ ਗਏ ਸਨ। ਇਸ ਤੋਂ ਡਰ ਕੇ ਵਜ਼ੀਰ ਖਾਨ ਨੇ ਜਮਸ਼ੇਦ ਖਾਨ ਅਤੇ ਵਾਸਿਲ ਬੇਗ ਨਾਮਕ ਦੋ ਭਾੜੇ ਦੇ ਕਾਤਲ ਦੱਖਣ ਵੱਲ ਭੇਜੇ ਜਿੰਨ੍ਹਾਂ ਨੇ ਗੁਰੂ ਸਾਹਿਬ ਨੂੰ ਤੇਜ਼ ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ ਸੀ। ਇਸ ਕਾਰਨ 7 ਅਕਤੂਬਰ 1708 ਈਸਵੀ ਨੂੰ ਗੁਰੂ ਸਾਹਿਬ ਜੋਤੀ ਜੋਤ ਸਮਾਂ ਗਏ। ਪਰ ਇਸ ਤੋਂ ਬਾਅਦ ਇਸ ਦੁਸ਼ਟ ਦਾ ਆਖਰੀ ਸਮਾਂ ਵੀ ਜਲਦੀ ਹੀ ਆ ਗਿਆ ਸੀ। ਗੁਰੂ ਸਾਹਿਬ ਵੱਲੋਂ ਥਾਪੜਾ ਦੇ ਕੇ ਭੇਜੇ ਗਏ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਨਾਲ 12 ਮਈ 1710 ਵਾਲੇ ਦਿਨ ਹੋਈ ਚੱਪੜ ਚਿੜੀ ਦੀ ਜੰਗ ਦੌਰਾਨ ਭਾਈ ਫਤਿਹ ਸਿੰਘ ਨੇ ਸਿਰ ਵੱਢ ਕੇ ਇਸ ਨੂੰ ਨਰਕਾਂ ਵੱਲ ਤੋਰ ਦਿੱਤਾ।

# ਸੰਤਾਲੀ ਸੰਨ ਦੀ ਵੰਡ ਤੇ ਸ਼ੇਖ ਹਸੀਨਾ

ਸੰਨ ਸੰਤਾਲੀ ਦੀ ਦੇਸ਼ ਵੰਡ ਦੇ ਮਸਲੇ ਏਨੇ ਵਰ੍ਹੇ ਬੀਤ ਜਾਣ ਪਿੱਛੋਂ ਵੀ ਕਿਸੇ ਨਾ ਕਿਸੇ ਰੂਪ ਵਿਚ ਉਭਰਦੇ ਰਹਿੰਦੇ ਹਨ। ਇਨ੍ਹਾਂ ਦਾ ਸਬੰਧ ਬੰਗਲਾ ਦੇਸ਼ ਦੀ ਸ਼ੇਖ ਹਸੀਨਾ ਨਾਲ ਹੋਵੇ ਜਾਂ ਪਾਕਿਸਤਾਨ ਦੇ ਨਾਸਿਰ ਹੁਸੈਨ ਨਾਲ ਸ਼ਾਦੀ ਕਰਨ ਵਾਲੀ ਸਰਬਜੀਤ ਕੌਰ ਉਰਫ ਨੂਰ ਨਾਲ ਇਹ ਆਏ ਦਿਨ ਪੱਤਰਕਾਰਾਂ, ਬੁੱਧੀਜੀਵੀਆਂ ਤੇ ਅਦਾਲਤਾਂ ਦਾ ਧਿਆਨ ਆਪਣੇ ਵੱਲ ਖਿਚਦੇ ਰਹਿੰਦੇ ਹਨ। ਧਰਮ ਬਦਲ ਕੇ ਪਾਕਿਸਤਾਨੀ ਨਾਸਿਰ ਹੁਸੈਨ ਨਾਲ ਸ਼ਾਦੀ ਕਰਨ ਵਾਲੀ ਸਰਬਜੀਤ ਕੌਰ ਨੂੰ ਤਾਂ ਲਾਹੌਰ ਹਾਈ ਕੋਰਟ ਦੀ ਸਹਿਮਤੀ ਮਿਲ ਗਈ ਹੈ ਪਰ ਲਾਲ ਕਿਲ੍ਹਾ ਧਮਾਕੇ ਦੀਆਂ ਗੁੰਝਲਾਂ ਛੇਤੀ ਸੁਲਝਣ ਵਾਲੀਆਂ ਨਹੀਂ। ਬੇਝਿਜਕ ਗੱਲ ਕਰਨ ਵਾਲੇ ਮੁਸਲਿਮ ਸਿਆਸਤਦਾਨ ਅਸਦਉਦੀਨ ਓਵੇਸੀ ਦੀ ਗੱਲ ਸੁਣੀਏ ਤਾਂ ਉਸਨੇ ਲਾਲ ਕਿਲ੍ਹੇ ਦੇ ਆਤਮਘਾਤੀ ਬੰਬਾਰ ਉਮਰ ਨਬੀ ਦੀਆਂ ਫੜਾਂ ਦਾ ਢੁਕਵਾਂ ਜਵਾਬ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਇਸਲਾਮ ਖੁਦਕੁਸ਼ੀ ਨੂੰ ਹਰਾਮ ਮੰਨਦਾ ਹੈ ਤੇ ਬੇਕਸੂਰਾਂ ਦੇ ਕਤਲ ਨੂੰ ਗੰਭੀਰ ਪਾਪ। ਓਵੇਸੀ ਹੈਦਰਾਬਾਦ ਤੋਂ ਸੰਸਦ ਮੈਂਬਰ ਹੈ ਤੇ ਆਲ ਇੰਡੀਆ ਮਜਲਿਸ ਇਤਹਾਦਉਲ ਮੁਸਲਮੀਨ ਦਾ ਮੁਖੀ ਵੀ। ਸੰਜੀਦਾ ਸਿਆਸਤਦਾਨ ਹੈ।

ਦਿੱਲੀ ਦੇ ਲਾਲ ਕਿਲ੍ਹਾ ਵਾਲੇ ਧਮਾਕੇ ਦੀਆਂ ਕੁਝ ਹੋਰ ਪਰਤਾਂ ਵੀ ਭਾਂਤ-ਸੁਭਾਂਤੀ ਜਾਣਕਾਰੀ ਦੇ ਰਹੀਆਂ ਹਨ। ਇਸਦੇ ਕੁਨੈਕਸ਼ਨ ਫਰੀਦਾਬਾਦ ਤੋਂ ਬਹੁਤ ਦੂਰ ਕਾਨਪੁਰ ਤੇ ਸ੍ਰੀਨਗਰ ਨਾਲ ਜੁੜ ਰਹੇ ਹਨ। ਧਮਾਕੇ ਵਾਲੀ ਕਾਰ ਵਿਚੋਂ ਇਕ ਅਜਿਹੀ ਜੁੱਤੀ ਦਾ ਮਿਲਣਾ ਜਿਸ ਵਿਚ ਅਮੋਨੀਅਮ ਨਾਈਟ੍ਰੇਟ ਤੇ ਟੀ ਏ ਟੀ. ਪੀ. ਦੇ ਟ੍ਰੇਸ ਹਨ ਜਾਂਚ ਦਾ ਵਿਸ਼ਾ ਬਣ ਚੁੱਕਿਆ ਹੈ। ਸ੍ਰੀਨਗਰ ਤੋਂ ਫੜੇ ਗਏ ਜਮੀਰ ਬਿਲਾਲ ਵਾਨੀ ਦਾ ਮੇਲ-ਜੋਲ ਇਸ ਧਮਾਕੇ ਨੂੰ ਅੰਜਾਮ ਦੇਣ ਵਾਲੇ ਆਤਮਘਾਤੀ ਹਮਲਾਵਰ ਉਮਰ ਨਬੀ ਨਾਲ ਰਹੇ ਹੋਣ ਦੀ ਵੀ ਸੂਹ ਮਿਲੀ ਹੈ।

ਇਹ ਦਿਲ ਨੂੰ ਸਕੂਨ ਦੇਣ ਵਾਲੀ ਗੱਲ ਹੈ ਕਿ ਇੱਕ ਅਜਿਹੇ ਰਾਸ਼ਟਰ ਵਿਚ ਜਿੱਥੇ ਬੇਈਮਾਨ ਸਿਆਸਤਦਾਨ ਤੜਕਾ ਲਾਉਂਦੇ ਹਨ, ਉੱਥੇ ਓਵੇਸੀ, ਵਰਗੇ ਕੁਝ ਲੋਕ ਵੀ ਹਨ ਜੋ ਸਹੀ ਗੱਲ ਕਰਦੇ ਹਨ। ਅਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੀ ਵਿਸ਼ਵਵਿਆਪੀ ਪਹੁੰਚ ਦੌਰਾਨ ਉਸਨੇ ਪਾਕਿਸਤਾਨ ਦਾ ਮਜ਼ਾਕ ਉਡਾਉਂਦਿਆਂ ਕਿਹਾ ਸੀ ਕਿ ਇਸਲਾਮਾਬਾਦ ਨੂੰ ਲੱਗਦਾ ਹੈ ਕਿ ਉਹ ਭਾਰਤੀ ਮੁਸਲਮਾਨਾਂ ਨੂੰ ਜਿੱਤਣ ਲਈ ਇਸਲਾਮ ’ਤੇ ਟੇਕ ਰੱਖ ਸਕਦਾ ਹੈ।

ਬੰਗਲਾ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਨੂੰ ਉਥੋਂ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਲੋਂ ਸੁਣਾਈ ਗਈ ਮੌਤ ਦੀ ਸਜ਼ਾ ਦਾ ਫੈਸਲਾ ਤਾਂ ਸੰਤਾਲੀ ਦੀ ਵੰਡ ਨਾਲ ਜੁੜਨਾ ਕੁਦਰਤੀ ਹੈ। ਸ਼ੇਖ ਹਸੀਨਾ ਇਸ ਵੇਲੇ ਭਾਰਤ ਵਿਚ ਸ਼ਰਨ ਲੈ ਰਹੀ ਹੈ। ਉਸ ਦੇਸ਼ ਵਿਚ ਜਿਸਨੇ 1971 ਵਿਚ ਹਸੀਨਾ ਦੇ ਪਿਤਾ ਸ਼ੇਖ ਮੁਜੀਬਾਉਰ ਰਹਿਮਾਨ ਦੀ ਮਦਦ ਕਰਕੇ ਬੰਗਲਾ ਦੇਸ਼ ਨੂੰ ਪਾਕਿਸਤਾਨੀ ਦਬਾਉ ਦੇ ਬਾਵਜੂਦ ਸੁਤੰਤਰਤਾ ਦਿਲਵਾਈ ਸੀ। ਹੁਣ ਮੌਤ ਦੀ ਸਜ਼ਾ ਸੁਣਾਉਂਦੇ ਸਾਰ ਉਥੋਂ ਦੀ ਅੰਤਿਮ ਸਰਕਾਰ ਨੇ ਸ਼ੇਖ ਹਸੀਨਾ ਦੀ ਹਵਾਲਗੀ ਦਾ ਮੁੱਦਾ ਵੀ ਪੂਰੇ ਜ਼ੋਰ ਨਾਲ ਉਠਾਇਆ ਹੈ। ਇਸ ਮੰਗ ਨੂੰ ਪ੍ਰਵਾਨ ਕਰਨਾ ਭਾਰਤ ਲਈ ਉੱਕਾ ਹੀ ਸੰਭਵ ਨਹੀਂ।

ਸ਼ੇਖ ਹਸੀਨਾ ਕਰਕੇ ਬੰਗਲਾਦੇਸ਼ ਨਾਲ ਭਾਰਤ ਦੇ ਸੰਬੰਧ ਹਮੇਸ਼ਾ ਸੁਹਿਰਦ ਰਹੇ ਹਨ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਨਵੀਂ ਦਿੱਲੀ ਦੀ ਢਾਕਾ ਨਾਲ 2013 ਦੀ ਹਵਾਲਗੀ ਸੰਧੀ ਹੈ, ਜੋ ਹਸੀਨਾ ਨੂੰ ਕਿਸੇ ਵੀ ਰਾਜਨੀਤਿਕ ਸਾਜ਼ਿਸ਼ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਸੰਧੀ ਦੀ ਧਾਰਾ 9 ਵਿਚ ਕਿਹਾ ਗਿਆ ਹੈ ਕਿ ਜੇਕਰ ਅਪਰਾਧ ਕਿਸੇ ਸਿਆਸੀ ਪਹਿਲੂ ਨਾਲ ਸੰਬੰਧਿਤ ਹੈ ਤਾਂ ਹਵਾਲਗੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਹਸੀਨਾ ਦੀ ਹਵਾਲਗੀ ਇਕ ਗੁੰਝਲਦਾਰ ਤੇ ਲੰਬੀ ਪ੍ਰਕਿਰਿਆ ਹੈ ਅਤੇ ਮੌਤ ਦੀ ਸਜ਼ਾ ਨੇ ਇਸ ਦੀ ਜਟਿਲਤਾ ਨੂੰ ਹੋਰ ਵਧਾ ਦਿੱਤਾ ਹੈ। ਭਾਰਤ ਲਈ ਇਸ ਵਿਚ ਕਾਨੂੰਨੀ ਤੇ ਭੂ-ਰਾਜਨੀਤਕ ਦੋਵੇਂ ਪਹਿਲੂ ਵਿਚਾਰਨ ਵਾਲੇ ਹਨ। ਸ਼ੇਖ ਹਸੀਨਾ



ਹਮੇਸ਼ਾ ਭਾਰਤ ਦੀ ਇਕ ਚੰਗੀ ਦੋਸਤ ਰਹੀ ਹੈ, ਜਿਸ ਨੇ ਸਿਰਫ਼ ਭਾਰਤ ਦੇ ਆਰਥਿਕ ਤੇ ਸੁਰੱਖਿਆ ਹਿੱਤਾਂ ਦਾ ਹੀ ਸਮਰਥਨ ਨਹੀਂ ਕੀਤਾ, ਸਗੋਂ ਕੱਟੜਪੰਥੀ ਤੱਤਾਂ ਨੂੰ ਵੀ ਕਾਬੂ ਵਿਚ ਰੱਖਿਆ ਹੈ। ਲੋੜ ਦੀ ਇਸ ਘੜੀ ਵਿਚ ਅਜਿਹੇ ਦੋਸਤ ਨੂੰ ਇਕੱਲੇ ਛੱਡਣਾ ਭਾਰਤ ਦੀ ਅੰਤਰਰਾਸ਼ਟਰੀ ਸਾਖ ਲਈ ਨੁਕਸਾਨਦੇਹ ਹੋਵੇਗਾ। ਹਸੀਨਾ ਨੂੰ ਇਕੱਲੇ ਛੱਡਣ ਦਾ ਮਤਲਬ ਉਸ ਦੀ ਪਾਰਟੀ ਅਵਾਮੀ ਲੀਗ ਦਾ ਮਨੋਬਲ ਡੇਗਣਾ ਹੋਵੇਗਾ, ਜਿਸ ’ਤੇ ਆਉਣ ਵਾਲੀਆਂ ਫਰਵਰੀ ਦੀਆਂ ਰਾਸ਼ਟਰੀ ਚੋਣਾਂ ਵਿਚ ਹਿੱਸਾ ਲੈਣ ’ਤੇ ਪਾਬੰਦੀ ਹੈ ਅਤੇ ਅਜਿਹੀ ਕੋਈ ਵੀ ਪਹਿਲ ਬੰਗਲਾਦੇਸ਼ ਵਿਚ ਭਾਰਤ ਵਿਰੋਧੀ ਕੱਟੜਪੰਥੀਆਂ ਨੂੰ ਉਤਸ਼ਾਹਿਤ ਕਰਨ ਵਾਂਗ ਹੋਵੇਗੀ।

ਇਹ ਤੱਥ ਵੀ ਧਿਆਨ ਮੰਗਦਾ ਹੈ ਕਿ ਸ਼ੇਖ ਮੁਜੀਬ ਉਰ-ਰਹਿਮਾਨ ਨੇ ਇਸ ਦੇਸ਼ ਦਾ ਮੁਖੀ ਬਣਨ ਤੋਂ ਬਾਅਦ ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਭਾਰਤ ਵੱਲ ਮਿਲਵਰਤਨ ਅਤੇ ਸਹਿਯੋਗ ਦਾ ਹੱਥ ਵਧਾਈ ਰੱਖਿਆ। ਉਸ ਨੂੰ ਅਤੇ ਉਸ ਦੇ ਸਮੁੱਚੇ ਪਰਿਵਾਰ ਨੂੰ ਕੁਝ ਫ਼ੌਜੀਆਂ ਵਲੋਂ ਮਾਰ ਦਿੱਤੇ ਜਾਣ ਤੋਂ ਬਾਅਦ ਗੜਬੜ ਗ੍ਰਸਤ ਬੰਗਲਾਦੇਸ਼ ਵਿਚ ਪ੍ਰਸ਼ਾਸਨ ਬਣਦੇ ਰਹੇ, ਬਗ਼ਾਵਤਾਂ ਹੁੰਦੀਆਂ ਰਹੀਆਂ ਅਤੇ ਵੱਖ-ਵੱਖ ਪਾਰਟੀਆਂ ਦੀਆਂ ਸਮੇਂ-ਸਮੇਂ ਸਰਕਾਰਾਂ ਬਣਦੀਆਂ ਰਹੀਆਂ। ਸ਼ੇਖ਼ ਹਸੀਨਾ ਅਤੇ ਉਸ ਦੀ ਛੋਟੀ ਭੈਣ ਮੁਜੀਬ-ਉਰ-ਰਹਿਮਾਨ ਦੇ ਪਰਿਵਾਰ ਵਿਚੋਂ ਬਚ ਗਈਆਂ ਸਨ। ਉਸ ਵਲੋਂ ਬਣਾਈ ਗਈ ਆਵਾਮੀ ਲੀਗ ਪਾਰਟੀ ਨੇ ਦੇਸ਼ ਵਿਚ ਹਮੇਸ਼ਾ ਵੱਡਾ ਰੋਲ ਅਦਾ ਕੀਤਾ। ਇਸੇ ਕੜੀ ਵਿਚ ਹੀ ਸ਼ੇਖ਼ ਹਸੀਨਾ ਵਾਜਿਦ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੀ ਪ੍ਰਧਾਨ ਮੰਤਰੀ ਬਣਦੀ ਆ ਰਹੀ ਸੀ। ਪਾਕਿਸਤਾਨ ਵਲੋਂ ਚੱਲੀਆਂ ਜਾਂਦੀਆਂ ਲਗਾਤਾਰ ਗੋਂਦਾਂ ਕਾਰਨ ਉੱਥੇ ਭਾਰਤ ਵਿਰੋਧੀ ਧਾਰਮਿਕ ਕੱਟੜਵਾਦੀ ਪਾਰਟੀਆਂ ਹੋਂਦ ਵਿਚ ਆਈਆਂ, ਜਿਨ੍ਹਾਂ ਦਾ ਸਮੇਂ-ਸਮੇਂ ਦੇਸ਼ ਦੀ ਸੱਤਾ ’ਤੇ ਵੀ ਕਬਜ਼ਾ ਰਿਹਾ। ਇਹੀ ਵੱਡਾ ਕਾਰਨ ਸੀ ਕਿ ਸ਼ੇਖ਼ ਹਸੀਨਾ ਵਾਜਿਦ ਨੇ ਹਕੂਮਤ ਸੰਭਾਲਦਿਆਂ ਹੀ ਸਖ਼ਤੀ ਨਾਲ ਪ੍ਰਸ਼ਾਸਨ ਚਲਾਇਆ।

ਹੁਣ ਸ਼ੇਖ ਮੁਜੀਫੁਰ ਰਹਿਮਾਨ ਦੇ ਧਰਮ ਨਿਰਪੱਖ ਬੰਗਲਾਦੇਸ਼ ਮੁਸਲਿਮ, ਕੱਟੜਵਾਦ ਦੇ ਖੰਡੇ ਵਿਚ ਡਿੱਗਦਾ ਜਾਪਦਾ ਹੈ, ਜਿਸ ਦੇ ਨਿਸ਼ਾਨ ‘ਤੇ ਸ਼ੇਖ ਹਸੀਨਾ ਹੈ। ਇਸ ਸੰਭਾਵਨਾ ਤੋਂ ਵੀ ਇਕ ਗੰਭੀਰ ਖਤਰਾ ਹੈ ਕਿ ਆਈ.ਐਸ. ਆਈ. (ਪਾਕਿ ਖੁਫੀਆ ਏਜੰਸੀ) ਦੁਆਰਾ ਸਮਰਥਤ ਭਾਰਤ ਵਿਰੋਧੀ ਤੱਤ ਬੰਗਲਾਦੇਸ਼ ਵਿਚ ਇਕਜੁੱਟ ਹੋ ਜਾਣ ਜਿਨ੍ਹਾਂ ਨੂੰ ਹਸੀਨਾ ਰੋਕ ਰਹੀ ਸੀ। ਇਸ ਲਈ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਢਾਕਾ ਦਾ ਮੌਜੂਦਾ ਸ਼ਾਸਨ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਪ੍ਰਤੀ ਉਦਾਸੀਨ ਹੈ। ਉਹ ਨਵੀਂ ਦਿੱਲੀ ਦਾ ਵਿਰੋਧ ਕਰਨ ਲਈ ਆਰਥਿਕ ਨੁਕਸਾਨ ਉਠਾਉਣ ਲਈ ਵੀ ਤਿਆਰ ਹੈ। ਇਸ ਕਾਰਨ ਬੰਗਲਾਦੇਸ਼ ਪੂਰਬ ਵਿਚ ਭਾਰਤ ਲਈ ਇਕ ਖ਼ਤਰਨਾਕ ਅੱਡਾ ਬਣਦਾ ਜਾ ਰਿਹਾ ਹੈ। ਪਾਕਿਸਤਾਨ ਤਾਂ ਪਹਿਲਾਂ ਤੋਂ ਹੀ ਭਾਰਤ ਲਈ ਇਕ ਨਿਰੰਤਰ ਸੁਰੱਖਿਆ ਖ਼ਤਰਾ ਹੈ, ਅਜਿਹੀ ਸਥਿਤੀ ’ਚ ਬੰਗਲਾਦੇਸ਼ ਦਾ ਉਸ ਨਾਲ ਰਲ ਜਾਣਾ ਸਾਡੀਆਂ ਸੁਰੱਖਿਆ ਏਜੰਸੀਆਂ ਦੇ ਕੰਮ ਨੂੰ ਹੋਰ ਵੀ ਮੁਸ਼ਕਿਲ ਬਣਾ ਦੇਵੇਗਾ।

ਇਹ ਤੱਥ ਵੀ ਜੱਗ ਜ਼ਾਹਿਰ ਹੈ ਕਿ ਸ਼ੇਖ ਹਸੀਨਾ ਦੇ ਸਖਤ ਪ੍ਰਸ਼ਾਸਨ ਵਿਰੁੱਧ ਕੱਟੜਪੰਥੀਆਂ ਵਲੋਂ ਹਕੂਮਤ ਵਿਰੁੱਧ ਇਕ ਐਸੀ ਲਹਿਰ ਪੈਦਾ ਕਰ ਦਿੱਤੀ ਗਈ। ਜਿਸ ਕਾਰਨ ਦੇਸ਼ ਭਰ ਵਿਚ ਅਸ਼ਾਂਤੀ, ਕਤਲੋਗਾਰਤ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵਾਪਰਨ ਲੱਗੀਆਂ। ਪਿਛਲੇ ਸਾਲ 15 ਜੁਲਾਈ ਤੋਂ 15 ਅਗਸਤ ਤੱਕ ਦੇਸ਼ ਵਿਚ ਪੂਰੀ ਤਰ੍ਹਾਂ ਹਿੰਸਕ ਬਗ਼ਾਵਤ ਫੈਲ ਗਈ, ਜਿਸ ਨੂੰ ਸ਼ੇਖ ਹਸੀਨਾ ਨੇ ਸਖ਼ਤੀ ਨਾਲ ਦਬਾਉਣ ਦਾ ਯਤਨ ਕੀਤਾ ਤੇ ਵੱਡੀ ਗਿਣਤੀ ਵਿਚ ਲੋਕ ਮਾਰੇ ਗਏ। ਅੰਤ ਇਹ ਹਿੰਸਕ ਬਗ਼ਾਵਤ ਕਾਬੂ ਵਿਚ ਨਾ ਰਹੀ, ਜਿਸ ਕਰਕੇ ਸ਼ੇਖ਼ ਹਸੀਨਾ ਨੂੰ 5 ਅਗਸਤ, 2024 ਨੂੰ ਦੇਸ਼ ਛੱਡ ਕੇ ਭਾਰਤ ਵਿਚ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ। ਉਸ ਤੋਂ ਬਾਅਦ ਕੱਟੜਪੰਥੀ ਸ਼ਕਤੀਆਂ ਨੇ ਮੁਹੰਮਦ ਯੂਨਸ ਨੂੰ ਮੁੱਖ ਸਲਾਹਕਾਰ ਬਣਾ ਕੇ ਅਸਥਾਈ ਸਰਕਾਰ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਅਸਿੱਧੇ ਢੰਗ ਨਾਲ ਉਨ੍ਹਾਂ ਨੇ ਸਾਰੀਆਂ ਹੀ ਸ਼ਕਤੀਆਂ ਆਪਣੇ ਹੱਥਾਂ ਵਿਚ ਕਰ ਲਈਆਂ ਅਤੇ ਬਾਅਦ ਵਿਚ ਉੱਥੋਂ ਦੀ ਸਭ ਤੋਂ ਵੱਡੀ ਆਵਾਮੀ ਲੀਗ ਪਾਰਟੀ ’ਤੇ ਪਾਬੰਦੀ ਲਗਾ ਦਿੱਤੀ ਤੇ ਫਰਵਰੀ, 2026 ਵਿਚ ਆਮ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ, ਜਿਨ੍ਹਾਂ ਵਿਚ ਪਾਬੰਦੀਸ਼ੁਦਾ ਆਵਾਮੀ ਲੀਗ ਨੂੰ ਹਿੱਸਾ ਲੈਣ ਦਾ ਕੋਈ ਅਧਿਕਾਰ ਨਹੀਂ। ਇਸ ਅਸਥਾਈ ਸਰਕਾਰ ਵਲੋਂ ਵਿਸ਼ੇਸ਼ ਅਦਾਲਤ ਬਣਾ ਕੇ ਹਸੀਨਾ ਅਤੇ ਉਸ ਦੇ ਦਰਜਨਾਂ ਹੀ ਸਾਥੀਆਂ ’ਤੇ ਮੁਕੱਦਮਾ ਚਲਾਇਆ ਗਿਆ। ਹੁਣ ਸ਼ੇਖ ਹਸੀਨਾ ਨੂੰ ਇਸ ਅਦਾਲਤ ਵਲੋਂ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਹੈ।

ਇਸ ਫ਼ੈਸਲੇ ਤੋਂ ਕੁਝ ਪਹਿਲਾਂ ਆਵਾਮੀ ਲੀਗ ਦੇ ਵਰਕਰਾਂ ਅਤੇ ਹਮਾਇਤੀਆਂ ਨੇ ਵੱਡੀ ਪੱਧਰ ’ਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਸਨ, ਹੁਣ ਇਸ ਫ਼ੈਸਲੇ ਤੋਂ ਬਾਅਦ ਵਿਖਾਵੇ ਹੋਰ ਵੀ ਤੇਜ਼ ਹੋ ਗਏ ਹਨ। ਇਸ ਨਾਲ ਇਕ ਵਾਰ ਫਿਰ ਜਿੱਥੇ ਇਸ ਦੇਸ਼ ਦਾ ਭਵਿੱਖ ਅਨਿਸ਼ਚਿਤ ਹੋ ਗਿਆ ਹੈ, ਉੱਥੇ ਭਾਰਤ ਲਈ ਵੀ ਇਸ ਮੁਹਾਜ਼ ’ਤੇ ਇਕ ਹੋਰ ਵੱਡੀ ਚੁਣੌਤੀ ਆ ਖੜ੍ਹੀ ਹੋਈ ਹੈ, ਕਿਉਂਕਿ ਬੰਗਲਾਦੇਸ਼ ਵਿਚ ਕੱਟੜਵਾਦੀ ਤਾਕਤਾਂ ਦਾ ਭਾਰੂ ਹੋਣਾ ਪਾਕਿਸਤਾਨ ਨੂੰ ਭਾਰਤ ਵਿਰੁੱਧ ਉਕਸਾਉਣਾ ਹੈ। ਆਉਂਦੇ ਦਿਨਾਂ ਵਿਚ ਇਸ ਚੁਣੌਤੀ ਨਾਲ ਨਜਿੱਠਣ ਲਈ ਭਾਰਤ ਸਰਕਾਰ ਕਿਹੋ ਜਿਹੀ ਪੁਖ਼ਤਾ ਯੋਜਨਾਬੰਦੀ ਕਰਦੀ ਹੈ ਸਾਰੀ ਦੁਨੀਆਂ ਦੀਆਂ ਨਜ਼ਰਾਂ ਇਸ ਪਾਸੇ ਲੱਗੀਆਂ ਹੋਈਆਂ ਹਨ।

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਜਿੱਥੋਂ ਤੱਕ ਦੇਸ਼ ਵੰਡ ਕਾਰਨ ਪੰਜਾਬ ਦੇ ਖਸਰੇ ਦਾ ਸਬੰਧ ਹੈ। ਪੰਜਾਬ ਦਾ ਬਹੁਤਾ ਖੇਤਰ ਪਾਕਿਸਤਾਨ ਵਿਚ ਚਲਾ ਗਿਆ ਸੀ। ਅੱਜ ਪੰਜਾਬ ਕੋਲ ਵੰਡ ਤੋਂ ਪਹਿਲਾਂ ਦੇ ਪੰਜਾਬ ਦੀ ਧਰਤੀ ਦਾ ਮਹਿਜ਼ 20 ਫ਼ੀਸਦੀ ਹਿੱਸਾ ਹੀ ਰਹਿ ਗਿਆ ਹੈ। ਪੰਜਾਂ ਦਰਿਆਵਾਂ ਦੀ ਧਰਤੀ ਢਾਈ ਦਰਿਆਵਾਂ ਤੱਕ ਸੁੰਘੜ ਗਈ ਹੈ। ਚਿਰਾਂ ਤੋਂ ਮਸਲੇ ਸੁਲਝਾਏ ਨਾ ਜਾ ਸਕਣ ਕਾਰਨ ਸੂਬਾ ਲਗਾਤਾਰ ਘਾਟੇ ਵਿਚ ਜਾਂਦਾ ਦਿਖਾਈ ਦੇ ਰਿਹਾ ਹੈ। ਇਸ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਉਸਾਰੀ ਗਈ ਰਾਜਧਾਨੀ ਵੀ ਉਸ ਕੋਲ ਨਹੀਂ ਹੈ। ਦਰਿਆਈ ਪਾਣੀਆਂ ਦਾ ਝਗੜਾ ਵੀ ਕਿਸੇ ਤਰ੍ਹਾਂ ਸੁਲਝਦਾ ਨਜ਼ਰ ਨਹੀਂ ਆ ਰਿਹਾ। ਹਾਲ ਹੀ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਢਾਂਚੇ ਵਿਚ ਵੱਡੀਆਂ ਤਬਦੀਲੀਆਂ ਕਰਨ ਨਾਲ ਇਹ ਅਦਾਰਾ ਵੀ ਪੰਜਾਬ ਦੇ ਹੱਥੋਂ ਖੁੱਸਦਾ ਜਾਪ ਰਿਹਾ ਹੈ। ਚਾਹੇ ਪੰਜਾਬ ਨੂੰ ਹਰੇ ਇਨਕਲਾਬ ਦਾ ਮੋਢੀ ਮੰਨਿਆ ਜਾਂਦਾ ਰਿਹਾ ਹੈ ਪਰ ਅਨੇਕਾਂ ਕਾਰਨਾਂ ਕਰਕੇ ਇਸ ਦੇ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਗਈ ਹੈ ਅਤੇ ਇਥੇ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਨਾ ਹੋਣ ਕਾਰਨ ਵੱਡੀ ਗਿਣਤੀ ’ਚ ਨੌਜੁਆਨ ਵਰਗ ਇੱਥੋਂ ਨਿਕਲਣ ਨੂੰ ਤਰਜੀਹ ਦੇ ਰਿਹਾ ਹੈ ਅਤੇ ਬਹੁਤ ਸਾਰੇ ਨੌਜਵਾਨ ਦਿਸ਼ਾਹੀਣ ਹੋ ਕੇ ਨਸ਼ਿਆਂ ਦੀ ਦਲਦਲ ਵਿਚ ਵੀ ਖੁੱਭਦੇ ਜਾ ਰਹੇ ਹਨ।

ਕੱਲ੍ਹ ਨੂੰ ਕੀ ਹੁੰਦਾ ਹੈ ਸਮਾਂ ਜਾਣੇ। ਪਾਕਿਸਤਾਨ ਨੇ ਵੀ ਕੁੱਝ ਨਹੀਂ ਖੱਟਿਆ। ਪਹਿਲਾਂ ਹਿੰਦੁਸਤਾਨ ਤੇ ਫੇਰ ਬੰਗਲਾਦੇਸ਼ ਨਾਲੋਂ ਟੁੱਟਣ ਪਿਛੋਂ ਕੋਈ ਉੱਨਤੀ ਨਹੀਂ ਕੀਤੀ। ਸੜਕਾਂ ਰੁੱਖਾਂ ਬਿਨਾ ਭੋਡੀਆਂ ਹਨ। ਚੀਜ਼ਾਂ ਵੇਚਣ ਵਾਲੇ ਸੜਕਾਂ ਦੇ ਕੰਢੇ ਬੈਠੇ ਪੌਣੀ ਸਦੀ ਪਹਿਲਾਂ ਵਾਂਗ ਤੰਬੂ ਗੱਡ ਕੇ ਵਸਤਾਂ ਵੇਚ ਰਹੇ ਹਨ।

ਇਹ ਗੱਲ ਵੱਖਰੀ ਹੈ ਕਿ ਪਗੜੀ ਵਾਲਾ ਸਿੱਖ ਯਾਤਰਾ ਉੱਤੇ ਜਾਵੇ ਤਾਂ ਹਿੱਕ ‘ਤੇ ਹੱਥ ਰਖ ਕੇ ਕੀਤੀਆਂ ਸਲਾਮਾਂ ਦਾ ਵੀ ਅੰਤ ਨਹੀਂ ਅੱਗੇ ਵੇਚੇ ਗਏ ਸੌਦੇ ਦੇ ਪੈਸੇ ਨਾ ਲੈਣ ਦੀ ਪੇਸ਼ਕਸ਼ ਕਰਨ ਵਾਲੇ ਲੋਕਾਂ ਦਾ ਵੀ। ਬੰਗਲਾਦੇਸ਼ ਦੀ ਵਰਤਮਾਨ ਰਾਜਨੀਤੀ ਫ਼ੌਜੀ ਹਾਕਮਾਂ ਤੋਂ ਕਿਹੋ ਜਿਹੇ ਕਾਰੇ ਕਰਵਾਉਂਦੀ ਹੈ ਸਮੇਂ ਨੇ ਦੱਸਣਾ ਹੈ।

**ਅੰਤਿਕਾ**

ਟੀ ਐਨ ਰਾਜ਼॥
ਉਰਦੂ ਕਾ ਮੁਹਾਫਿਜ਼ ਹੈ ਹਿੰਦੂ ਨਾਂ ਮੁਸਲਮਾਂ ਹੀ
ਬੇਗੋਦ ਸੇ ਬੱਚੇ ਕੋ ਅਬ ਕਿਸ ਨੇ ਉਠਾਨਾ ਹੈ।

# ਕਿਉਂ ਤੇ ਕਿਵੇਂ ਜਿੱਤਿਆ ਐਨ.ਡੀ.ਏ ਬਿਹਾਰ ਚੋਣਾਂ...?

ਬਿਹਾਰ ਵਿਧਾਨ ਸਭਾ ਚੋਣਾਂ 2025 ਵਿਚ ਐਨ.ਡੀ.ਏ. ਦੀ ਇੱਕ ਪਾਸੜ ਜਿੱਤ ਤੋਂ ਬਾਅਦ ਨੀਤੀਸ਼ ਕੁਮਾਰ ਨੇ 20 ਨਵੰਬਰ 2025 ਨੂੰ ਇੱਕ ਵਾਰ ਫਿਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੱਕੀ। ਚਰਚਾ ਕਰਦੇ ਹਾਂ ਕਿ ਕਿਉਂ ਤੇ ਕਿਵੇਂ ਐਨ.ਡੀ.ਏ. ਵੱਲੋਂ ਬਿਹਾਰ ਚੋਣਾਂ ਵਿਚ ਜਿੱਤ ਹਾਸਲ ਕੀਤੀ। ਬਿਹਾਰ ਦੀ ਰਾਜਨੀਤੀ ਹਮੇਸ਼ਾ ਤੋਂ ਰਹੱਸਮਈ ਅਤੇ ਉਲਝਣਾਂ ਭਰੇ ਗਲਿਆਰੇ ਵਾਂਗ ਰਹੀ ਹੈ, ਜਿੱਥੇ ਪਰਿਵਾਰਵਾਦ, ਭ੍ਰਿਸ਼ਟਾਚਾਰ ਅਤੇ ਵਿਕਾਸ ਦੇ ਵਾਅਦੇ ਇੱਕ ਦੂਜੇ ਨਾਲ ਉਲਝੇ ਰਹਿੰਦੇ ਹਨ। ਮੌਜੂਦਾ ਸਮੇਂ 14 ਨਵੰਬਰ 2025 ਨੂੰ ਐਲਾਨ ਹੋਏ



**ਸੰਦੀਪ ਕੁਮਾਰ**
**ਫੋਨ: 70098-07121**

ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਇਸ ਗਲਿਆਰੇ ਨੂੰ ਨਵੀਂ ਦਿਸ਼ਾ ਦਿੱਤੀ ਹੈ। ਐਨਡੀਏ ਨੇ 243 ਵਿਚੋਂ 202 ਸੀਟਾਂ ਜਿੱਤ ਕੇ ਇਤਿਹਾਸਕ ਜਿੱਤ ਹਾਸਲ ਕੀਤੀ, ਜਦਕਿ ਇੰਡੀਆ ਗਠਜੋੜ (ਮਹਾਂਗਠਬੰਧਨ) ਸਿਰਫ਼ 35 ਸੀਟਾਂ ਤੱਕ ਸੀਮਤ ਰਹਿ ਗਿਆ। ਇਹ ਨਤੀਜਾ ਨਾ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨੀਤੀਸ਼ ਕੁਮਾਰ ਦੀ ਲੀਡਰਸ਼ਿਪ ਦੀ ਮੋਹਰ ਹੈ, ਸਗੋਂ ਤੇਜਸਵੀ ਯਾਦਵ ਅਤੇ ਉਨ੍ਹਾਂ ਦੇ ਪਰਿਵਾਰ ਦੀ ਵਿਰਾਸਤ ਨੂੰ ਬਿਹਾਰ ਵਾਸੀਆਂ ਵੱਲੋਂ ਸਪੱਸ਼ਟ ਰੂਪ ਵਿਚ ਨਕਾਰਨਾ ਵੀ ਹੈ। ਜਿੱਥੇ ਇੱਕ ਪਾਸੇ ਐਨਡੀਏ ਨੇ ਵਿਕਾਸ, ਸਥਿਰਤਾ ਅਤੇ ਸਮਾਜਿਕ ਗਠਜੋੜ ਨਾਲ ਜਿੱਤ ਹਾਸਲ ਕੀਤੀ, ਉੱਥੇ ਮਹਾਂਗਠਬੰਧਨ ਨੇ ਹੰਕਾਰ, ਝੂਠੇ ਵਾਅਦੇ ਅਤੇ ਪੁਰਾਣੇ ‘ਜੰਗਲ ਰਾਜ’ ਦੀ ਯਾਦ ਨਾਲ ਹਾਰ ਸਹੀ।

ਚੋਣਾਂ ਤੋਂ ਪਹਿਲਾਂ ਇੰਡੀਆ ਗਠਜੋੜ ਨੇ ਤੇਜਸਵੀ ਯਾਦਵ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਐਲਾਨ ਕੇ ਅਤੇ ‘ਬਿਹਾਰ ਕਾ ਤੇਜਸਵੀ ਪ੍ਰਾਨ’ ਮੈਨੀਫੈਸਟੋ ਜਾਰੀ ਕਰਕੇ ਬਹੁਤ ਉਮੀਦਾਂ ਜਗਾਈਆਂ ਸਨ। ਇਸ ਵਿਚ ਹਰ ਘਰ ਨੂੰ ਸਰਕਾਰੀ ਨੌਕਰੀ, ਔਰਤਾਂ ਨੂੰ ਮਹੀਨੇ ਦੇ 2,500 ਰੁਪਏ, ਮੁਫ਼ਤ ਬਿਜਲੀ, ਟਾਡੀ ’ਤੇ ਛੋਟ, ਖੇਤੀ ਲਈ ਐਮਐਸਪੀ ਗਾਰੰਟੀ ਅਤੇ ਰਿਜ਼ਰਵੇਸ਼ਨ ਵਧਾਉਣ ਵਰਗੇ ਵੱਡੇ ਵੱਡੇ ਵਾਅਦੇ ਸਨ। ਪਰ ਇਹ ਸਾਰੇ ਵਾਅਦੇ ਹਵਾਈ ਕਿਲੇ ਵਾਂਗ ਸਾਬਤ ਹੋਏ। ਯਾਦਵ ਪਰਿਵਾਰ ਦੀ ਵਿਰਾਸਤ ਨੇ ਇਨ੍ਹਾਂ ਵਾਅਦਿਆਂ ਨੂੰ ਖੋਖਲਾ ਬਣਾ ਦਿੱਤਾ। ਲਾਲੂ ਪ੍ਰਸਾਦ ਯਾਦਵ ਅਤੇ ਰਾਬੜੀ ਦੇਵੀ ਦੇ ਮੁੱਖ ਮੰਤਰੀ ਕਾਲ ਨੂੰ ਲੋਕ ਅੱਜ ਵੀ ‘ਜੰਗਲ ਰਾਜ’ ਵਜੋਂ ਯਾਦ ਕਰਦੇ ਹਨ, ਜਿੱਥੇ ਚਾਰਾ ਘੋਟਾਲਾ, ਫੋਡਰ ਸਕੈਮ ਵਰਗੇ ਵੱਡੇ ਘੁਟਾਲੇ ਹੋਏ, ਅਪਰਾਧ ਨੇ ਪੈਰ ਪਸਾਰੇ ਅਤੇ ਅਣਵਿਕਾਸ ਨੇ ਬਿਹਾਰ ਨੂੰ ਖੋਖਲਾ ਕਰ ਦਿੱਤਾ। ਮੀਸਾ ਭਾਰਤੀ ਦੇ ਵਿਆਹ ਮੌਕੇ ਰਾਤੋ ਰਾਤ ਕਾਰ ਸ਼ੋਅਰੂਮਾਂ ਨੂੰ ਖੋਲ੍ਹ ਕੇ ਗੱਡੀਆਂ ਚੁੱਕ ਲੈਣਾ, ਇਹ ਸਭ ਰਾਜਨੀਤਿਕ ਸੱਤਾ ਦੀ ਦੁਰਵਰਤੋਂ ਦੀ ਜ਼ਿੰਦਾ ਉਦਾਹਰਨ ਸੀ। ਅਜਿਹੇ ਵਿਚ ਤੇਜਸਵੀ ਯਾਦਵ ਵੱਲੋਂ ਕੀਤੇ ਵਾਅਦੇ ਕੋਈ ਠੋਸ ਯੋਜਨਾ ਨਾ ਹੋ ਕੇ ਕੇਵਲ ਸੱਤਾ ਹਾਸਲ ਕਰਨ ਦਾ ਸਾਧਨ ਲੱਗੇ।

ਤੇਜਸਵੀ ਯਾਦਵ ਦੀ ਵਿਦਿਅਕ ਯੋਗਤਾ ਵੀ ਵੱਡਾ ਸਵਾਲ ਖੜ੍ਹਾ ਕਰਦੀ ਹੈ। ਨੌਵੀਂ ਜਾਂ ਦਸਵੀਂ ਜਮਾਤ ਵਿਚ ਪੜ੍ਹਾਈ ਛੱਡ ਦੇਣਾ ਅਤੇ ਫਿਰ ਰਾਜਨੀਤੀ ਵਿਚ ਆਉਣਾ, ਇਹ ਸਭ ਪਰਿਵਾਰ ਦੀ ਰਾਜਨੀਤਕ ਤਾਕਤ ਦੇ ਬਲ ‘ਤੇ ਹੀ ਸੰਭਵ ਹੋਇਆ। ਖੇਡਾਂ ਵਿਚ ਵੀ ਉਨ੍ਹਾਂ ਨੇ ਪਿਤਾ ਦੀ ਪਹੁੰਚ ਕਾਰਨ ਨਾਂ ਕਮਾਇਆ, ਪਰ ਅਸਲ ਮੈਦਾਨ ਵਿਚ ਜ਼ਿਆਦਾਤਰ ਰਿਜ਼ਰਵ ਖਿਡਾਰੀ ਰਹੇ। ਆਈਪੀਐੱਲ ਵਿਚ ਡੈਬਿਊ ਨਹੀਂ ਕਰ ਸਕੇ ਅਤੇ ਰਣਜੀ ਟਰਾਫੀ ਵਿਚ ਵੀ ਪ੍ਰਦਰਸ਼ਨ ਖਾਸ ਨਹੀਂ ਰਿਹਾ। ਇਹ ਭਾਰਤੀ ਖੇਡਾਂ ਵਿਚ ਰਾਜਨੀਤਕ ਦਖਲ ਦੀ ਮਿਸਾਲ ਹੈ, ਜਿੱਥੇ ਟੈਲੇਂਟ ਨੂੰ ਸਿਫਾਰਸ਼ ਨਾਲ ਦਬਾ ਦਿੱਤਾ ਜਾਂਦਾ ਹੈ। ਅਜਿਹੇ ਵਿਚ ਬਿਹਾਰ ਵਾਸੀਆਂ ਨੇ ਹੰਕਾਰੀ, ਘੱਟ ਪੜ੍ਹੇ-ਲਿਖੇ ਅਤੇ ਰਾਜਨੀਤੀ ਵਿਚ ਕੱਚੇ ਤੇਜਸਵੀ ਯਾਦਵ ਨੂੰ ਸਪੱਸ਼ਟ ਰੂਪ ਵਿਚ ਨਕਾਰ ਦਿੱਤਾ। ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਵਿਰਾਸਤ ਤੋਂ ਬਾਹਰ ਨਿਕਲਣ ਦਾ ਮੌਕਾ ਨਹੀਂ ਮਿਲਿਆ। ਹੰਕਾਰੀ ਮਹਾਂਗਠਬੰਧਨ ਨੇ ਚੋਣ ਪ੍ਰਚਾਰ ਵਿਚ ਸਿਰਫ਼ ਸੱਤਾਧਾਰੀ ਧਿਰ ‘ਤੇ ਈਵੀਐੱਮ ਚੋਰੀ ਵਰਗੇ ਝੂਠੇ ਇਲਜ਼ਾਮ ਲਗਾ ਕੇ ਅਤੇ ਉਨ੍ਹਾਂ ਦਾ ਅਕਸ ਖਰਾਬ ਕਰਨ ਵਿਚ ਹੀ ਸਮਾਂ ਬਰਬਾਦ ਕੀਤਾ। ਉਨ੍ਹਾਂ ਕੋਲ ਆਪਣੇ ਸੱਤਾ ਕਾਲ ਵਿਚ ਲੋਕਾਂ ਲਈ ਕੁਝ ਕਰਨ ਦਾ ਬਹੁਤ ਸਮਾਂ ਸੀ, ਪਰ ਉਸ ਵੇਲੇ ਸਿਰਫ਼ ਅੱਤਿਆਚਾਰ, ਲੁੱਟ ਅਤੇ ਅਣਵਿਕਾਸ ਹੀ ਹੋਇਆ। ਹੁਣ ਸੱਤਾ ਤੋਂ ਬਾਹਰ ਹੋ ਕੇ ਝੂਠੇ ਵਾਅਦਿਆਂ ਦੇ ਸਹਾਰੇ ਸੱਤਾ ਹਥਿਆਉਣ ਲਈ ਤਰਲੋ ਮੱਛੀ ਹੋਏ ਪਏ ਹਨ।

ਦੂਜੇ ਪਾਸੇ ਐਨਡੀਏ ਦੀ ਜਿੱਤ ਦੇ ਕਾਰਨ ਵਿਕਾਸ, ਸਮਾਜਿਕ ਗਠਜੋੜ ਅਤੇ ਰਣਨੀਤਕ ਚਤੁਰਾਈ ਵਿਚ ਲੁਕੇ ਹਨ। ਸਭ ਤੋਂ ਵੱਡਾ ਕਾਰਨ ਔਰਤ ਵੋਟਰਾਂ ਦਾ ਵਧੀਆ ਟਰਨਆਊਟ ਅਤੇ ਉਨ੍ਹਾਂ ਦਾ ਐਨਡੀਏ ਵੱਲ ਝੁਕਾਅ ਰਿਹਾ। ਨੀਤੀਸ਼ ਕੁਮਾਰ ਦੀ ‘ਮਹਿਲਾ ਰੋਜ਼ਗਾਰ ਯੋਜਨਾ’ ਅਧੀਨ 1.25 ਕਰੋੜ ਔਰਤਾਂ ਨੂੰ 10,000 ਰੁਪਏ ਵੰਡੇ ਗਏ, ਜਿਸ ਨੇ ਔਰਤਾਂ ਨੂੰ ਸਸ਼ਕਤ ਬਣਾਇਆ। ਨੌਜਵਾਨ ਵੋਟਰਾਂ ਨੇ ਵੀ ਵਿਕਾਸ ਅਤੇ ਨੌਕਰੀਆਂ ਨੂੰ ਪਸੰਦ ਕੀਤਾ, ਜਿਸ ਨੂੰ ਪੀਐੱਮ ਮੋਦੀ ਨੇ ‘ਮਹਿਲਾ ਐਂਡ ਯੂਥ’ ਫਾਰਮੂਲਾ ਕਿਹਾ। ਗਠਜੋੜ ਦੀ ਮਜ਼ਬੂਤੀ ਅਤੇ ਸੀਟ ਵੰਡ ਨੇ ਵੀ ਵੱਡੀ ਭੂਮਿਕਾ ਨਿਭਾਈ। ਭਾਜਪਾ ਨੇ 101 ਵਿਚੋਂ 89, ਜੇਡੀ(ਯੂ) ਨੇ 101 ਵਿਚੋਂ 85 ਅਤੇ ਚਿਰਾਗ ਪਾਸਵਾਨ ਦੀ ਐੱਲਜੇਪੀ(ਆਰਵੀ) ਨੇ 29 ਵਿਚੋਂ 19 ਸੀਟਾਂ ਜਿੱਤੀਆਂ। ਚਿਰਾਗ ਨੇ ਆਪਣੇ ਪਿਤਾ ਰਾਮ ਵਿਲਾਸ ਪਾਸਵਾਨ ਦੀ ਵਿਰਾਸਤ ਨੂੰ ਭੁਣਾ ਕੇ ਦਲਿਤ, ਆਰਥਿਕ ਰੂਪ ਵਿਚ ਪੱਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਦੇ ਵੋਟ ਬੈਂਕ ਨੂੰ ਮਜ਼ਬੂਤ ਕੀਤਾ, ਜੋ ਕੇਂਦਰੀ ਅਤੇ ਪੱਛਮੀ ਬਿਹਾਰ ਵਿਚ ਫੈਸਲਾਕੁੰਨ ਸਾਬਤ ਹੋਇਆ। ਉਨ੍ਹਾਂ ਨੇ 2020 ਵਿਚ ਜੇਡੀ(ਯੂ) ਨੂੰ ਨੁਕਸਾਨ ਪਹੁੰਚਾਇਆ ਸੀ, ਪਰ 2025 ਵਿਚ ਗਠਜੋੜ ਨੂੰ ਮਜ਼ਬੂਤ ਕਰਕੇ ‘ਡਬਲ ਇੰਜਣ’ ਸਰਕਾਰ ਨੂੰ ਪੇਸ਼ ਕੀਤਾ। ਨੀਤੀਸ਼ ਕੁਮਾਰ ਦੇ ਵਿਅਕਤੀਗਤ ਆਕਰਸ਼ਣ ਅਤੇ ਗਵਰਨੈਂਸ ਰਿਕਾਰਡ ਨੇ ਨਾ-ਕਾਬਿਲ ਵਿਰੋਧੀ ਧਿਰ ਨੂੰ ਹਰਾਇਆ। ਲੋਕਾਂ ਨੇ 15 ਸਾਲਾਂ ਦੇ ‘ਜੰਗਲ ਰਾਜ’ ਤੋਂ ਬਾਅਦ, ਖਾਸ ਕਰਕੇ ਉਨ੍ਹਾਂ ਨੂੰ ‘ਸਥਿਰਤਾ ਅਤੇ ਵਿਕਾਸ’ ਦਾ ਪ੍ਰਤੀਕ ਮੰਨਿਆ। ਸੜਕਾਂ ਬਣੀਆਂ, ਬਿਜਲੀ ਵਧੀ, ਕਾਨੂੰਨ ਵਿਵਸਥਾ ਸੁਧਰੀ ਅਤੇ ਔਰਤਾਂ ਲਈ ਜੀਵਿਕਾ ਵਰਗੀਆਂ ਸਕੀਮਾਂ ਚੱਲੀਆਂ। ਵਿਰੋਧੀਆਂ ਦੇ ‘ਵੋਟ ਚੋਰੀ’ ਵਾਲੇ ਦੋਸ਼ ਉਲਟੇ ਪੈ ਗਏ।

ਇਸ ਸਭ ਵਿਚ ਪ੍ਰਸ਼ਾਂਤ ਕਿਸ਼ੋਰ ਦੀ ਜਨ ਸੁਰਾਜ ਪਾਰਟੀ ਵੀ ਉੱਭਰੀ, ਪਰ ਉਹ ਵੀ ਵੱਡੇ ਵਾਅਦੇ ਕਰਕੇ ਚੁੱਪ ਹੋ ਗਈ। ਰਾਜਨੀਤੀ ਵਿਚ ਬਿਨਾਂ ਠੋਸ ਆਧਾਰ ਤੋਂ ਵਾਅਦੇ ਕਰਨਾ ਹੀ ਮੁੱਖ ਮੰਤਵ ਰਹਿ ਗਿਆ ਹੈ। ਅੰਤ ਵਿਚ ਬਿਹਾਰ ਵਾਸੀਆਂ ਨੇ ਫੈਸਲਾ ਸੁਣਾ ਦਿੱਤਾ ਕਿ ਉਹ ਫਿਰ ਤੋਂ ਜੰਗਲ ਰਾਜ ਵਿਚ ਨਹੀਂ ਜਾਣਾ ਚਾਹੁੰਦੇ। ਤੇਜਸਵੀ ਯਾਦਵ ਦੇ ਚਮਕਦਾਰ ਵਾਅਦੇ ਫੋਕੇ ਸਾਬਤ ਹੋਏ ਅਤੇ ਐਨ.ਡੀ.ਏ. ਵੱਲੋਂ ਇੱਕ ਨਿਕੰਮੇ ਵਿਰੋਧੀ ਧਿਰ ਨੂੰ ਚੋਣਾਂ ਵਿਚ ਅਸਾਨੀ ਨਾਲ ਹਰਾ ਦਿੱਤਾ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਮੇਤ ਨੀਤੀਸ਼-ਚਿਰਾਗ ਦੀ ਜੋੜੀ ਨੇ ਨਵੀਂ ਊਰਜਾ ਦਿੱਤੀ। ਬਿਹਾਰ ਵਾਸੀਆਂ ਨੇ ਵੋਟ ਦੀ ਤਾਕਤ ਨਾਲ ਸਾਬਤ ਕੀਤਾ ਕਿ ਉਹ ਗੱਲਾਂ ਨਹੀਂ, ਕੰਮ ਚਾਹੁੰਦੇ ਹਨ। ਇਹ ਜਿੱਤ ਨਾ ਸਿਰਫ਼ ਐਨਡੀਏ ਦੀ ਹੈ, ਸਗੋਂ ਬਿਹਾਰ ਦੀ ਜਨਤਾ ਦੀ ਸੂਝ-ਬੂਝ ਦੀ ਵੀ ਹੈ।

# 'ਹਿੰਦ ਦੀ ਚਾਦਰ' ਨਹੀਂ ਮਨੁੱਖੀ ਹੱਕਾਂ ਦੇ ਰਾਖੇ!

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਨ (1469-1539) ਦੀ ਗੁਰਗੱਦੀ ਪ੍ਰੰਪਰਾ ਦੇ ਨੌਂਵੇਂ ਵਾਰਸ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਵਿਸ਼ਵ ਇਤਿਹਾਸ ਵਿਚ ਵਿਲੱਖਣ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਇਸ ਕੁਰਬਾਨੀ ਦੀ ਵਿਲੱਖਣਤਾ ਇਸ ਪੱਖੋਂ ਹੈ ਕਿ ਇਹ ਆਪਣੇ ਕਿਸੇ ਨਿਜੀ ਮਨੋਰਥ ਜਾਂ ਆਪਣੇ ਭਾਈਚਾਰੇ ਲਈ ਨਹੀਂ ਸਗੋਂ ਮਾਨਵੀ ਅਜ਼ਾਦੀ ਨੂੰ ਬਚਾਉਣ ਹਿਤ ਦਿੱਤੀ ਗਈ ਸੀ।



ਤਰਲੋਚਨ ਸਿੰਘ ਦੁਪਾਲ ਪੁਰ
ਫੋਨ: 78146-92724

* ਜਿਵੇਂ ਗੁਰੂ ਨਾਨਕ ਸਾਹਿਬ ਨੇ ਤਤਕਾਲੀ ਹਾਕਮ ਬਾਬਰ ਨੂੰ ਜਾਬਰ ਆਖ ਕੇ ਪਰਜਾ 'ਤੇ ਜ਼ੁਲਮ ਕਰਨੋਂ ਵਰਜਿਆ ਸੀ ਤਿਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸਮੇਂ ਦੇ ਜਾਬਰ ਹਾਕਮ ਔਰੰਗਜ਼ੇਬ ਵਲੋਂ ਸਤਾਏ ਹੋਏ ਦੁਖੀ ਬ੍ਰਾਹਮਣ ਸਮਾਜ ਦੀ ਬਾਂਹ ਫੜ ਕੇ ਆਪਣੀ ਸ਼ਹਾਦਤ ਪ੍ਰਵਾਨ ਕੀਤੀ।

* 15 ਮਈ 1675 ਵਾਲ਼ੇ ਦਿਨ ਕਸ਼ਮੀਰੀ ਪੰਡਿਤਾਂ ਦਾ ਜਥਾ ਭਾਈ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅੱਗੇ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਫਰਿਆਦੀ ਹੋਇਆ ਕਿ ਔਰੰਗਜ਼ੇਬ ਸਾਡੇ 'ਤੇ ਜ਼ੁਲਮੋ-ਤਸ਼ੱਦਦ ਕਰਕੇ ਇਸਲਾਮ ਕਬੂਲ ਕਰਵਾ ਰਿਹਾ ਹੈ। ਗੁਰੂ ਸਾਹਿਬ ਨੇ ਪੰਡਿਤਾਂ ਨੂੰ ਧੀਰਜ ਬੰਨ੍ਹਾਉਂਦਿਆਂ ਫੁਰਮਾਇਆ ਕਿ ਜਾਉ ਔਰੰਗਜ਼ੇਬ ਨੂੰ ਕਹਿ ਦਿਉ ਕੇ ਜੇ ਉਹ ਗੁਰੂ ਜੀ ਨੂੰ ਇਸਲਾਮ ਵਿਚ ਲੈ ਆਵੇ ਤਾਂ ਅਸੀਂ ਵੀ ਸਾਰੇ ਤੇਰਾ ਫੁਰਮਾਨ ਮੰਨ ਲਵਾਂਗੇ!

* ਇਸਤੋਂ ਬਾਅਦ ਸਤਿਗੁਰੂ ਜੀ ਆਪਣੇ ਸੇਵਕ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਪੈਦਲ ਦਿੱਲੀ ਨੂੰ ਚੱਲ ਪਏ। ਦਿੱਲੀ ਲਾਲ ਕਿਲ੍ਹੇ ਦੇ ਸਾਹਮਣੇ ਚਾਂਦਨੀ ਚੌਂਕ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਹਾਕਮਾਂ ਵਲੋਂ ਧਰਮ ਤਬਦੀਲ ਕਰਨ ਲਈ ਭਿਆਨਕ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਸਾਥੀ ਤਿੰਨੋਂ ਸੇਵਕਾਂ ਨੂੰ ਦਰਦਨਾਕ ਢੰਗਾਂ ਨਾਲ ਕਤਲ ਕੀਤਾ ਗਿਆ। ਪਰ ਗੁਰੂ ਸਾਹਿਬ ਨੂੰ ਅਡੋਲ ਰਹਿਣ 'ਤੇ ਆਖਰ 11 ਨਵੰਬਰ 1675 ਈਸਵੀ ਵਾਲ਼ੇ ਦਿਨ ਕਤਲ ਕਰ ਦਿੱਤਾ ਗਿਆ।



ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਪਹਿਲੇ ਸ਼ਹੀਦ ਮੰਨੇ ਜਾਂਦੇ ਹਨ ਜਿਨ੍ਹਾਂ ਦੇ ਕਤਲ ਤੋਂ ਬਾਅਦ ਉਨ੍ਹਾਂ ਦੇ ਧੜ ਅਤੇ ਸੀਸ ਦਾ ਅੰਤਿਮ ਸੰਸਕਾਰ ਅਲੱਗ ਅਲੱਗ ਥਾਵਾਂ 'ਤੇ ਹੋਇਆ!

* ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਦੇ ਬਿਰਤਾਂਤ ਨੂੰ ਗੰਭੀਰਤਾ ਨਾਲ਼ ਵਿਚਾਰੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕਈ ਇਤਿਹਾਸਕਾਰਾਂ ਵਲੋਂ ਸਤਿਗੁਰੂ ਜੀ ਦੇ ਪਾਵਨ ਨਾਮ ਨਾਲ ਅਕਸਰ ਜੋੜਿਆ ਜਾਂਦਾ ਵਿਸ਼ੇਸ਼ਣ 'ਹਿੰਦ ਦੀ ਚਾਦਰ' ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਛੋਟੇ ਅਰਥਾਂ ਵਾਲ਼ੀ ਬਣਾਉਂਦਾ ਹੈ। ਭਾਵੇਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰੀ ਕਵੀ ਸੈਨਾਪਤਿ ਵਲੋਂ ਲਿਖੇ ਗਏ 'ਸ੍ਰੀ ਗੁਰ ਸੋਭਾ' ਨਾਮੇ ਗ੍ਰੰਥ ਵਿਚ ਦਰਜ 'ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸਰਿਸ਼ਟ ਪੈ ਢਾਪੀ ਚਾਦਰ।' ਵਾਲ਼ੀ ਪੰਕਤੀ ਹੀ ਉਪਰੋਕਤ 'ਹਿੰਦ ਦੀ ਚਾਦਰ' ਵਾਲ਼ੇ ਵਿਸ਼ੇਸ਼ਣ ਦਾ ਜਵਾਬ ਦੇ ਦਿੰਦੀ ਹੈ ਪਰ ਕੁੱਝ ਸਿਆਸੀ ਮਸਹਲਤਾਂ ਵਾਲ਼ੀਆਂ ਧਿਰਾਂ ਗੁਰੂ ਮਹਾਰਾਜ ਦੀ ਸ਼ਹੀਦੀ ਨੂੰ ਸਿਰਫ ਤਿਲਕ ਜੰਞੂ ਦੀ ਹਮਾਇਤੀ ਅਤੇ ਇਸਲਾਮ ਵਿਰੋਧੀ ਦਰਸਾਉਣ ਹਿਤ ਇਤਿਹਾਸ ਦੇ ਇਸ ਪ੍ਰਸੰਗ ਨੂੰ 'ਆਪਣੇ ਢੰਗ' ਨਾਲ਼ ਪ੍ਰਚਾਰਤ ਜਾਂ ਪ੍ਰਸਾਰਤ ਕਰਦੀਆਂ ਰਹੀਆਂ ਹਨ।

* ਇਸ ਵਿਸ਼ੇ ਬਾਰੇ ਲਿਖਣ ਲੱਗਿਆਂ ਯਾਦ ਆਉਂਦੇ ਨੇ 'ਸਾਕਾ ਚਾਂਦਨੀ ਚੌਂਕ' ਨਾਮ ਦੇ ਰਿਕਾਰਡ ਵਿਚਲੇ ਬੋਲ, ਜੋ 'ਸਾਕਾ ਸਰਹਿੰਦ' ਦੀ ਬੇਹੱਦ ਮਕਬੂਲੀਅਤ ਤੋਂ ਉਤਸ਼ਾਹਿਤ ਹੋ ਕੇ ਮਿੱਠੀ ਤੇ ਰਸੀਲੀ ਅਵਾਜ਼ ਦੀ ਮਾਲਕ ਸਵਰਗੀ ਨਰਿੰਦਰ ਬੀਬਾ ਜੀ ਅਤੇ ਉਨ੍ਹਾਂ ਦੇ ਕੁੱਝ ਸਾਥੀ ਮਰਦ ਗਾਇਕਾਂ ਨੇ ਰਿਕਾਰਡ ਕਰਵਾਇਆ ਸੀ। ਜਿਸ ਦੀ ਪਟ-ਕਥਾ ਅਤੇ ਗੀਤ ਪ੍ਰਸਿੱਧ ਸ਼ਾਇਰ ਸ੍ਰੀ ਦੀਪਕ ਜੈਤੋਈ ਜੀ ਨੇ ਲਿਖੇ ਸਨ। ਸਾਕਾ ਸਰਹਿੰਦ ਵਾਂਗ ਹੀ 'ਸਾਕਾ ਚਾਂਦਨੀਂ ਚੌਂਕ' ਵਾਲਾ ਰਿਕਾਰਡ ਵੀ ਕਈ ਦਹਾਕੇ ਪਹਿਲਾਂ ਗ੍ਰਾਮੋਫੋਨ 'ਤੇ ਬਹੁਤ ਵੱਜਦਾ ਰਿਹਾ ਤੇ ਆਮ ਲੋਕਾਈ ਵਲੋਂ ਬਹੁਤ ਸਲਾਹਿਆ ਗਿਆ ਸੀ।

* ਸ੍ਰੀ ਗੁਰੂ ਤੇਗ ਬਹਾਦਰ ਸਾਹਬ ਜੀ ਦੀ ਸ਼ਹਾਦਤ ਕਿਉਂ ਅਤੇ ਕਿਸ ਮਕਸਦ ਹਿਤ ਹੋਈ? ਇਸ ਸਵਾਲ ਦਾ ਜਵਾਬ ਢੂੰਡਣ ਲੱਗਿਆਂ 'ਸਾਕਾ ਚਾਂਦਨੀਂ ਚੌਂਕ' ਵਿਚਲੀਆਂ ਇਹ ਦੋ ਕਵਿਤਾਵਾਂ ਬਹੁਤ ਮੱਦਦਗਾਰ ਸਾਬਤ ਹੋਣਗੀਆਂ-

* ਸਵਾਲ-ਜਵਾਬ ਨੌਂਵੇਂ ਸਤਿਗੁਰੂ ਜੀ ਅਤੇ ਔਰੰਗਜ਼ੇਬ:-

* 'ਔਰੰਗਜ਼ੇਬ ਕਹਿੰਦਾ ਕਿ ਹੈਰਾਨ ਹਾਂ ਮੈਂ
* ਤੁਸੀਂ ਜੰਞੂ ਤੇ ਤਿਲਕ ਵੀ ਧਾਰਦੇ ਨਹੀਂ।
* ਜਾਨ ਦੇ ਰਹੇ ਓ ਜੰਞੂ ਤਿਲਕ ਬਦਲੇ
* ਏਨੀ ਗੱਲ ਵੀ ਆਪ ਵਿਚਾਰਦੇ ਨਹੀਂ।
* ਤੁਸੀਂ ਕੀ ਲੈਣਾ ਉਨ੍ਹਾਂ 'ਕਾਫਰਾਂ' ਤੋਂ
* ਕਰੋ ਬੰਦਗੀ ਛੱਡੋ ਸੰਸਾਰ ਦੀ ਗੱਲ।
* ਝਗੜੇ ਦੀਨ ਤੇ ਮਜ਼ੁਬ ਦੇ ਹੋਣ ਬੇਸ਼ੱਕ
* ਆਪ ਕਰੋ ਆਪਣੇ ਰੱਬੀ ਪਿਆਰ ਦੀ ਗੱਲ!
* ਜੇਕਰ ਤੁਸੀਂ ਸ਼ਹੀਦ ਵੀ ਹੋ ਗਏ ਤਾਂ
* ਬਦਲ ਜਾਣੀ ਕੋਈ ਏਥੇ ਖੁਦਾਈ ਤਾਂ ਨਹੀਂ।
* 'ਕਿਸੇ ਵਾਸਤੇ' ਆਪਣੀ ਜਾਨ ਦੇਣੀ
* ਇਹਦੇ ਵਿਚ ਹਜ਼ੂਰ ਦਾਨਾਈ ਤਾਂ ਨਹੀਂ!'

* ਬਾਦਸ਼ਾਹ ਦੇ ਇਸ ਸਵਾਲ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਇੰਜ ਫੁਰਮਾਇਆ-

* 'ਨੌਂਵੇਂ ਪਾਤਸ਼ਾਹ ਅੱਗੋਂ ਜਵਾਬ ਦਿੱਤਾ
* ਤੂੰ ਨਹੀਂ ਜਾਣਦਾ ਇਸ਼ਕ ਦੀ ਗੱਲ ਸ਼ਾਹਾ।
* ਜਿੰਨੀਂ ਦੇਰ ਕੁਰਬਾਨੀਆਂ ਹੁੰਦੀਆਂ ਨਹੀਂ
* ਮਸਲਾ ਧਰਮ ਦਾ ਹੁੰਦਾ ਨਹੀਂ ਹੱਲ ਸ਼ਾਹਾ।
* ਸਾਡਾ ਵੈਰ ਇਸਲਾਮ ਦੇ ਨਾਲ਼ ਕੋਈ ਨਹੀਂ
* ਹਿੰਦੂ ਧਰਮ ਕੋਈ ਸਾਡਾ ਨਿਸ਼ਾਨਾਂ ਤੇ ਨਹੀਂ।
* ਸਾਡੀ ਦੁਸ਼ਮਣੀ ਤਸਬੀਆਂ ਨਾਲ਼ ਕੋਈ ਨਹੀਂ
* ਜੰਞੂ ਨਾਲ਼ ਕੋਈ ਸਾਡਾ 'ਯਾਰਾਨਾ' ਤੇ ਨਹੀਂ।
* ਅਸੀਂ 'ਧੱਕੇ ਵਿਰੁੱਧ' ਜਹਾਦ ਕੀਤਾ
* 'ਜ਼ੁਲਮ' ਨਾਲ ਹੈ ਸਿਰਫ ਲੜਾਈ ਸਾਡੀ।
* ਅਸੀਂ ਪੱਖ 'ਮਜ਼ਲੂਮਾਂ' ਦਾ ਪੂਰਨਾਂ ਏਂ
* ਇਹ ਮਜ਼ਲੂਮ ਨੇ ਚਾਹੁੰਦੇ ਅਗਵਾਈ ਸਾਡੀ।
* ਮੁਸਲਮਾਨ ਵੀ 'ਨਾਨਕ ਦੇ ਦਰ' ਉੱਤੇ
* ਜੇਕਰ ਆਉਂਦੇ ਤਾਂ ਅਸੀਂ ਅਸੀਸ ਦਿੰਦੇ।
* 'ਧੱਕਾ' ਹੁੰਦਾ ਇਸਲਾਮ ਦੇ ਨਾਲ਼ ਜੇਕਰ
* ਤਾਂ ਇਸਲਾਮ ਲਈ ਵੀ ਆਪਣਾ ਸੀਸ ਦਿੰਦੇ।
* ਇਹ ਤਾਂ ਠੀਕ ਖੁਦਾਈ ਨਹੀਂ ਬਦਲ ਸਕਦੀ
* ਤੇਰੇ ਜ਼ੁਲਮ ਦਾ ਨਸ਼ਾ ਪਰ ਤੋੜ ਦਿਆਂ ਗੇ।
* ਅਸੀਂ ਏਸ ਸ਼ਹਦਾਤ ਦੇ ਸਿਰ ਸਦਕਾ
* ਨਵਾਂ ਇਕ ਇਤਹਾਸ ਨੂੰ ਮੋੜ ਦਿਆਂ ਗੇ।
* ਸਾਡੇ ਖੂਨ 'ਚੋਂ ਉਹ ਸ਼ਕਤੀ ਹੋਊ ਪੈਦਾ
* ਜੋ ਟਕਰਾਊ ਹਰ ਖੂਨੀ ਸਰਕਾਰ ਦੇ ਨਾਲ਼।
* ਅੱਗੋਂ ਜਿਹੜਾ ਵੀ ਜ਼ਾਲਮ ਤਲਵਾਰ ਚੁੱਕੂ
* ਉਹ ਵੀ ਸੋਧਿਆ ਜਾਊ ਤਲਵਾਰ ਦੇ ਨਾਲ਼!'


* ਤਾਤਪਰਜ ਇਹ ਕਿ ਬਾਦਸ਼ਾਹ ਔਰੰਗਜ਼ੇਬ ਦੇ ਜਬਰ ਦਾ ਸ਼ਿਕਾਰ ਤਿਲਕ ਅਤੇ ਜੰਞੂ ਦੀ ਰਖਵਾਲੀ, ਇਕ ਤਤਕਾਲੀ ਕਾਰਨ ਜ਼ਰੂਰ ਬਣੇ ਨੌਂਵੇਂ ਗੁਰੂ ਜੀ ਦੀ ਸ਼ਹੀਦੀ ਦੇ ਪਰ ਵਿਦਵਾਨਾਂ ਬੁੱਧੀਜੀਵੀਆਂ ਵਲੋਂ ਇਹ ਦੁਖਿਆਰੀ ਮਨੁੱਖਤਾ ਲਈ ਮਹਾਨ ਕੁਰਬਾਨੀ ਦੇ ਅਰਥਾਂ ਵਿਚ ਵਿਚਾਰੀ ਅਤੇ ਸਲਾਹੀ ਜਾਂਦੀ ਹੈ, ਜੋ ਕਿ ਸਿਧਾਂਤਕ ਤੌਰ 'ਤੇ ਵੀ ਹਕੀਕਤ ਹੈ!

* 'ਧਰਮ ਹੇਤ ਸਾਕਾ ਜਿਨ ਕੀਆ॥
* ਸੀਸ ਦੀਆ ਪਰ ਸਿਰਰੁ ਨ ਦੀਆ॥'

# ਪਿਤਾ ਹਮਾਰੋ ਗੁਰੂ ਗੋਬਿੰਦ ਸਿੰਘ

**ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ 350 ਸਾਲਾ ਗੁਰਿਆਈ ਦਿਵਸ 'ਤੇ ਵਿਸ਼ੇਸ਼**

ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ 350 ਸਾਲ ਪੂਰੇ ਹੋ ਰਹੇ ਹਨ, ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਤਾ ਗੱਦੀ 'ਤੇ ਆਸੀਨ ਹੋਣ ਦੇ ਵੀ 350 ਸਾਲ ਹੋ ਜਾਣਗੇ। ਇਨ੍ਹਾਂ 350 ਸਾਲਾਂ ਵਿਚ ਬਹੁਤ ਕੁੱਝ ਵਾਪਰਿਆ, ਸ਼ਾਨ-ਮਾਨ ਭਰੇ ਇਤਿਹਾਸ ਰਚੇ ਗਏ ਤੇ ਬਹੁਤ ਕੁੱਝ ਬਦਲ ਵੀ ਗਿਆ ਹੈ। ਖਾਸ ਤੌਰ 'ਤੇ ਪਿਛਲੇ ਸੌ ਸਾਲ ਆਸ ਦੇ ਘੱਟ ਨਿਰਾਸ਼ ਕਰਨ ਵਾਲੇ ਜ਼ਿਆਦਾ ਰਹੇ ਹਨ। ਸਮਾਂ ਔਖਾ ਜਿਹਾ ਆ ਗਿਆ ਹੈ। ਮੁਸ਼ਕਿਲ ਹੋਵੇ ਤਾਂ ਮਾਪੇ ਯਾਦ ਆਉਂਦੇ ਹਨ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਵਾਰ-ਵਾਰ ਚੇਤੇ ਆ ਰਹੇ ਹਨ ਜਿਨ੍ਹਾਂ ਇੱਕ-ਇੱਕ ਸਿੱਖ ਨੂੰ ਖਾਲਸਾਈ ਜਾਹੋ ਜਲਾਲ ਵਿਰਾਸਤ ਵਜੋਂ ਬਖਸ਼ ਕੇ ਸਦਾ ਲਈ ਸਵੈਮਾਣ ਨਾਲ ਭਰ ਦਿੱਤਾ ਸੀ। ਸੰਸਾਰ ਦਾ ਕੋਈ ਪਿਤਾ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ 'ਜੀਵਤ ਕਈ ਹਜਾਰ' ਪੁੱਤਰਾਂ ਨੂੰ ਅਜਿਹੀ ਵਿਰਾਸਤ ਪ੍ਰਦਾਨ ਕੀਤੀ ਹੋਵੇ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ੀ।



ਡਾ. ਸਤਿੰਦਰ ਪਾਲ ਸਿੰਘ
ਆਸਟਰੇਲੀਆ
ਫੋਨ: 94159-60533

ਪਿਤਾ ਮੇਰੋ ਬਡੋ ਧਨੀ ਅਗਮਾ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 507)

ਖਾਲਸੇ ਦੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸੰਸਾਰ ਦੀ ਸਰਵਉੱਚ ਸੱਤਾ ਸਨ। ਉਨ੍ਹਾਂ ਨੇ ਆਪਣੀ ਸੰਤਾਨ ਦੇ ਭਵਿੱਖ ਲਈ ਸਰਵਉੱਤਮ ਪ੍ਰਬੰਧ ਕੀਤੇ। ਆਪਣੇ ਸਿੱਖ ਲਈ ਗੁਰੂ ਸਾਹਿਬ ਅਜਿਹੀ ਜੀਵਨ ਵਿਵਸਥਾ ਸਿਰਜ ਕੇ ਗਏ ਜਿਸ ਵਿਚ ਸਾਰਿਆਂ ਲਈ ਬਰਾਬਰੀ ਦਾ ਸਤਿਕਾਰ, ਸਨਮਾਨ, ਹੱਕ ਤੇ ਹਿੱਸਾ ਪੱਕਾ ਕੀਤਾ ਗਿਆ। ਜਾਤ ਪਾਤ, ਵਰਣ, ਵਰਗ ਦੇ ਸਾਰੇ ਭੇਦ ਦੂਰ ਹੋ ਕੇ ਸਿੱਖ ਦੀ ਇੱਕ ਜਾਤ ਹੋ ਗਈ। ਪੁਰਖ ਲਈ ਸਿੰਘ ਤੇ ਇਸਤ੍ਰੀ ਲਈ ਕੌਰ। ਸਿੱਖ ਹੋਣ ਲਈ ਖਾਲਸਾ ਹੋਣਾ ਲਾਜ਼ਮੀ ਹੋ ਗਿਆ। ਇਹ ਅੰਤਰ ਅਵਸਥਾ, ਭਾਵਨਾ ਅਤੇ ਸਵਰੂਪ ਦੀ ਇੱਕਰੂਪਤਾ ਸੀ। ਅੰਤਰ ਵਿਚ ਸ਼ਬਦ ਅੰਮ੍ਰਿਤ ਦਾ ਪ੍ਰਕਾਸ਼, ਭਾਵਨਾ ਵਿਚ ਖੰਡੇ ਬਾਟੇ ਦੀ ਪਾਹੁਲ ਦਾ ਨਿਵਾਸ ਤੇ ਵੇਸ਼ ਵਿਚ ਪੰਜ ਕਕਾਰਾਂ ਦਾ ਸ਼ਿੰਗਾਰ। ਇਸ ਇੱਕਰੂਪਤਾ ਨੇ ਖਾਲਸਾ ਨੂੰ ਇੱਕ ਮਜ਼ਬੂਤ ਤਾਕਤ ਦੇ ਰੂਪ ਵਿਚ ਬਦਲ ਦਿੱਤਾ। ਇਸ ਬੁਨਿਆਦ 'ਤੇ ਹੀ ਖਾਲਸਾ ਰਾਜ ਕਾਇਮ ਹੋਏ। ਖਾਲਸਾ ਦੀ ਸੰਗਠਨ ਸ਼ਕਤੀ ਮੁਗ਼ਲਾਂ ਤੇ ਅੰਗ੍ਰੇਜ਼ਾਂ ਲਈ ਸਭ ਤੋਂ ਵੱਡੀ ਚੁਣੌਤੀ ਸੀ। ਸਿੱਖ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫਰਮਾਨ ਮੰਨਿਆ ਤੇ ਧਾਰਮਕ ਹੀ ਨਹੀਂ ਸਮਾਜਕ ਤੇ ਰਾਜਨੀਤਕ ਖੇਤਰ ਵਿਚ ਵੀ ਵੱਡੀ ਚੜ੍ਹਤ ਪ੍ਰਾਪਤ ਕੀਤੀ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਤਾ ਆਖਣ ਵਾਲੇ ਬਹੁਤ ਸਾਰੇ ਹਨ ਪਰ ਉਨ੍ਹਾਂ ਨੂੰ ਪਿਤਾ ਮੰਨਣ ਵਾਲੇ ਆਗਿਆਕਾਰੀ ਪੁੱਤਰ ਲੱਭਿਆਂ ਨਹੀਂ ਲੱਭਦੇ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਦੀ ਪਛਾਣ ਨਾਮ ਦੇ ਅੰਤ ਵਿਚ ਲੱਗੇ ਸਿੰਘ, ਕੌਰ ਨਾਲ ਸੀ। ਸਿੱਖ ਦਾ ਪੂਰਾ ਵਜੂਦ ਗੁਰੂ ਦੀ ਬਖਸ਼ੀ ਪਦਵੀ 'ਤੇ ਟਿਕਿਆ ਹੋਇਆ ਸੀ। ਅੱਜ ਸਿੰਘ ਹੈ ਪਰ ਅੱਗੇ ਜਾਤ ਜੋੜ ਦਿੱਤੀ ਗਈ ਹੈ। ਜਾਤ ਨਹੀਂ ਤਾਂ ਕਿੱਤੇ ਦਾ ਨਾਮ ਜੋੜ ਦਿੱਤਾ ਗਿਆ ਹੈ। ਬੋਲਚਾਲ ਵਿਚ, ਸਧਾਰਣ ਵਿਵਹਾਰ ਵਿਚ ਸਿੰਘ ਅਲੋਪ ਵੀ ਕਰ ਦਿੱਤਾ ਗਿਆ ਹੈ ਤੇ ਜਾਤ ਆ ਗਈ ਹੈ। ਇਹ ਆਪਣੇ ਪਿਤਾ ਪ੍ਰਤੀ ਭਾਵਨਾਤਮਕ ਦੂਰੀ ਨੂੰ ਦਰਸਾਉਂਦਾ ਹੈ। ਭਾਵਨਾਤਮਕ ਪੱਧਰ 'ਤੇ ਦੂਰ ਹੁੰਦੇ ਜਾਣਾ ਸਬੰਧ ਦਾ ਖੋਖਲਾ ਹੁੰਦਾ ਜਾਣਾ ਹੈ। ਕੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਖ ਦਾ ਸਬੰਧ ਖੋਖਲਾ ਹੋ ਗਿਆ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਇਸ ਦੇ ਪ੍ਰਭਾਵ ਚਿੰਤਤ ਕਰਨ ਵਾਲੇ ਹਨ। ਜਾਤਾਂ ਦੇ ਨਾਮ ਦੇ ਗੁਰਦੁਆਰੇ ਬਣ ਗਏ ਹਨ। ਵਿਆਹ ਲਈ ਜਾਤ ਵੇਖੀ ਜਾਂਦੀ ਹੈ। ਜਾਤ ਅਧਾਰਤ ਸੰਗਠਨ ਬਣ ਗਏ ਹਨ। ਸਿੱਖ ਲਈ ਸਿੱਖ ਆਪਣਾ ਨਹੀਂ ਰਿਹਾ, ਆਪਣੀ ਜਾਤ ਦਾ ਸਿੱਖ ਆਪਣਾ ਮੰਨਿਆ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੱਲ ਅਸੀਂ ਕਿਵੇਂ ਕਰ ਸਕਦੇ ਹਾਂ ਜੇ ਆਪਣੇ ਨਾਮ ਦੇ ਆਖੀਰ ਵਿਚ ਜਾਤ ਲਗਾ ਕੇ ਗੁਰੂ ਸਾਹਿਬ ਦੇ ਬਖਸ਼ੇ ਸਿੰਘ ਜਾਂ ਕੌਰ ਦੀ ਬੇਕਦਰੀ ਕਰ ਰਹੇ ਹਾਂ, ਨਿਰਾਦਰ ਕਰ ਰਹੇ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਜਾਤ ਮਿਟਾ ਕੇ ਸਿੰਘ ਬਣਾਇਆ ਸੀ। ਅਸੀਂ ਅੱਜ ਵੀ ਉਸ ਮੁਰਦਾ ਹੋ ਗਈ ਜਾਤ ਨੂੰ ਗਲੇ ਦਾ ਹਾਰ ਬਣਾਇਆ ਹੋਇਆ ਹੈ। ਇਸ ਕਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਅੱਜ ਬਹੁਤ ਯਾਦ ਆਉਂਦੇ ਹਨ।




ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਸਿੱਧਾ ਸਬੰਧ ਕਾਇਮ ਕਰਨ ਲਈ ਮਸੰਦ ਪ੍ਰਣਾਲੀ ਸਮਾਪਤ ਕਰ ਦਿੱਤੀ ਸੀ। ਸਿੱਖ ਬੇਨਤੀ ਕਰਦਾ ਸੀ, ਗੁਰੂ ਸੁਣਦਾ ਸੀ। ਗੁਰੂ ਸਿੱਖ ਦੀ ਜਾਣਦਾ ਸੀ ਸਿੱਖ ਆਪਣੇ ਗੁਰੂ 'ਤੇ ਭਰੋਸਾ ਕਰਦਾ ਸੀ। ਕੋਈ ਦੂਰੀ ਨਹੀਂ ਸੀ ਤਾਂ ਹੀ ਜੈਤਾ ਗੁਰੂ ਦਾ ਬੇਟਾ ਬਣ ਸਕਿਆ ਸੀ। ਅੱਜ ਸਿੱਖ ਗੁਰੂ ਤੋਂ ਦੂਰ ਹੋ ਗਿਆ ਹੈ ਤੇ ਕਰ ਵੀ ਦਿੱਤਾ ਗਿਆ ਹੈ। ਅੱਜ ਗੁਰੂ ਤੱਕ ਪੁੱਜਣ ਲਈ ਕੋਈ ਸਿੱਧੀ ਰਾਹ ਨਹੀਂ ਰਹੀ, ਕਈ ਮਾਧਿਅਮ ਬਣ ਗਏ ਹਨ। ਗੁਰੂ ਦਾ ਕਥਨ ਮਾਧਿਅਮਾਂ ਤੋਂ ਗੁਜ਼ਰਦਿਆਂ ਹੋਰ ਦਾ ਹੋਰ ਹੀ ਰੂਪ ਲੈ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਸੀ। ਅੱਜ ਗੁਰੂ ਸਾਹਿਬ ਦੇ ਹੀ ਨਾਮ 'ਤੇ ਉਸ ਜੋੜ ਵਿਚ ਤਰੇੜਾਂ ਪਾਈਆਂ ਜਾ ਰਹੀਆਂ ਹਨ। ਗੁਰੂ ਸਾਹਿਬ ਦੇ ਹੀ ਨਾਮ 'ਤੇ ਉਨ੍ਹਾਂ ਦੇ ਹੁਕਮ 'ਗੁਰੂ ਮਾਨਿਯੋ ਗਰੰਥ' ਦੀ ਖੁੱਲ੍ਹੀ ਉਲੰਘਣਾ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਹੀ ਅੱਗੇ ਵਧਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਸਾਹਿਬਨੇ ਕਰਮਕਾਂਡ, ਪਾਖੰਡ ਤੋਂ ਸਿੱਖਾਂ ਨੂੰ ਵਰਜਿਆ ਤੇ ਗੁਰ ਸ਼ਬਦ ਨੂੰ ਹੀ ਉੱਧਾਰ ਦਾ ਮਾਰਗ ਦੱਸਿਆ ਸੀ। ਪਿਤਾ ਦੀ ਸੌਂਪੀ ਕੁੰਜੀ ਤਾਂ ਸਿੱਖ ਵਰਤਣਾ ਹੀ ਭੁੱਲ ਗਿਆ ਹੈ। ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਕੰਠ ਸੀ ਤਾਂ ਹੀ ਆਪ ਨੇ ਸ੍ਰੀ ਦਮਦਮਾ ਸਾਹਿਬ ਵਿਚ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਕੇ ਸੰਪੂਰਨਤਾ ਪ੍ਰਦਾਨ ਕੀਤੀ ਸੀ। ਅੱਜ ਜਪੁ ਸਾਹਿਬ ਦੀ ਬਾਣੀ ਕੰਠ ਕਰਨ ਵਾਲੇ ਸਿੱਖ ਵੀ ਵਿਰਲੇ ਹੀ ਮਿਲਦੇ ਹਨ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ 'ਤੇ ਕੀਤੇ ਗਏ ਦਸਮ ਪਿਤਾ ਦੇ ਬਵੰਜਾ ਹੁਕਮਾਂ ਵਿਚ ਸ਼ਾਮਿਲ ਹੁਕਮ ਜਿਵੇਂ ਗੁਰਬਾਣੀ ਕੰਠ ਕਰਨੀ, ਗੁਰਬਾਣੀ ਦੇ ਅਰਥ ਸਮਝਣੇ, ਸ਼ਬਦ ਅਭਿਆਸ ਕਰਨਾ ਆਦਿਕ ਵਿਸਾਰ ਹੀ ਦਿੱਤੇ ਗਏ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੰਨ 1675 ਤੋਂ ਸੰਨ 1708 ਤੱਕ ਦਾ ਗੁਰਤਾ ਕਾਲ ਚੁਣੌਤੀਆਂ ਤੇ ਸੰਘਰਸ਼ ਦਾ ਕਾਲ ਰਿਹਾ। ਗੁਰੂ ਸਾਹਿਬ ਨੇ ਹਰ ਚੁਣੌਤੀ ਦਾ ਬੜੇ ਸਬਰ ਤੇ ਸੂਝ-ਬੂਝ ਨਾਲ ਸਾਹਮਣਾ ਕੀਤਾ। ਔਖੀ ਤੋਂ ਔਖੀ ਸਥਿਤੀ ਵਿਚੋਂ ਵੀ ਆਪ ਜੇਤੂ ਬਣ ਕੇ ਨਿਕਲੇ। ਸਿਧਾਂਤਾਂ ਲਈ ਹਮੇਸ਼ਾ ਹਾਲਾਤ ਨਾਲ ਟਾਕਰਾ ਲਿਆ ਤੇ ਸਰਬੰਸ ਵਾਰ ਦਿੱਤਾ। ਇਹ ਜਜ਼ਬਾ ਖਾਲਸਾਈ ਸੀ 'ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ"। ਅੱਜ ਸਿਧਾਂਤਾਂ ਦੀ ਥਾਂ ਸਮਝੌਤੇ ਲੈਂਦੇ ਜਾ ਰਹੇ ਹਨ। ਗੁਰੂ ਸਾਹਿਬ ਨੇ ਸਿਖਾਇਆ ਸੀ 'ਇਹ ਲਾਲਚ ਹਉ ਗੁਨ ਤਉ ਉਚਰੋਂ", ਪਰ ਕੌਮ ਨੇ ਕੁਸਰੀਆਂ, ਪਦਵੀਆਂ ਤੇ ਲਾਲਚ ਪਾਲ ਲਏ ਹਨ। ਇਸ ਲਾਲਚ ਨੇ ਸਿੱਖ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣਾ ਪਿਤਾ ਆਖਣ ਦੇ ਹੱਕ 'ਤੇ ਸਵਾਲ ਖੜ੍ਹਾ ਕਰ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੁਰਿਆਈ ਦਾ ਦਿਨ ਮਹਾਨ ਸੀ ਜਦੋਂ ਸਿੱਖ ਕੌਮ ਅੰਦਰ ਆਏ ਵਿਲੱਖਣ ਬਦਲਾਅ ਦੀ ਇਬਾਰਤ ਲਿਖਣੀ ਆਰੰਭ ਹੋਈ ਸੀ। ਖਾਲਸੇ ਦੇ ਜਨਮ ਦੇ ਬੀਜ ਅੱਜ ਦੇ ਦਿਨ ਬੀਜੇ ਗਏ ਸਨ। ਇਹ ਆਪਣੀ ਹੋਂਦ ਦੀ ਨਿਸ਼ਾਨਦੇਹੀ ਕਰਨ ਦਾ ਦਿਨ ਹੈ। ਆਪਣੇ ਪਿਤਾ ਨੂੰ ਯਾਦ ਕਰਨ ਦੇ ਨਾਲ ਹੀ ਪਿਤਾ ਦੀ ਵਿਸਾਰੀ ਹੋਈ ਮਹਾਨ ਵਿਰਾਸਤ ਨੂੰ ਆਪਣੇ ਜੀਵਨ ਵਿਚ ਉਤਾਰਨ ਦਾ ਸੰਕਲਪ ਲੈਣ ਦਾ ਦਿਨ ਹੈ। ਆਪਣੇ ਆਪ ਨੂੰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੁਯੋਗ ਸੰਤਾਨ ਸਾਬਿਤ ਕਰਨ ਦਾ ਦਿਨ ਹੈ।

# ਪੰਜਾਬ ਯੂਨੀਵਰਸਿਟੀ - ਇਤਿਹਾਸ ਅਤੇ ਵਿਰਸਾ





**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**

ਪੰਜਾਬ ਯੂਨੀਵਰਸਿਟੀ ਦਾ ਇਤਿਹਾਸ ਬਹੁਤ ਪੁਰਾਣਾ ਅਤੇ ਰੌਚਕ ਹੈ, ਜੋ ਪੰਜਾਬੀਆਂ ਦੀ ਹਿੰਮਤ, ਮਿਹਨਤ, ਦਰਿਆਦਿਲੀ ਅਤੇ ਆਪਣੇ ਲੋਕਾਂ ਲਈ ਕੁੱਝ ਵੀ ਕਰ ਜਾਣ ਦਾ ਪ੍ਰਤੀਕ ਹੈ। ਅਣਵੰਡੇ ਹਿੰਦੁਸਤਾਨ ਵਿਚ ਪੰਜਾਬ ਯੂਨੀਵਰਸਿਟੀ ਦੀ ਹੋਂਦ ਤੋਂ ਪਹਿਲਾਂ ਸਿਰਫ਼ ਤਿੰਨ ਹੀ ਯੂਨੀਵਰਸਿਟੀਆਂ ਸਥਾਪਤ ਸਨ: ਕਲਕੱਤਾ ਯੂਨੀਵਰਸਿਟੀ, ਬੰਬਈ (ਮੁੰਬਈ) ਯੂਨੀਵਰਸਿਟੀ ਅਤੇ ਮਦਰਾਸ ਯੂਨੀਵਰਸਿਟੀ। ਇਸ ਤਰ੍ਹਾਂ ਪੰਜਾਬ ਯੂਨੀਵਰਸਿਟੀ ਹਿੰਦੁਸਾਨ ਵਿਚ ਬਣਨ ਵਾਲੀ ਚੌਥੀ ਅਤੇ ਉੱਤਰੀ ਭਾਰਤ ਵਿਚ ਸਭ ਤੋਂ ਪਹਿਲੀ ਅਤੇ ਪੁਰਾਣੀ ਯੂਨੀਵਰਸਿਟੀ ਹੈ ਜਿਸ ਦਾ ਇਤਹਾਸ 160 ਸਾਲ ਪੁਰਾਣਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਫ਼ੌਤਗੀ (27 ਜੂਨ, 1839) ਤੋਂ ਪੂਰੇ ਦਸ ਸਾਲ ਬਾਅਦ 29 ਮਾਰਚ 1849 ਨੂੰ ਅੰਗਰੇਜ਼ ਸਮਰਾਜ ਦਾ ਪੰਜਾਬ ਉਤੇ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਇਹ ਪੰਜਾਬ ਦੀ ਸਭ ਤੋਂ ਵੱਡੀ ਬਦਕਿਸਮਤੀ ਅਤੇ ਦੁਖਾਂਤ ਸੀ, ਜਿਸ ਨੇ ਪੰਜਾਬ ਲਈ ਭਵਿੱਖ ਵਿਚ ਆਉਣ ਵਾਲੀਆਂ ਕਈ ਬਦਕਿਸਮਤੀਆਂ ਅਤੇ ਦੁਖਾਂਤਾਂ ਦੇ ਰਾਹ ਖੋਲ੍ਹ ਦਿੱਤੇ। ਅੰਗਰੇਜ਼ਾਂ ਨੇ ਆਪਣੀਆਂ ਜ਼ਰੂਰਤਾਂ ਅਨੁਸਾਰ ਸਿੱਖਿਆ ਦੇਣ ਲਈ ਮਹਾਰਾਜਾ ਰਣਜੀਤ ਸਿੰਘ ਦੇ ਬਣਾਏ ਵਿਦਿੱਅਕ ਢਾਂਚੇ ਦਾ ਢਾਉਵਾੜਾ ਕਰਕੇ ਆਪਣੇ ਤਰੀਕੇ ਦੀ ਸਿੱਖਿਆ ਨੀਤੀ ਸਥਾਪਤ ਕਰਨ ਤਹਿਤ ਪੰਜਾਬ ਵਿਚ ਕਈ ਸਾਰੇ ਸਕੂਲ ਅਤੇ ਹੋਰ ਵਿਦਿਅਕ ਅਦਾਰੇ ਖੋਲ੍ਹਣੇ ਸ਼ੁਰੂ ਕਰ ਦਿੱਤੇ। ਇਕ ਯੂ ਟਿਊਬ ਚੈਨਲ "ਪੰਜਾਬ ਸਿਆਂ" ਵਿੱਚ "ਪੰਜਾਬ ਯੂਨੀਵਰਸਿਟੀ" ਦੇ ਇਸ ਇਤਿਹਾਸ ਨੂੰ ਲਿਖਤੀ ਦਸਤਾਵੇਜਾਂ ਦੇ ਅਧਾਰ 'ਤੇ ਪੂਰੀ ਤਰ੍ਹਾਂ ਖੋਲ੍ਹ ਕੇ ਦੱਸਿਆ ਗਿਆ ਹੈ। ਇਸ ਨਵੀਂ ਵਿੱਦਿਆ ਨੀਤੀ ਦੇ ਸੰਦਰਭ ਵਿਚ ਹੀ 1855 ਈਸਵੀ ਵਿਚ ਲਹੌਰ ਵਿਖੇ 'ਗੌਰਮਿੰਟ ਕਾਲਜ ਲਹੌਰ' ਸਥਾਪਤ ਕੀਤਾ ਗਿਆ ਜਿਸ ਦਾ ਪਹਿਲਾ ਪ੍ਰਿੰਸੀਪਲ ਡਾਕਟਰ ਜੀ.ਡਬਲਿਉ ਲੈਟਨਰ ਨੂੰ ਲਗਾਇਆ ਗਿਆ ਜੋ ਕਿ ਹੰਗਰੀ ਦਾ ਨਿਵਾਸੀ ਸੀ ਅਤੇ ਪਹਿਲਾਂ ਇੰਗਲੈਂਡ ਵਿਚ 'ਲੰਡਨ ਕਿੰਗਜ਼ ਕਾਲਿਜ" ਦਾ ਪ੍ਰਿੰਸੀਪਲ ਸੀ। ਉਥੇ ਉਹ 'ਅਰਬੀ ਮੁਸਲਿਮ ਲਾਅ' ਦਾ ਅਧਿਐਨ ਵੀ ਕਰ ਰਿਹਾ ਸੀ। ਲਹੌਰ ਦੇ ਇਸ ਗੌਰਮਿੰਟ ਕਾਲਜ ਨੂੰ ਕਲਕੱਤਾ ਯੂਨੀਵਰਸਿਟੀ ਨਾਲ ਜੋੜਿਆ ਗਿਆ ਜੋ ਮੁਲਕ ਦੇ ਦੂਜੇ ਸਿਰੇ ਉੱਤੇ ਸੀ। ਇੱਕ ਮਹਿਕਮਾ 'ਫ਼ਸਟ ਆਰਟ ਇਗਜ਼ਾਮੀਨੇਸ਼ਨ' ਸੀ ਜਿਸ ਵਿਚ 17 ਬੱਚੇ ਦਾਖਲ ਸੀ ਜਿਨ੍ਹਾਂ ਵਿੱਚੋਂ 13 ਫੇਹਲ ਹੋ ਗਏ। ਕਲਕੱਤਾ ਯੂਨੀਵਰਸਿਟੀ ਬਹੁਤ ਦੂਰ ਪੈਂਦੀ ਕਰਕੇ ਕਾਲਜ ਚਲਾਉਣਾ ਬਹੁਤ ਮਹਿੰਗਾ ਪੈ ਰਿਹਾ ਸੀ। ਅੰਗਰੇਜ਼ ਸਰਕਾਰ ਨੇ ਮਾਇਕ ਸਹਾਇਤਾ ਤੋਂ ਹੱਥ ਖੜ੍ਹੇ ਕਰ ਦਿੱਤੇ ਕਿ ਸਰਕਾਰ ਇਸ ਕਾਲਿਜ ਨੂੰ ਨਹੀਂ ਚਲਾ ਸਕਦੀ।

ਜੀ. ਡਵਲਿਊ. ਲੈਟਨਰ ਨੇ ਸਰਕਾਰ ਨੂੰ ਮਸ਼ਵਰਾ ਦਿੱਤਾ ਕਿ ਇਸ ਕਾਲਿਜ ਨੂੰ ਚਲਾਉਣ ਲਈ ਪੰਜਾਬੀਆਂ ਦੀ ਦਿਲਚਸਪੀ ਪੈਦਾ ਕੀਤੀ ਜਾਵੇ ਅਤੇ ਸੰਸਥਾ ਚਲਾਉਣ ਲਈ ਪੰਜਾਬੀ ਅਵਾਮ ਨੂੰ ਨਾਲ ਜੋੜਿਆ ਜਾਵੇ। ਇਸ ਮਕਸਦ ਲਈ ਮਿਸਟਰ ਲੈਟਨਰ ਨੇ "ਅੰਜੂਮਨੇ ਪੰਜਾਬ" ਨਾਮ ਦੀ ਇੱਕ ਸੰਸਥਾ ਬਣਾਈ ਅਤੇ ਮੀਟਿੰਗ ਰੱਖੀ ਜਿਸ ਵਿਚ ਅੰਗਰੇਜ਼ ਸਰਕਾਰ ਦੇ ਵੱਡੇ ਅਧਿਕਾਰੀ ਅਤੇ ਨਾਮਵਰ ਪੰਜਾਬੀਆਂ, ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਨੂੰ ਮੀਟਿੰਗ ਵਿਚ ਬੁਲਾਇਆ। ਪੰਜਾਬ ਦੇ ਆਮ ਅਵਾਮ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਇਸ ਵਿੱਦਿਅਕ ਸੰਸਥਾ ਨੂੰ ਖੜ੍ਹੀ ਕਰਨ ਲਈ ਅਤੇ ਚਲਾਉਣ ਲਈ ਆਪਣਾ ਯੋਗਦਾਨ ਪਾਉਣ। ਉਸ ਨੇ ਪੰਜਾਬੀਆਂ ਨੂੰ ਇੱਕ ਸੁਪਨਾ ਦਿਖਾਇਆ ਕਿ ਇਹ ਸੰਸਥਾ ਨਿਰੋਲ ਪੰਜਾਬੀਆਂ ਦੀ, ਪੰਜਾਬ ਦੀ ਅਤੇ ਪੰਜਾਬ ਵਾਸਤੇ ਹੋਵੇਗੀ। ਸਾਰਿਆਂ ਨੇ ਇੱਕਸੁਰ ਹੋ ਕੇ ਹਾਮੀ ਭਰੀ ਕਿ ਉਹ ਇਸ ਸੰਸਥਾ ਨੂੰ ਚਲਾਉਣਗੇ। ਇਸ ਸੰਸਥਾ ਦਾ ਪਹਿਲਾ ਨਾਮ "ਅੰਮ੍ਰਿਤਸਰ ਐਂਡ ਲਹੌਰ ਯੂਨੀਵਰਸਿਟੀ ਕਾਲਜ" ਤਜਵੀਜ਼ ਕੀਤਾ ਗਿਆ; ਕਈ ਮੀਟਿੰਗਾਂ ਬਾਅਦ ਆਖ਼ਰ ਇਸ ਦਾ ਨਾਮ "ਪੰਜਾਬ ਯੂਨੀਵਰਸਿਟੀ ਲਹੌਰ" ਰੱਖਿਆ ਗਿਆ ਜਿਸ ਦੀ ਕਾਪੀ ਲੈਫਟੀਨੈਂਟ ਗਵਰਨਰ ਨੂੰ ਭੇਜੀ ਗਈ। ਇਸ ਸੰਸਥਾ ਲਈ ਇੱਕ ਟਰੱਸਟ ਬਣਾਇਆ ਗਿਆ। 27 ਮਈ 1868 ਦੇ ਰਿਕਾਰਡ ਅਨੁਸਾਰ ਇਸ ਟਰੱਸਟ ਵਿਚ ਕਸ਼ਮੀਰ ਦੇ ਮਹਾਰਾਜਾ ਰਣਧੀਰ ਸਿੰਘ ਨੇ 62,500 ਰੁਪਏ, ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ 50,000 ਰੁਪਏ, ਜੀਂਦ ਦੇ ਮਹਾਰਾਜਾ ਰਘੁਬੀਰ ਸਿੰਘ ਨੇ 11,000 ਰੁਪਏ, ਨਾਭਾ ਮਹਾਰਾਜਾ ਭਗਵਾਨ ਸਿੰਘ ਨੇ 11,000 ਰੁਪਏ, ਕਪੂਰਥਲਾ ਮਹਾਰਾਜਾ ਰਣਧੀਰ ਸਿੰਘ ਨੇ 10,000 ਰੁਪਏ, ਹੋਰ ਰਿਆਸਤਾਂ ਨੇ 10,000 ਰੁਪਏ, 7,900 ਰੁਪਏ, 12,000 ਰੁਪਏ, 6400 ਰੁਪਏ ਅਤੇ ਅੰਗਰੇਜ਼ਾਂ ਨੇ 6400 ਰੁਪਏ ਦਿੱਤੇ ਜਦ ਕਿ ਆਮ ਪੰਜਾਬੀਆਂ ਨੇ 12000 ਰੁਪਏ ਇਕੱਠੇ ਕਰਕੇ ਟਰੱਸਟ ਵਿਚ ਪਾਏ। ਇਸ ਤਰ੍ਹਾਂ ਉਸ ਜ਼ਮਾਨੇ ਦੇ ਹਿਸਾਬ ਨਾਲ ਇਹ ਬਹੁਤ ਵੱਡੀ ਰਕਮ ਇਕੱਠੀ ਹੋ ਗਈ।

ਮਿਸਟਰ ਲੈਟਨਰ ਨੇ ਪੰਜਾਬ ਯੂਨੀਵਰਸਿਟੀ ਦੀ ਸਥਾਪਤੀ ਲਈ ਲੈਫਟੀਨੈਂਟ ਗਵਰਨਰ ਪੰਜਾਬ ਕੋਲ ਬਹੁਤ ਭੱਜ-ਦੌੜ ਕੀਤੀ; ਨਤੀਜਤਨ ਲੈਫ਼ਟੀਨੈਂਟ ਗਵਰਨਰ ਪੰਜਾਬ ਨੇ ਤਿੰਨ ਖੱਤ ਵਾਰੋ ਵਾਰੀ ਦਿੱਲੀ ਦੀ ਅੰਗਰੇਜ਼ ਹਕੂਮਤ ਨੂੰ ਲਿਖੇ। ਪਹਿਲਾ ਖਤ 18 ਮਈ 1868 ਦਾ, ਨੰਬਰ 235 ਹੈ ਜਿਸ ਵਿਚ ਮੰਗ ਕੀਤੀ ਗਈ ਕਿ ਹਿੰਦੁਸਤਾਨ ਦੀ ਹਕੂਮਤ ਯੂਨੀਵਰਸਿਟੀ ਲਈ ਮਨਜ਼ੂਰੀ ਵੀ ਦੇਵੇ ਅਤੇ 21,000 ਰੁਪਏ ਦਾ ਫੰਡ ਵੀ ਦੇਵੇ। ਉਸ ਨੇ ਕੁੱਝ ਨੁਕਤੇ ਉਠਾਏ ਜਿਵੇਂ ਪਹਿਲਾ ਕਿ ਕਲਕੱਤਾ ਬਹੁਤ ਦੂਰ ਪੈਂਦਾ ਹੈ ਅਤੇ ਇਸ ਲਈ ਪੰਜਾਬ ਲਈ ਕਲਕੱਤਾ ਯੂਨੀਵਰਸਿਟੀ ਨਾਲ ਜੁੜੇ ਹੋਣਾ ਬਹੁਤ ਮਹਿੰਗਾ ਪੈਂਦਾ ਹੈ। ਦੂਸਰਾ ਸਾਰਾ ਸਲੇਬਸ ਅਤੇ ਤਰੀਕਾਕਾਰ ਕਲਕੱਤਾ ਯੂਨੀਵਰਸਿਟੀ ਤਹਿ ਕਰਦੀ ਹੈ ਜੋ ਕਿ ਪੰਜਾਬ ਦੇ ਅਨੁਕੂਲ ਨਹੀਂ ਹੈ। ਤੀਸਰੇ ਕਲਕੱਤਾ ਯੂਨੀਵਰਸਿਟੀ ਦੀ ਸਾਰੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੈ ਜੋ ਪੰਜਾਬੀਆਂ ਦੇ ਵੱਸੋਂ ਬਾਹਰੀ ਗੱਲ ਹੈ। ਇਸ ਲਈ ਜ਼ਰੂਰੀ ਹੈ ਕਿ ਭਾਰਤੀ ਹਕੂਮਤ ਪੰਜਾਬ ਲਈ ਵੱਖਰੀ ਯੂਨੀਵਰਸਿਟੀ ਦੀ ਮਨਜ਼ੂਰੀ ਦੇਵੇ ਜੋ ਪੰਜਾਬ ਦੇ ਅਨੁਕੂਲ ਹੋਵੇ ਅਤੇ ਕਲਕੱਤਾ ਯੂਨੀਵਰਸਿਟੀ ਪੰਜਾਬ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੀ। 19 ਸਤੰਬਰ 1868 ਨੂੰ ਇਸ ਦਾ ਉੱਤਰ ਖੱਤ ਨੰਬਰ 558 ਆਉਂਦਾ ਹੈ ਜਿਸ ਵਿਚ ਲਿਖਿਆ ਹੁੰਦਾ ਹੈ ਕਿ ਗਰਾਂਟ ਵੀ ਦਿੱਤੀ ਅਤੇ ਲਹੌਰ ਗੌਰਮਿੰਟ ਕਾਲਜ ਵਿਚ ਸੁਧਾਰ ਵੀ ਕਰਾਂਗੇ ਪਰ ਤੁਹਾਨੂੰ ਇਮਤਿਹਾਨ ਲੈਣ ਦਾ ਹੱਕ ਨਹੀਂ; ਉਹ ਕਲਕੱਤਾ ਯੂਨੀਵਰਸਿਟੀ ਹੀ ਲਵੇਗੀ। ਲੈਫਟੀਨੈਂਟ ਗਵਰਨਰ ਪੰਜਾਬ ਨੇ 12 ਨਵੰਬਰ 1868 ਨੂੰ ਦੂਜਾ ਬੜਾ ਸਖਤ ਖੱਤ ਲਿਖਿਆ। ਇਹ ਉਸ ਨੇ ਪੰਜਾਬ ਦੇ ਅਵਾਮ, ਪੰਜਾਬ ਦੇ ਨਾਮੀ ਬੰਦਿਆਂ, ਸਰਦਾਰਾਂ ਦੇ ਦਮ ਤੇ ਲਿਖਿਆ ਕਿ ਪੰਜਾਬ ਦੇ ਨਾਮੀ ਲੋਕ ਸਾਨੂੰ ਪੈਸਾ ਅਤੇ ਸਮਰਥਨ ਦੇ ਰਹੇ ਹਨ। ਜੇ ਤੁਸੀਂ ਮਨਜ਼ੂਰੀ ਨਾ ਦਿੱਤੀ ਤਾਂ ਅੱਗੇ ਤੋਂ ਇਹਨਾਂ ਨੇ ਕਿਸੇ ਕੰਮ ਵਿਚ ਸਾਡਾ ਸਾਥ ਨਹੀਂ ਦੇਣਾ। ਪੰਜਾਬ ਵਿਚ ਜੋ ਸਿੱਖਿਆ ਦੀ ਕਰਾਂਤੀ ਚੱਲੀ ਹੈ ਤੁਸੀਂ ਇਸ ਦੇ ਉਲਟ ਨਾ ਚੱਲੋ। ਤੁਸੀਂ ਇਸ ਨੂੰ ਨਕਾਰੋ ਨਾ, ਮਨਜ਼ੂਰੀ ਦੇਵੋ। ਫਿਰ ਦੋ ਸਾਲ ਬਾਅਦ 1870 ਵਿਚ ਹਕੂਮਤ ਵੱਲੋਂ ਮਨਜ਼ੂਰੀ ਮਿਲ ਗਈ ਕਿ ਤੁਸੀਂ ਆਪਣਾ ਕਾਲਜ ਬਣਾ ਸਕਦੇ ਹੋ ਜਿਸ ਦਾ ਨਾਮ ਰੱਖਿਆ ਗਿਆ "ਪੰਜਾਬ ਯੂਨੀਵਰਸਿਟੀ ਕਾਲਜ" ਅਤੇ ਹੁਣ ਪੰਜਾਬ ਨੂੰ ਆਪਣਾ ਸਲੇਬਸ ਬਣਾਉਣ ਦਾ ਹੱਕ ਵੀ ਮਿਲ ਗਿਆ, ਪਰ ਡਿਗਰੀ ਦੇਣ ਦਾ ਹੱਕ ਹਾਲੇ ਵੀ ਕਲਕੱਤਾ ਯੂਨੀਵਰਸਿਟੀ ਕੋਲ ਸੀ।

"ਪਹਿਲੀ ਵਾਰ ਇਥੇ ਸੈਨੇਟ ਬਣਾਈ ਗਈ, 'ਪੰਜਾਬ ਯੂਨੀਵਰਸਿਟੀ ਕਾਲਜ' ਦੀ ਸੈਨੇਟ। ਇਸ ਸੈਨੇਟ ਵਿਚ ਪੰਜਾਬੀ ਦੇ ਵੱਡੇ ਵੱਡੇ ਸਾਹਿਤਕਾਰ ਅਤੇ ਅੰਗਰੇਜ਼ ਐਜੂਕੇਸ਼ਨਿਸਟ ਸ਼ਾਮਲ ਕੀਤੇ ਗਏ। ਕਾਲਜ ਨੂੰ ਕਿਸਤਰ੍ਹਾਂ ਚਲਾਉਣਾ ਹੈ ਇਸ ਦੀ ਜ਼ਿਮੇਂਵਾਰੀ ਸੈਨੇਟ ਦੀ ਸੀ, ਇਮਤਿਹਾਨ ਕਰਾਉਣ ਅਤੇ ਸਲੇਬਸ ਬਣਾਉਣ ਦੀ ਜ਼ਿਮੇਂਵਾਰੀ ਵੀ ਸੈਨੇਟ ਦੀ ਸੀ। ਵਿਦਿਆਰਥੀਆਂ ਨੂੰ ਵਜੀਫੇ (ਸਕਾਲਰਸ਼ਿਪ) ਦੇਣ ਦਾ ਕੰਮ ਵੀ ਸੈਨੇਟ ਦਾ ਸੀ। ਹਕੂਮਤ ਨੇ ਸਕਾਲਰਸ਼ਿਪ ਦਾ ਪੈਸਾ ਦੇਣ ਤੋਂ ਵੀ ਹੱਥ ਖੜ੍ਹੇ ਕਰ ਦਿੱਤੇ। ਵਿਦਿਆਰਥੀਆਂ ਨੂੰ ਵੱਡੇ ਵੱਡੇ ਸਕਾਲਰਸ਼ਿਪ ਵੀ ਪੰਜਾਬ ਦੀਆਂ ਰਿਆਸਤਾਂ ਵੱਲੋਂ ਦਿੱਤੇ ਗਏ ਜਿਨ੍ਹਾਂ ਕਰਕੇ ਕਾਲਿਜ ਵਿਚ ਦਾਖਲਿਆ ਦੀ ਗਿਣਤੀ ਏਨੀ ਜ਼ਿਆਦਾ ਹੋ ਗਈ ਕਿ ਕਿਤਾਬਾਂ ਘੱਟ ਪੈ ਗਈਆਂ ਅਤੇ ਸਟਾਫ਼ ਦੀ ਕਮੀ ਪੈ ਗਈ; ਹੋਰ ਸਟਾਫ਼ ਭਰਤੀ ਕੀਤਾ ਗਿਆ; ਕਿਤਾਬਾਂ ਲਿਆਂਦੀਆਂ ਗਈਆਂ। ਇਸ ਸਭ ਕੁੱਝ ਲਈ ਪੰਜਾਬ ਦੇ ਸਰਦਾਰਾਂ ਨੇ ਪੈਸੇ ਦਿੱਤੇ।"

ਇਸ 'ਪੰਜਾਬ ਯੂਨੀਵਰਸਿਟੀ ਕਾਲਿਜ' ਦੀ ਚੜ੍ਹਤ ਨੂੰ ਦੇਖਦਿਆਂ 1882 ਵਿਚ ਇਸ ਨੂੰ "ਪੰਜਾਬ ਯੂਨੀਵਰਸਿਟੀ" ਦਾ ਦਰਜ਼ਾ 'ਐਕਟ 19 ਆਫ 1882' ਅਨੁਸਾਰ ਦਿੱਤਾ ਗਿਆ ਜਿਸ ਦਾ ਪਹਿਲਾ ਵਾਈਸ ਚਾਂਸਲਰ ਵੇਡਨ ਪਾਲ ਅਤੇ ਰਜਿਸਟਰਾਰ ਜੀ.ਡਬਲਿਉ. ਲੈਟਨਰ ਨੂੰ ਲਾਇਆ ਗਿਆ। ਅਫਗਾਨਿਸਤਾਨ ਤੋਂ ਲੈ ਕੇ ਦਿੱਲੀ ਤੱਕ ਪੰਜਾਬ ਯੂਨੀਵਰਸਿਟੀ ਦੇ ਘੇਰੇ ਅੰਦਰ ਹੋਰ ਕਾਲਜ ਖੋਲ੍ਹੇ ਗਏ (ਪੰਜਾਬ ਦੀਆਂ ਹੱਦਾਂ ਉਦੋਂ ਦਿੱਲੀ ਤੋਂ ਅਫਗਾਨਿਸਤਾਨ ਤੱਕ ਫੈਲੀਆਂ ਹੋਈਆਂ ਹੋਈਆਂ ਸਨ)। ਯੂਨੀਵਰਸਿਟੀ ਵਿਚ ਓਰੀਐਂਟਲ ਸਟੱਡੀਜ਼ ਕਰਵਾਈਆਂ ਗਈਆਂ ਅਤੇ ਇਸ ਤਰ੍ਹਾਂ ਯੂਨੀਵਰਸਿਟੀ ਤਰੱਕੀ ਵੱਲ ਵਧਦੀ ਨਵੀਆਂ ਪੁਲਾਂਘਾਂ ਪੁੱਟਦੀ ਗਈ।

ਅਖਾਣ ਹੈ ਕਿ "ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਪਰ ਮੈਨੂੰ ਲੱਗਦਾ ਹੈ ਕਿ 'ਪੰਜਾਬ ਦੇ ਜੰਮਿਆਂ' ਦੇ ਦਰਵਾਜ਼ੇ ਤੇ ਵੀ ਨਿੱਤ ਨਵੇਂ ਸੰਘਰਸ਼ ਦਸਤਕ ਦਿੰਦੇ ਰਹਿੰਦੇ ਹਨ ਜਿਵੇਂ ਅੱਜ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਗਿਣਤੀ ਨੂੰ ਘਟਾਉਣ ਅਤੇ ਇੱਕ ਜਾਂ ਦੂਜੇ ਬਹਾਨੇ ਸੈਨੇਟ ਦੀਆਂ ਚੋਣਾਂ ਨਾ ਕਰਾਉਣ ਦੇ ਰੂਪ ਵਿਚ ਪੰਜਾਬੀਆਂ ਦੇ ਸਾਹਮਣੇ ਹੈ। ਪਹਿਲਾ ਸੰਕਟ ਮੂੰਹ ਅੱਡ ਕੇ ਉਦੋਂ ਸਾਹਮਣੇ ਆ ਖੜ੍ਹਦਾ ਹੈ ਜਦੋਂ 1947 ਵਿਚ ਭਾਰਤ ਦੀ ਆਜ਼ਾਦੀ ਪੰਜਾਬ ਅਤੇ ਬੰਗਾਲ ਦੀ ਵੰਡ ਦੇ ਰੂਪ ਵਿਚ ਨਵਾਂ ਮੁਲਕ ਪਾਕਿਸਤਾਨ ਬਣਾ ਕੇ ਦਿੱਤੀ ਜਾਂਦੀ ਹੈ। ਪੰਜਾਬ ਯੂਨੀਵਰਸਿਟੀ ਕਿਉਂਕਿ ਲਹੌਰ ਵਿਚ ਸੀ ਜੋ ਤਕਸੀਮ ਰਾਹੀਂ ਪਾਕਿਸਤਾਨ ਦੇ ਹਿੱਸੇ ਆ ਗਿਆ ਸੀ, ਪਾਕਿਸਤਾਨ ਵਿਚ ਆ ਗਈ। ਪੰਜਾਬ ਯੂਨੀਵਰਸਿਟੀ ਦੀ ਕੁੱਲ ਜਾਇਦਾਦ ਉਸ ਵੇਲੇ ਇੱਕ ਕਰੋੜ ਰੁਪਏ ਦੀ ਸੀ। ਯੂਨੀਵਰਸਿਟੀ ਸੈਨੇਟ ਨੇ ਫ਼ੈਸਲਾ ਕੀਤਾ ਕਿ ਭਾਰਤ ਵਿਚ ਪੰਜਾਬ ਯੂਨੀਵਰਸਿਟੀ ਬਣਾਈ ਜਾਵੇ ਅਤੇ ਜਾਇਦਾਦ ਦਾ 60% ਹਿੱਸਾ ਪਾਕਿਸਤਾਨ ਰੱਖੇਗਾ ਅਤੇ 40% ਭਾਰਤੀ ਪੰਜਾਬ ਦਾ ਹਿੱਸਾ ਪਾਕਿਸਤਾਨ ਅਦਾ ਕਰੇਗਾ। 12 ਅਗਸਤ 1947 ਨੂੰ ਮਹਿਜ਼ ਆਜ਼ਾਦੀ ਤੋਂ ਦੋ ਦਿਨ ਪਹਿਲਾਂ ਪਾਰਟੀਸ਼ਨ ਕਮੇਟੀ, ਜੋ ਅੰਗਰੇਜ਼ ਵਾਇਸਰਾਇ ਨੇ ਬਣਾਈ ਹੋਈ ਸੀ, ਨੇ ਸੈਨੇਟ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਦੋਵਾਂ ਪੰਜਾਬਾਂ ਵਾਸਤੇ ਯੂਨੀਵਰਸਿਟੀ ਲਹੌਰ ਤੋਂ ਹੀ ਚਲਦੀ ਰਹੇਗੀ ਅਤੇ ਕੰਮ ਕਰੇਗੀ। 1 ਜੂਨ 1948 ਵੰਡ ਤੋਂ ਇਕ ਸਾਲ ਬਾਅਦ ਤੱਕ ਯੂਨੀਵਰਸਿਟੀ ਨਾਲ ਜੁੜੇ ਭਾਰਤੀ ਪੰਜਾਬ ਦੇ ਕਾਲਜਾਂ ਦਾ ਕੰਮ-ਕਾਜ, ਇਮਤਿਹਾਨ ਆਦਿ ਦਾ ਪ੍ਰਬੰਧ ਇਸੇ ਯੂਨੀਵਰਸਿਟੀ ਤੋਂ ਹੋਵੇਗਾ। ਪਰ ਪਾਕਿਸਤਾਨ ਸਰਕਾਰ ਇਸ ਵਾਅਦੇ ਤੋਂ ਮੁੱਕਰ ਗਈ ਅਤੇ ਭਾਰਤੀ ਪੰਜਾਬ ਦੇ ਐਫੀਲੀਏਟਡ ਕਾਲਿਜਾਂ ਦੀ ਜ਼ਿੰਮੇਂਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣਾ ਨਾਤਾ ਤੋੜ ਲਿਆ। ਵਜ਼ੀਫੇ ਅਤੇ ਤਣਖਾਹਾਂ ਬੰਦ ਕਰ ਦਿਤੀਆਂ। ਜੋ 40% ਦੀ ਜਾਇਦਾਦ ਵਿੱਚੋਂ ਮੱਦਦ ਦੇਣੀ ਸੀ ਉਸ ਤੋਂ ਵੀ ਪਾਕਿਸਾਨ ਹਕੂਮਤ ਮੁੱਕਰ ਗਈ।

ਪੰਜਾਬ ਵਿਚ ਫੈਲੇ ਕਤਲੋਗਾਰਤ ਦੇ ਮਾਹੌਲ ਵਿਚ ਯੂਨੀਵਰਸਿਟੀ ਦੇ ਰਜਿਸਟਰਾਰ ਮਦਨ ਗੋਪਾਲ ਸਿੰਘ ਦਾ ਉਸ ਦੇ ਹੀ ਸਹਾਇਕ ਨੇ ਕਤਲ ਕਰ ਦਿੱਤਾ ਅਤੇ ਪ੍ਰੋਫੈਸਰ ਬ੍ਰਿਜ ਨਰਾਇਣ ਦਾ ਵੀ ਕਤਲ ਹੋ ਜਾਂਦਾ ਹੈ। ਇਸ ਸਭ ਦੇ ਬਾਵਜੂਦ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੇ ਹੌਸਲੇ ਪਸਤ ਨਹੀਂ ਹੋਏ (ਉਦੋਂ ਪ੍ਰੋਫੈਸਰ ਸਵਾਰਥਾਂ ਅਤੇ ਤਰੱਕੀਆਂ ਨਾਲ ਹੀ ਨਹੀਂ ਸਨ ਜੁੜੇ ਹੁੰਦੇ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਵਿਰਾਸਤ ਦਾ ਅਹਿਸਾਸ ਸੀ)। ਵੰਡ ਤੋਂ ਤਕਰੀਬਨ ਇਕ ਮਹੀਨੇ ਬਾਅਦ 27 ਸਤੰਬਰ 1947 ਨੂੰ ਇੱਕ ਮੀਟਿੰਗ ਬੁਲਾਈ ਗਈ ਜਿਸ ਵਿਚ ਮਤਾ ਪਾਇਆ ਕਿ ਯੂਨੀਵਰਸਿਟੀ ਦੁਬਾਰਾ ਬਣਾਵਾਂਗੇ ਅਤੇ ਤਿੰਨ ਦਿਨ ਬਾਅਦ ਹੀ ਯੂਨੀਵਰਸਿਟੀ ਦਾ ਐਲਾਨ ਕਰ ਦਿੱਤਾ, ਜਿਸ ਦਾ ਨਾਮ ਰੱਖਿਆ ਗਿਆ "ਈਸਟ ਪੰਜਾਬ ਯੂਨੀਵਰਸਿਟੀ"; ਇਸ ਦਾ ਪਹਿਲਾ ਚਾਂਸਲਰ ਮਿਸਟਰ ਚੰਦੂ ਲਾਲ ਤ੍ਰਿਵੇਦੀ ਨੂੰ ਬਣਾਇਆ ਜੋ ਪੰਜਾਬ ਦਾ ਗਵਰਨਰ ਸੀ। ਪਹਿਲਾ ਡੀਨ ਅਨੰਦ ਕੁਮਾਰ ਨੂੰ ਲਾਇਆ ਜਿਸ ਦਾ ਲਹੌਰ ਵਿਚ ਵੀ ਏਹੀ ਅਹੁਦਾ ਸੀ, ਰਜਿਸਟਰਾਰ ਡੀ.ਐਨ ਭੱਲਾ ਨੂੰ ਲਾਇਆ ਅਤੇ ਯੂਨੀਵਰਸਿਟੀ ਦਾ ਪਹਿਲਾ ਦਫ਼ਤਰ ਸ਼ਿਮਲਾ ਵਿਚ ਆਰਮੀ ਹੈੱਡਕੁਆਟਰ ਦੀ ਪ੍ਰੈਸ ਬਿਲਡਿੰਗ ਵਿਚ ਖੋਲ੍ਹਿਆ ਗਿਆ। ਇਸ ਯੂਨੀਵਰਸਿਟੀ ਦੀ ਸਥਾਪਤੀ ਲਈ ਪ੍ਰੋਫੈਸਰਾਂ ਨੇ ਜੀਅ-ਤੋੜ ਮਿਹਨਤ ਕੀਤੀ ਅਤੇ ਭਾਰਤ ਸਰਕਾਰ ਨੇ ਦਸ ਲੱਖ ਰੁਪਏ ਦੀ ਗਰਾਂਟ 27 ਅਕਤੂਬਰ 1947 ਨੂੰ ਦਿੱਤੀ। ਫਿਰ ਸ਼ਿਮਲਾ ਪਹਾੜੀ ਏਰੀਆ ਅਤੇ ਦੂਰ ਪੈਂਦਾ ਹੋਣ ਕਰਕੇ ਯੂਨੀਵਰਸਿਟੀ ਸੋਲਨ ਤਬਦੀਲ ਕੀਤੀ ਗਈ। ਕੁੱਝ ਸਮਾਂ ਹੁਸ਼ਿਆਰ ਪੁਰ ਦੇ ਇੱਕ ਕਾਲਜ ਦੀ ਇਮਾਰਤ ਦੇ ਇੱਕ ਹਿੱਸੇ ਵਿਚ ਵੀ ਯੂਨੀਵਰਸਿਟੀ ਦਾ ਕੰਮ-ਕਾਜ ਚਲਾਇਆ ਗਿਆ ਪਰ ਕਾਲਿਜ ਸਟਾਫ ਅਤੇ ਯੂਨੀਵਰਸਿਟੀ ਸਟਾਫ ਦਾ ਆਪਸ ਵਿਚ ਝਗੜਾ ਹੋ ਗਿਆ। 26 ਜਨਵਰੀ 1950 ਨੂੰ ਯੂਨੀਵਰਸਿਟੀ ਨਾਲੋਂ 'ਈਸਟ' ਲਫ਼ਜ ਹਟਾ ਦਿੱਤਾ ਗਿਆ। ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਸੋਲਨ ਤੋਂ ਮੈਦਾਨੀ ਇਲਾਕੇ ਵਿਚ ਤਬਦੀਲ ਕਰਨ ਦੀ ਮੰਗ ਕੀਤੀ। ਫਿਰ 1954 ਵਿਚ ਲਹੌਰ ਦੀ ਥਾਂ ਪੰਜਾਬ ਦੀ ਰਾਜਧਾਨੀ ਦੇ ਰੂਪ ਵਿਚ ਨਵੇਂ ਬਣ ਰਹੇ ਸ਼ਹਿਰ ਚੰਡੀਗੜ੍ਹ ਵਿੱਚ 306 ਏਕੜ ਜ਼ਮੀਨ 14 ਸੈਕਟਰ ਵਿਚ ਦਿੱਤੀ ਗਈ ਜਿਸ ਦਾ ਮੁੱਲ ਯੂਨੀਵਰਸਿਟੀ ਨੇ ਖੁਦ ਤਿੰਨ ਲੱਖ ਛੇ ਹਜ਼ਾਰ ਰੁਪਏ ਦਿੱਤਾ। 14 ਸੈਕਟਰ ਵਿਚ ਯੂਨੀਵਰਸਿਟੀ ਪੁਆਂਧ ਦਾ ਪਿੰਡ ਉਜਾੜ ਕੇ ਬਣਾਈ ਗਈ; ਲਹੌਰ ਦੀ ਥਾਂ ਪੰਜਾਬ ਦੀ ਰਾਜਧਾਨੀ ਦੇ ਰੂਪ ਵਿਚ ਚੰਡੀਗੜ੍ਹ ਦਾ ਨਵਾਂ ਸ਼ਹਿਰ ਉਸਾਰਿਆ ਗਿਆ ਜੋ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ; ਜਿਸ ਤੋਂ ਸਾਬਤ ਹੁੰਦਾ ਹੈ ਕਿ ਚੰਡੀਗੜ੍ਹ ਤੇ ਸਿਰਫ਼ ਪੰਜਾਬ ਦਾ ਹੀ ਹੱਕ ਹੈ। 1956 ਵਿਚ 56 ਨਵੇਂ ਕਾਲਿਜ ਖੋਲ੍ਹੇ ਗਏ ਅਤੇ ਯੂਨੀਵਰਸਿਟੀ ਨਾਲ ਜੁੜੇ ਕਾਲਿਜਾਂ ਦੀ ਕੁੱਲ ਗਿਣਤੀ 116 ਹੋ ਗਈ। ਪੰਜਾਬ ਸਰਕਾਰ ਨੇ 5 ਸਾਲਾਂ ਵਿਚ 25 ਲੱਖ ਦੇਣ ਦਾ ਮਤਾ ਪਾਸ ਕੀਤਾ, ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ 76 ਲੱਖ ਮਨਜ਼ੂਰ ਕੀਤਾ, ਪੁਨਰ ਨਿਵਾਸ ਵਿਭਾਗ ਨੇ ਇਕ ਕਰੋੜ ਦੇਣ ਦਾ ਵਾਅਦਾ ਕੀਤਾ ਪ੍ਰੰਤੂ ਸਿਰਫ਼ 62 ਲੱਖ ਰੁਪਿਆ ਦਿੱਤਾ। 30 ਜੂਨ 1965 ਤੱਕ ਸਾਰੇ ਵਿਭਾਗ, ਦਫਤਰ, ਵਿਦਿਆਰਥੀ ਯੂਨੀਵਰਸਿਟੀ ਦੇ ਇਸ ਕੈਂਪਸ ਵਿਚ ਪੂਰੀ ਤਰ੍ਹਾਂ ਸ਼ਿਫਟ ਹੋ ਗਏ ਸੀ। ਅੱਜ ਯੂਨੀਵਰਸਿਟੀ 550 ਏਕੜ ਵਿੱਚ ਫੈਲੀ ਹੋਈ ਹੈ ਜਿਸ ਵਿਚ ਤਕਰੀਬਨ 70 ਵਿਭਾਗ ਹਨ ਅਤੇ ਢਾਈ ਲੱਖ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ।



1947 ਤੋਂ ਬਾਅਦ ਬੋਲੀ ਦੇ ਅਧਾਰ ਤੇ ਸੂਬਿਆਂ ਦਾ ਪੁਨਰਗਠਨ ਸ਼ੁਰੂ ਕੀਤਾ ਗਿਆ ਪ੍ਰੰਤੂ ਬੋਲੀ ਦੇ ਅਧਾਰ 'ਤੇ ਸੂਬਾ ਬਣਾਉਣ ਲਈ ਪੰਜਾਬ ਨੂੰ ਬਹੁਤ ਸੰਘਰਸ਼ ਕਰਨਾ ਪਿਆ ਅਤੇ 1 ਨਵੰਬਰ 1966 ਨੂੰ ਪੰਜਾਬੀ ਸੂਬੇ ਦੇ ਰੂਪ ਵਿੱਚ ਪੁਨਰਗਠਨ ਕਰਦਿਆਂ ਫਿਰ ਪੰਜਾਬ ਨਾਲ ਜੱਗੋਂ ਤੇਰ੍ਹਵੀਂ ਹੋਈ। ਹਰਿਆਣਾ ਬਣਾਉਣ ਲਈ ਹਰਿਆਣੇ ਦੇ ਲੋਕਾਂ ਦੀ ਕੋਈ ਮੰਗ ਨਹੀਂ ਸੀ ਪਰ ਕੇਂਦਰ ਨੇ ਪੰਜਾਬ ਦੇ ਤਿੰਨ ਟੋਟੇ ਕਰਕੇ ਪੰਜਾਬੀ ਬੋਲਦੇ ਪਿੰਡਾਂ ਨੂੰ ਵੀ ਪੰਜਾਬ ਤੋਂ ਵੱਖ ਕਰਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ ਬਣਾ ਧਰੇ। ਪੰਜਾਬ ਤੋਂ ਬਿਨਾਂ ਜਿੰਨੇ ਵੀ ਸੂਬਿਆ ਦਾ ਪੁਨਰਗਠਨ ਕੀਤਾ ਗਿਆ ਰਾਜਧਾਨੀ ਪਹਿਲੇ ਸੂਬਿਆਂ ਨੂੰ ਦਿੱਤੀ ਗਈ, ਨਵੇਂ ਬਣੇ ਸੂਬਿਆਂ ਨੇ ਨਵੀਆਂ ਰਾਜਧਾਨੀਆਂ ਬਣਾਈਆਂ। ਇਕੱਲਾ ਪੰਜਾਬ ਹੀ ਅਜਿਹਾ ਸੂਬਾ ਹੈ ਜਿਸ ਦਾ ਲਹੌਰ ਦੇ ਥਾਂ, ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਨੂੰ ਹਰਿਆਣਾ ਦੀ ਰਾਜਧਾਨੀ ਪਹਿਲਾਂ ਕੁੱਝ ਸਾਲਾ ਲਈ ਕਿਹਾ ਗਿਆ ਅਤੇ ਫਿਰ ਕੇਂਦਰ-ਸ਼ਾਸਤ ਐਲਾਨ ਕੇ ਹਰਿਆਣੇ ਦੀਵੀ ਰਾਜਧਾਨੀ ਕਾਇਮ ਰੱਖਿਆ। ਇੱਥੋਂ ਹੀ ਪੰਜਾਬ ਯੂਨੀਵਰਸਿਟੀ ਦਾ ਕੰਟਰੋਲ ਕੇਂਦਰ ਹੱਥ ਆ ਗਿਆ; ਜਿਸ ਤੋਂ ਇਹ ਮੌਜੂਦਾ ਸੈਨੇਟ ਦੀ ਚੋਣ ਅਤੇ ਹੋਰ ਸਾਰੀਆਂ ਸਮੱਸਿਆਵਾਂ ਸ਼ੁਰੂ ਹੁੰਦੀਆਂ ਹਨ। ਪਹਿਲਾਂ ਹਿਮਾਚਲ ਪ੍ਰਦੇਸ਼ ਨੇ ਹਿਮਾਚਲ ਯੂਨੀਵਰਸਿਟੀ ਬਣਾ ਕੇ ਆਪਣੇ ਕਾਲਜਾਂ ਦਾ ਪ੍ਰਬੰਧ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਆਪਣੀਆਂ ਯੁਨੀਵਰਸਿਟੀਆਂ ਨਾਲ ਅਤੇ ਫਿਰ ਹਰਿਆਣਾ ਨੇ ਆਪਣੇ ਕਾਲਿਜਾਂ ਦਾ ਪ੍ਰਬੰਧ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਆਪਣੀਆਂ ਯੁਨੀਵਰਸਿਟੀਆਂ ਨਾਲ ਜੋੜ ਲਿਆ। 1970 ਤੱਕ ਪਹੁੰਚਦਿਆਂ ਇਹਨਾਂ ਦੋਵਾਂ ਸੂਬਿਆਂ ਦੇ ਸਾਰੇ ਕਾਲਿਜ ਪੰਜਾਬ ਯੂਨੀਵਰਸਿਟੀ ਤੋਂ ਵੱਖ ਹੋ ਗਏ ਅਤੇ ਪੰਜਾਬ ਯੂਨੀਵਰਸਿਟੀ ਨਾਲ ਸਿਰਫ਼ ਪੰਜਾਬ ਦੇ ਕਾਲਿਜ ਰਹਿ ਗਏ ਜਿਨ੍ਹਾਂ ਦੀ ਗਿਣਤੀ ਹੁਣ ਤਕਰੀਬਨ ਦੋ ਸੌ ਹੈ।

ਸੈਨੇਟ ਅਤੇ ਸਿੰਡੀਕੇਟ ਯੂਨੀਵਰਸਿਟੀ ਦੇ ਦੋ ਅਜਿਹੇ ਅਦਾਰੇ ਹਨ ਜੋ ਕਿਸੇ ਵੀ ਯੂਨੀਵਰਸਿਟੀ ਦੀ ਖੁਦਮੁਖਤਿਅਰੀ ਦੀ ਜਾਮਨੀ ਭਰਦੇ ਹਨ। ਹਰ ਤਰ੍ਹਾਂ ਦੇ ਪ੍ਰਬੰਧਕੀ ਅਤੇ ਅਕਾਦਮਿਕ ਫੈਸਲਿਆਂ ਨੂੰ ਲਾਗੂ ਕਰਨ ਲਈ ਇਹਨਾਂ ਦੀ ਮਨਜ਼ੂਰੀ ਲਾਜ਼ਮੀ ਹੁੰਦੀ ਹੈ। ਇਹਨਾਂ ਦੋ ਅਦਾਰਿਆਂ ਕਾਰਨ ਹੀ ਸਰਕਾਰਾਂ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰ ਸਕਦੀਆਂ ਅਤੇ ਨਾ ਹੀ ਕੋਈ ਵੀ ਵਾਈਸ ਚਾਂਸਲਰ ਮਨਮਰਜ਼ੀਆਂ ਦੇ ਫ਼ੈਸਲੇ ਕਰ ਸਕਦਾ ਹੈ। ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਅਹਿਮੀਅਤ ਇਸ ਦੇ ਡੈਮੋਕਰੈਟਿਕ ਸਿਸਟਮ ਨੇ, ਯੂਨੀਵਰਸਿਟੀ ਦੇ ਸੰਵਿਧਾਨ ਵਿਚ ਮੁੱਢ ਤੋਂ ਹੀ ਸਥਾਪਤ ਕੀਤੀ ਹੋਈ ਹੈ ਜਿਸ ਦੇ ਮੈਂਬਰਾਂ ਦੀ ਕੁਲ ਗਿਣਤੀ 91 ਹੈ; ਇਸ ਵਿਚ ਯੂਨੀਵਰਸਿਟੀ ਦੇ ਗਰੈਜੂਏਟ ਚੋਣ ਖੇਤ੍ਰਾਂ ਵਿਚੋਂ ਚੁਣੇ ਹੋਏ ਨੁਮਾਇੰਦੇ, ਯੂਨੀਵਰਸਿਟੀ ਅਧੀਨ ਕਾਲਜਾਂ ਵਿਚੋਂ ਪ੍ਰੋਫੈਸਰ ਅਤੇ ਪ੍ਰਿੰਸੀਪਲ ਅਤੇ ਸਰਕਾਰ ਵੱਲੋਂ ਨਾਮਜਦ ਕੀਤੇ ਮੈਂਬਰ ਆਦਿ ਸ਼ਾਮਲ ਹੁੰਦੇ ਹਨ। ਸੈਨੇਟ ਏਨੀ ਮਹੱਤਵਪੂਰਨ ਹੈ ਕਿ ਕਈ ਵਾਰ ਸਿੰਡੀਕੇਟ ਵਿਚ ਹੋਇਆ ਕੋਈ ਕੰਟਰੋਵਰਸ਼ੀਅਲ ਫ਼ੈਸਲਾ ਸੈਨੇਟ ਵਿਚ ਜਾ ਕੇ ਰੱਦ ਵੀ ਹੋ ਜਾਂਦਾ ਹੈ। ਕੇਂਦਰ ਸਰਕਾਰ ਸੈਨੇਟ ਨੂੰ ਪੂਰੀ ਤਰ੍ਹਾਂ ਕਮਜ਼ੋਰ ਕਰਨਾ ਚਾਹੁੰਦੀ ਹੈ ਤਾਂ ਕਿ ਉਹ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਨੂੰ ਖਤਮ ਕਰਕੇ ਆਪਣੀ ਮਰਜ਼ੀ ਮੁਤਾਬਕ ਚਲਾ ਸਕੇ। ਇਸੇ ਮਕਸਦ ਨਾਲ ਪਿਛਲੇ ਕਈ ਸਾਲਾਂ ਤੋਂ ਸੈਨੇਟ ਦੀ ਚੋਣ ਨਹੀਂ ਕਰਵਾ ਰਹੀ, ਸੈਨੇਟ ਦੇ ਮੈਂਬਰਾਂ ਦੀ ਗਿਣਤੀ 91 ਤੋਂ ਘਟਾ ਕੇ 32 ਕਰਨ ਲਈ ਨੋਟਸ ਜ਼ਾਰੀ ਕਰ ਦਿੱਤਾ ਜਿਸ ਵਿਚ ਕਾਲਜਾਂ ਦੇ ਪ੍ਰੋਫੈਸਰਾਂ ਅਤੇ ਪ੍ਰਿੰਸੀਪਲਾਂ ਦੀ ਨੁਮਾਇੰਦਗੀ ਘਟਾ ਦਿੱਤੀ। ਨਵੀਂ ਨੀਤੀ ਅਨੁਸਾਰ ਸਰਕਾਰ ਆਪਣੀ ਮਰਜ਼ੀ ਦੇ ਸੈਨੇਟਰ ਨਾਮਜਦ ਕਰਕੇ ਆਪਣੀ ਮਰਜ਼ੀ ਦੇ ਫ਼ੈਸਲੇ ਕਰਵਾ ਸਕੇ।

ਯੂਨੀਵਰਸਿਟੀ ਦੇ ਰਹਿ ਚੁੱਕੇ ਸੈਨੇਟਰਾਂ, ਵਿਦਿਅਕ ਮਾਹਿਰਾਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਸਾਰਾ ਆਰ. ਐਸ. ਐਸ. ਦਾ ਏਜੰਡਾ ਹੈ ਕਿ ਜਿਸ ਰਾਹੀਂ ਉਹ ਪੰਜਾਬ ਦੇ 200 ਕਾਲਜਾਂ ਤੇ ਕਬਜਾ ਕਰਕੇ ਆਪਣੀ ਮਨਮਰਜੀ ਦੇ ਸਲੇਬਸ ਲਾਗੂ ਕਰਨਾ ਚਾਹੁੰਦੀ ਹੈ ਤਾਂ ਕਿ ਉਹ ਪੰਜਾਬ ਦੀ

(ਬਾਕੀ ਅਗਲੇ ਸਫ਼ੇ 'ਤੇ)

# ਅੰਦਰ ਦੀ ਖੋਜ

ਮਨ ਦੇ ਅੰਦਰ ਨੂੰ ਖੋਜ ਕੇ ਜੇ ਝਾਤ ਮਾਰੀਏ ਤਾਂ ਮਨ 'ਚ ਉੱਭਰ ਰਹੀਆਂ ਕਈ ਦੁਵਿਧਾਵਾਂ ਦੇ ਹੱਲ ਦੀ ਮੋਰੀ 'ਚ ਕੁੱਝ ਚਾਨਣ ਦੀ ਝਲਕ ਨਜ਼ਰ ਆਊ, ਜੋ ਇਸ ਗੱਲ ਦੀ ਪ੍ਰਤੀਕ ਹੁੰਦੀਹੈ ਕਿ ਇਸ ਪਾਸੇ ਦੀ ਬਾਹਰ ਨਿਕਲਣ ਦਾ ਰਸਤਾ ਹੈ। ਕਿਹੜਾ ਰਸਤਾ? ਮਨ ਦੀਆਂ ਪਈਆਂ ਦੁਵਿਧਾਵਾਂ 'ਚੋਂ ਬਾਹਰ ਨਿਕਲਣ ਦਾ ਰਸਤਾ। ਜ਼ਿੰਦਗੀ 'ਚ ਵਾਪਰ ਰਹੀਆਂ ਚੰਗੀਆਂ ਅਤੇ ਮਾੜੀਆਂ ਘਟਨਾਵਾਂ ਸਾਵੇਂ ਚਲਦੇ ਜੀਵਨ ਨੂੰ ਉਲ਼ਝਾ ਦਿੰਦੀਆਂ ਹਨ; ਸਿਰਫ ਮਾੜੀਆਂ ਹੀ ਨਹੀਂ, ਬਲਕਿ ਚੰਗੀਆਂ ਸਮਝੀਆਂ ਜਾਂਦੀਆਂ ਘਟਨਾਵਾਂ ਵੀ ਸਾਵੇਂ ਪੱਧਰੇ ਅਡੋਲ ਮਨ ਨੂੰ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਵਖੇੜੇ 'ਚ ਪਾ ਜਾਂਦੀਆਂ ਹਨ।ਇਹ ਕੁਦਰਤੀ ਹੈ। ਰੋਜ਼ਾਨਾ ਜੀਵਨ ਦਾ ਅੰਗ ਹੈ। ਇਸ ਦੇ ਸਨਮੁੱਖ ਸਾਨੂੰ ਜਿਉਣਾ ਪੈਂਦਾ ਹੈ ਅਤੇ ਜੀਅ ਰਹੇ ਹਾਂ।

ਬੰਦਾ ਸਭ ਜੀਆਂ ਜੰਤੂਆਂ, ਜਾਨਵਰਾਂ, ਪੰਛੀਆਂ, ਮੱਖੀਆਂ, ਕੀੜੇ ਮਕੌੜਿਆਂ ਨੂੰ ਆਪਣੇ ਅਧੀਨ ਸਮਝਦਾ ਹੈ। ਜਿਵੇਂ ਉਸ ਦਾ ਜੀਅ ਕਰੇ ਤਿਵੇਂ ਉਹ ਉਹਨਾਂ ਨਾਲ ਕਰਦਾ ਹੈ; ਭਾਵੇਂ ਉਹ ਉਸ ਦਾ ਕੁੱਝ ਵੀਨਾ ਵਿਗਾੜਦੇ ਹੋਣ। ਉਹ ਉਹਨਾਂ ਤੇ ਜ਼ੁਲਮ ਅਤੇ ਅੱਤਿਆਚਾਰ ਕਰਨ ਲੱਗਾ ਹੁੱਤ ਨਹੀਂ ਕਰਦਾ। ਇਸ ਨੂੰ ਉਹ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਇਸੇ ਵਰਤਾਰੇ ਨੂੰ ਉਹ ਆਪਣੀ ਹੋਂਦ ਦਾ ਝਲਕਾਰਾ ਸਮਝਦਾ ਹੈ। ਇਸੇ ਨਾਲ ਉਹ ਆਪਣੇ ਆਪ ਨੂੰ ਉੱਤਮ ਹੋਣਾ ਮਹਿਸੂਸਦਾ ਹੈ।

ਗਰਮੀਆਂ ਨੂੰ ਸਾਡੇ ਘਰਦੇ ਝਰੋਖਿਆਂ 'ਚ ਅਕਸਰ ਭਰਿੰਡਾਂ(ਵਾਸਪ) ਆਪਣਾ ਘਰ ਬਣਾ ਲੈਂਦੇ ਹਨ, ਜਾਂ ਦਰਖਤਾਂ ਦੀਆਂ ਟਾਹਣੀਆਂ ਨਾਲ ਆਪਣੇ ਛੱਤੇ ਲਮਕਾ ਅੰਦਰ ਆਂਡੇ ਦੇ ਦਿੰਦੇ ਹਨ। ਬੰਦੇ ਵਾਂਗ ਹੀ ਇਹ ਉਹਨਾਂ ਦਾ ਵੀ ਆਪਣੀ ਪੀੜ੍ਹੀ ਨੂੰ ਅੱਗੇ ਤੋਰੀ ਰੱਖਣ ਲਈ ਕੁਦਰਤ ਦਾ ਚਲਾਇਆ ਚੱਕਰ ਹੀ ਹੈ, ਜੋ ਉਹ ਕੁਦਰਤ ਦੀ ਚਲਾਈ ਰੀਤ ਹੀ ਪਾਲਦੇ ਹਨ। ਪਤਾ ਉਹਨਾਂ ਦਾ ਉਦੋਂ ਲਗਦਾ ਜਦੋਂ ਬਹੁਤਾਤ 'ਚ ਉਹ ਤੁਹਾਡੇ ਆਲੇ ਦੁਆਲੇ ਉਡਦੇ ਦਿਖਾਈ ਦਿੰਦੇ ਹਨ। ਮੇਰੇ ਵਰਗੇ ਜਿਹੜੇ ਪੰਜਾਬ 'ਚੋਂ ਤਕਰੀਬਨ ਅੱਧੀ ਸਦੀ ਪਹਿਲਾਂ ਰੁਖਸਤ ਹੋ ਕੈਨੇਡਾ ਆ ਵਸੇ ਉਹਨਾਂ ਨੂੰ ਤਾਂ ਇਹਨਾਂ ਤੋਂ ਡਰ ਨਹੀਂ ਲਗਦਾ,ਕਿਉਂਕਿ ਅਸੀਂ ਇਹਨਾਂ ਦੇ ਆਦੀ ਰਹੇ ਹਾਂ ਤੇ ਸਾਨੂੰ ਤਾਂ ਇਹਨਾਂ ਭਰਿੰਡਾਂ ਦੀ ਹੋਂਦ ਤੋਂ ਨਾ ਤਾਂ ਹੈਰਾਨੀ ਹੁੰਦੀ ਹੈ ਅਤੇ ਨਾ ਹੀ ਕੋਈ ਬਹੁਤਾ ਅਕੇਵਾਂ।ਪਰ ਨਵੀਆਂ ਪੀੜ੍ਹੀਆਂ ਦੇ ਜੰਮੇ ਨਿਆਣੇ ਕੀਵੱਡੇ ਤੇ ਕੀ ਛੋਟੇ ਉਹਨਾਂ ਦੀ ਹੋਂਦ ਤੋਂ ਭੈਭੀਤ ਹੋਏ ਹਾਲ ਪਹਿਰਿਆ ਕਰਨਾ ਸ਼ੁਰੂ ਕਰ ਦਿੰਦੇ ਹਨ। ਸਾਡੇ ਨਾਲ ਗਰਮੀਆਂ ਨੂੰ ਅਕਸਰ ਇਵੇਂ ਹੀ ਹੁੰਦਾ ਹੈ। ਸਾਡੇ ਘਰ ਦੀ ਕਾਰਪੋਰਟ 'ਚ, ਜਿੱਥੇ ਦੀ ਬਿਜਲੀ ਦੀ ਮੁੱਖ ਵੱਡੀ ਤਾਰ ਅੰਦਰ ਹਾਈਡਰੋ ਬੌਕਸ ਨੂੰ ਜਾਂਦੀ ਹੈ,ਉਥੇ ਥੋੜੀ ਜਿਹੀ ਵਿਹਲ ਵਿੱਚ ਦੀ ਛੱਤ ਦੇ ਅੰਦਰ ਖਾਲੀ ਥਾਂ ਭਰਿੰਡਾਂ ਆਪਣਾ ਰੈਣ ਬਸੇਰਾ ਬਣਾ ਲਿਆ। ਦੂਸਰਾ ਘਰ ਦੇ ਦਰਵਾਜ਼ੇ ਦੇ ਉੱਪਰ ਥੋੜੀ ਜਿਹੀ ਮੋਰੀ ਵਿੱਚਦੀ ਅਤੇ ਤੀਸਰਾ ਸਨਡੈਕ ਦੇ ਥੱਲੇ ਇੱਕ ਹੋਰ ਚੋਰਮੋਰੀ ਲੱਭ ਆਪਣੇ ਕਾਂਡੋਮੀਨੀਅਮ ਅਤੇ ਟਾਊਨ ਹਾਊਸ ਉਸਾਰਨ ਦਾ ਕੰਮਬੜੀ ਕਾਰਾਗਰੀ ਨਾਲ ਅਰੰਭ ਦਿੱਤਾ।

ਜਿਉਂ ਜਿਉਂ ਉਹਨਾਂ ਦੇ ਭੀਂ ਭੀਂ ਕਰਨ ਦੀ ਰੌਣਕ ਦਿਨੋਂ ਦਿਨ ਵਧਣ ਲੱਗੀ ਤਾਂ ਘਰ ਦੇ ਨਿਆਣੇ ਤੇ ਸਿਆਣੇ ਜ਼ੋਰ ਦੇਣ ਲੱਗੇ ਕਿ ਕਿਸੇ ਮਾਹਿਰ ਨੂੰ ਸੱਦ ਇਹਨਾਂ ਭਰਿਡਾਂ ਤੋ ਮੁਕਤੀ ਪਾਈਏ। ਫਰਕ ਇਹ ਸੀ ਕਿ ਮੈਂ ਤਾਂ ਸਾਰਾ ਦਿਨ ਇਹਨਾਂ ਕੋਲ ਤੇ ਉਹ ਮੇਰੇ ਦੁਆਲੇ ਭੀਂ ਭੀਂ ਕਰੀ ਜਾਇਆ ਕਰਨਤਾਂ, ਨਾ ਤਾਂ ਮੈਨੂੰ ਉਹਨਾਂ ਤੋਂ ਡਰ ਲੱਗੇ ਅਤੇ ਨਾ ਹੀ ਉਹ ਮੈਥੋਂ ਡਰਨ; ਮੇਰੇ ਦੁਆਲੇ ਘੁੰਮਣ ਵੀ ਤਾਂਨਾ ਮੈਂ ਉਹਨਾਂ ਨੂੰ ਕੁੱਝ ਕਹਾਂ ਤੇ ਨਾ ਹੀ ਉਹ ਮੈਨੂੰ ਓਪਰਾ ਸਮਝਣ। ਪਰ ਨਿੱਕੇ, ਮੇਰਾ ਪੋਤਾ ਅਤੇ ਪੋਤੀ ਤਾਂ ਡਰਦੇ ਕਾਰਪੋਰਟ ਵਿੱਚ ਦੀ ਲੰਘਣੋਂ ਵੀ ਹਟ ਗਏ।ਇੱਕ ਦਿਨ ਮੇਰੇ ਬੇਟੇ ਨੇ ਭਰਿੰਡਾਂ ਨੂੰ ਮਾਰਨ ਵਾਲਾ ਛਿੜਕਾ ਕੈਨ ਲਿਆ ਧਰਿਆ, ਉਹ ਕਈ ਦਿਨ ਪਿਆ ਰਿਹਾ, ਨਾ ਮੇਰਾ ਬੇਟਾ ਸਪਰੇ ਕਰੇ ਤੇ ਨਾ ਹੀ ਮੇਰਾ ਜੀਅ ਕਰੇ ਕਿ ਮੈਂ ਇਹਨਾਂ ਭਰਿੰਡਾਂ ਦੇ ਪਰਿਵਾਰ ਨੂੰ ਕਿਉਂ ਉਜਾੜਾਂ? ਇਸੇ ਜੱਕੋ ਤੱਕੋ 'ਚ ਕਈ ਦਿਨ ਲੰਘ ਗਏ। ਇੱਕ ਦਿਨ ਮੈਂ ਕੈਨ ਚੁੱਕਿਆ, ਉਸ ਦੀ ਸੀਲ ਤੋੜ ਜਦੋਂ ਸਪਰੇ ਦੇ ਫਰਾਟੇ ਮਾਰੇ ਤਾਂ ਭਰਿੰਡਾਂ ਬੁੜ੍ਹਕ ਬੁੜ੍ਹਕ ਡਿਗਣ ਲੱਗੀਆਂ। ਜਿਉਂ ਜਿਉਂ ਮੈਂ ਸਪਰੇ ਕਰਾਂ ਤਾਂ ਮੇਰੇ ਮਨ ਦੀ ਬੇਚੈਨੀ ਉਬਾਲੇ ਲਵੇ ਤੇ ਮੈਨੂੰ ਅੰਦਰੋਂ ਝੰਜੋੜੇ ਵੀ ਕਿ ਇਹਨਾਂ ਭਰਿੰਡਾਂ ਮੈਨੂੰ ਤਾਂ ਕਦੇ ਕੁੱਝ ਕਿਹਾ ਹੀ ਨਹੀਂ, ਮੈਂ ਇਹਨਾਂ ਦਾ ਜੀਆ ਘਾਤ ਕਿਉਂ ਕਰਤਾ? ਕੀ ਇਹਨਾਂ ਨੂੰ ਇਸ ਧਰਤੀ ਤੇ ਜਿਊਣ ਦਾ ਘੱਟ ਹੱਕ ਹੈ? ਉਪਰੰਤ ਮੇਰਾ ਖਿਆਲ ਇੱਕਦਮ ਇਜ਼ਰਾਈਲ ਦੀ ਕੀਤੀ ਜਾ ਰਹੀ ਗਾਜ਼ਾ 'ਚ ਬੰਬਾਰੀ ਨਾਲ ਹੁੰਦੇ ਮਨੁੱਖੀ ਘਾਣ ਅਤੇ ਰੂਸ ਦੇ ਕੀਤੇ ਯੂਕਰੇਨ ਤੇ ਹਮਲੇ ਨਾਲ ਲੱਖਾਂ ਲੋਕਾਂ ਦਾ ਮਾਰੇ ਜਾਣਾ ਤੇ ਜ਼ਖਮੀ ਹੋਣ ਸਮੇਤ ਅਤੇ ਹੋਰ ਵੱਡੀ ਛੋਟੀ ਤਰਜ਼ ਤੇ ਇਲਾਕਾਈ ਲੜਾਈਆਂ ਵਲ ਚਲਾ ਗਿਆ। ਨਿਰਦੋਸ਼ ਲੋਕ ਜਿਹਨਾਂ ਨੂੰ ਮਾਰਿਆ ਜਾ ਰਿਹਾ ਹੈ ਉਹਨਾਂ ਦਾ ਕੀ ਕਸੂਰ ਹੈ? ਇਹ ਸੋਚ ਭਰਿੰਡਾਂ ਨੂੰ ਮੇਰੇ ਕੀਤੇ ਜ਼ਹਿਰੀਲੇ ਸਪਰੇ ਨਾਲ ਮਾਰੇ ਜਾਣ ਵਲ ਧਿਆਨ ਕੇਂਦਰਤ ਕਰਨ ਨੇ ਮੇਰੇ ਅੰਦਰ ਖਲਬਲੀ ਮਚਾ ਦਿੱਤੀ ਤੇ ਮੈਂ ਆਪਣੇ ਅੰਦਰ ਨੂੰ ਖੋਜਣ ਲਈ ਮਜਬੂਰ ਹੋ ਗਿਆ। ਬਾਣੀ ਦਾ ਕਥਨ ਹੈ:-

"ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥" ਪੰਨਾ-684

ਵਿਸਲਰ ਬੀ ਸੀ ਕੈਨੇਡਾ 'ਚ ਅੰਤਰਰਾਸ਼ਟਰੀ ਪੱਧਰ ਦਾ ਸਿਆਲਾਂ ਨੂੰ ਬਰਫ਼ਤੇ ਸਕੀ ਕਰਨ ਲਈ ਅਤੇ ਗਰਮੀਆਂ ਨੂੰ ਸਥਾਨਕ ਅਤੇ ਦੁਨੀਆਂ ਦੇ ਹਰ ਹਿੱਸੇ ਤੋਂ ਯਾਤਰੀਆਂ ਲਈ ਖਿੱਚ ਦਾ ਕੇਂਦਰ ਰਹਿੰਦਾ ਹੈ। ਗਰਮੀਆਂ 'ਚ ਮੈਂ ਵੀ ਆਪਣੇ ਬੱਚਿਆਂ ਨਾਲ ਗਿਆ ਹੋਇਆ ਸਾਂ। ਬੱਚੇ ਤਾਂ ਆਪਣੇ ਬੱਚਿਆਂ ਨੂੰ ਘੁੰਮਣ ਅਤੇ ਮਨੋਰੰਜਣ ਕਰਾਉਣ ਨਿਕਲ ਗਏ, ਮੈਂ ਦਰਖਤਾਂ ਦੀ ਛਾਂ 'ਚ ਪਏ ਬੈਂਚ ਉੱਪਰ ਬੈਠ ਆਲੇ ਦੁਆਲੇ ਖੇਡਦੇ ਬੱਚੇ, ਘੁੰਮਦੇ ਯਾਤਰੂ ਜੋ ਆਪੋ ਅਪਣੀਆਂ ਰੰਗ-ਬਿਰੰਗੀਆਂ ਭਾਸ਼ਾਵਾਂ 'ਚ ਜੱਕੜ ਮਾਰਦੇ ਕਿਚਨ ਮਿਚਨ ਕਰਦਿਆਂ ਨੂੰ ਦੇਖ ਮੇਰਾ ਆਪਣਾ ਹੀ ਰੁਝੇਵਾਂ ਬਣਨਾ ਸ਼ੁਰੂ ਹੋ ਗਿਆ। ਮੇਰੇ ਲਾਗੇ ਹੀ ਦੋ ਬੈਂਚਾਂ ਤੇ ਬੈਠੇ ਦੋ ਪਰਿਵਾਰਾਂ, ਪਹਿਲਾਂ ਤਾਂ ਅਣਜਾਣਤਾ ਬਣਾਈ ਰੱਖੀ। ਉਹਨਾਂ ਦੇ ਬੱਚੇ ਵੀ ਮੇਰੇ ਪੋਤੇ ਵਾਂਗ ਖੇਡ ਥਾਂ (ਪਲੇ ਏਰੀਆ) 'ਚ ਖੇਡ ਰਹੇ ਸਨ। ਕੁੱਝ ਚਿਰ ਮਗਰੋਂ ਉਹਨਾਂ ਚੁੱਪ ਤੋੜਦਿਆਂ ਹੱਸ ਹੱਸ ਗੱਲਾਂ ਕਰਨੀਆਂ ਸ਼ੁਰੂ ਕਰਤੀਆਂ, ਮੇਰਾ ਕੰਨ ਉਹਨਾਂ ਦੀਆਂ ਗੱਲਾਂ ਵਲ ਜਾਏ ਤਾਂ ਜਰੂਰ ਪਰ ਮੇਰੇ ਸਮਝ ਕੁੱਝ ਨਾ ਪਵੇ। ਖ਼ੈਰ, ਉਹਨਾਂ ਰੱਜ ਕੇ ਮੇਰੇ ਦੁਆਲੇ ਹੋ ਰਹੀ ਕਿਚਨ ਮਿਚਨ ਦਾ ਰੰਗ ਬੰਨੀ ਰੱਖਿਆ।ਚਿਰ ਮਗਰੋਂ ਜਦੋ ਦੋਵੇਂ ਪਰਿਵਾਰ ਉੱਥੋਂ ਵਿੱਛੜਨ ਲੱਗੇ ਤਾਂ ਮੈਂ ਇੱਕ ਬੀਬੀ ਨੂੰ ਮਲਕਦੇ ਕੇ ਜਿਗਰਾ ਕਰਪੁੱਛ ਹੀ ਲਿਆ ਕਿ ਜੇ ਇਤਰਾਜ਼ ਨਾ ਕਰੋ ਤਾਂ ਕੀ ਮੈਂ ਜਾਣ ਸਕਦਾ ਹਾਂ ਕਿ ਤੁਸੀ ਕਿਸ ਭਾਸ਼ਾ 'ਚ ਗੱਲਬਾਤ ਕਰਦੇ ਸੀ? ਉਸ ਹੱਸ ਕੇ ਕਿਹਾ ਕਿ ਉਹ ਪਰਸ਼ੀਅਨ ਹਨ ਤੇ ਫਾਰਸੀ ਉਹਨਾਂ ਦੀ ਗੱਲਬਾਤ ਦੀ ਭਾਸ਼ਾ ਸੀ। ਫਾਰਸੀ ਜਦ ਉਸ ਕਿਹਾ ਤਾਂ ਮੇਰੇ ਮਨ 'ਚ ਇੱਕ ਦਮਅਪਣੱਤ ਦੀ ਕਿਰਨ ਚਮਕੀ, ਇੱਕ ਦਮ ਖਿਆਲ ਆਇਆ ਤੇ ਮੈਂ ਉਸ ਬੀਬੀ ਨੂੰ ਕਿਹਾ ਕਿ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ 'ਚ ਫਾਰਸੀ ਉਸ ਦੀ ਰਾਜ ਭਾਸ਼ਾ ਸੀ। ਉਹ ਹੈਰਾਨ ਵੀ ਹੋਈ ਤੇ ਇੱਕ ਦਮ ਉਸ ਦੀਆਂ ਅੱਖਾਂ 'ਚ ਅਪਣੱਤ ਦੀ ਭਾਵਨਾ ਵੀ ਮੈਨੂੰਝਲਕਦੀ ਨਜ਼ਰ ਆਈ। ਉੱਥੋਂ ਤੁਰਦੇ ਦੋਵੇਂ ਪਰਿਵਾਰ ਆਪਣੇ ਲੱਗਣ ਲੱਗ ਪਏ।

ਇਸੇ ਤਰ੍ਹਾਂ ਪਿਛਲੇ ਸਾਲ ਅਗਸਤ ਦੀਆਂ ਗਰਮੀਆਂ 'ਚ ਜਦੋਂ ਅਸੀਂ ਸਾਰਾ ਟੱਬਰ ਵਿਸਲਰ ਆਏ ਤਾਂ ਮੇਰੀ ਬੇਟੀ ਨੇ 'ਐਕਸੈਂਟ ਟਰੇਲ' ਹਾਈਕ ਕਰਨ ਦਾ ਉਸਕਲ ਚੁੱਕ ਲਿਆ। ਮੈਂ ਉਸ ਨੂੰ ਨਾਂਹ ਨਾ ਕਰ ਸਕਿਆ ਪਰ ਮੈਨੂੰ ਭੈਅ ਆਵੇ ਕਿ ਅੱਤ ਦੀ ਗਰਮੀ ਹੈ, ਧੁੱਪ ਤਿੱਖੀ ਤੇ ਦੁਪਹਿਰਾ ਦਿਨ ਦਾ। ਖੈਰ ਮੈਂ ਉਸ ਦੇ ਮਗਰ ਮਗਰ ਤੁਰ ਪਿਆ। ਪਹਾੜ 'ਤੇ ਚੜ੍ਹਨ ਲਈ ਸਹਾਰੇ ਵਾਸਤੇ ਦੋਹਾਂ ਹੱਥਾਂ 'ਚ ਸੋਟੀਆਂ, ਪਾਣੀ ਵਾਲੀ ਬੋਤਲ, ਹਲਕੇ-ਫੁਲਕੇ ਕੱਪੜੇ ਤੇ ਸਿਰ 'ਤੇ ਹਲਕਾ ਪਟਕਾ। ਉਤਸ਼ਾਹ ਨਾਲ ਤੁਰ ਤਾਂ ਪਏ ਪਰ ਇਹ ਟਰੇਲ ਕਿੱਥੋਂ ਸ਼ੁਰੂ ਹੁੰਦੀ ਹੈ ਇਸ ਦਾ ਨਾ ਮੈਨੂੰ ਪਤਾ ਤੇ ਨਾ ਉਸ ਨੂੰ। ਵਿਸਲਰ ਪਿੰਡ 'ਚ ਘੁੰਮਦੇ ਘੁਮਾਉਂਦੇ ਇਨਫਰਮੇਸ਼ਨ ਬੂਥ ਤੇ ਜਾ ਪਤਾ ਕਰਨ ਦੀ ਕੋਸ਼ਿਸ਼ ਕਰੀ ਤਾਂ ਕਾਂਊਂਟਰ 'ਤੇ ਬੈਠੀ ਬੀਬੀ ਨਵੀਂ ਹੋਣ ਕਰਕੇ ਉਸ ਸਾਨੂੰ ਕੋਈ ਥਹੁ ਪਤਾ ਨਾ ਫੜਾਇਆ। ਤਿੱਖੀ ਤਪਦੀ ਧੁੱਪ 'ਚ ਏਧਰ ਓਧਰ ਕਮਲਿਆਂ ਵਾਂਗ ਘੁੰਮਦਿਆਂ ਫਿਰਦਿਆਂ, ਪੁੱਛ ਪੁਛਾ 'ਐਕਸੈਂਟ ਟਰੇਲ' ਦੇ ਸ਼ੁਰੂਆਤ ਦਰਵਾਜ਼ੇ ਤੇ ਅਖਿਰ ਪੁੱਜ ਹੀ ਗਏ। ਬੋਰਡ ਤੇ ਲਿਖਿਆ ਪੜਿਆ ਤਾਂ ਪਤਾ ਲੱਗਾ ਕਿ ਇਸ ਦੀ ਬਾਟ ਸਵਾ ਛੇ ਕਿਲੋਮੀਟਰ, ਸਿੱਧੀ ਉਚਾਈ ਬਾਰਾਂ ਸੌ ਮੀਟਰ ਹੈ ਅਤੇ ਤਕਰੀਬਨ ਢਾਈ ਕੁ ਘੰਟੇ ਲੱਗਣਗੇ ਧੁਰ ਪਹਾੜ ਦੀ ਛੋਟੀ ਤੇ ਪੁੱਜਣ ਨੂੰ। ਲਿਖਤ 'ਚ ਇਸ ਨੂੰ ਤਿੰਨ ਹਿੱਸਿਆਂ 'ਚ ਵੰਡਿਆ ਸੀ। ਪਹਿਲਾ ਹਿੱਸਾ ਸੁਖਾਲਾ, ਦੂਸਰਾ ਜ਼ਰਾ ਔਖਾ ਅਤੇ ਤੀਸਰਾ ਲੰਬਾ ਤੇ ਸਭ ਤੋਂ ਔਖਾ, ਜਿਸ ਨੂੰ 'ਹਰਟ ਬਰਨ' ਦਾ ਨਾਉਂ ਦਿੱਤਾ ਸੀ। ਜਦੋਂ ਚੜ੍ਹਣ ਲੱਗੇ ਤਾਂ ਸੋਟੀਆਂ ਦੀ ਟਿੱਕ ਟਿੱਕ ਦੀ ਆਵਾਜ਼ ਕੰਨਾਂ ਨੂੰ ਵੱਢਵੀਂ ਲੱਗੇ ਤੇ ਕਦੇ ਰਾਹਤ ਵੀ ਮਿਲੇ। ਉਹ ਤੁਰਦਿਆਂ ਮੈਨੂੰ ਸਾਂਭਣੀਆਂ ਵੀ ਪੈਣ ਅਤੇ ਉੱਚੇ ਨੀਵੇਂ ਥਾਂ ਸਹਾਰਾ ਵੀ ਬਣਨ। ਜਿਉਂ ਜਿਉਂ ਉੱਪਰ ਜਾਈਏ ਜ਼ੋਰ ਵੀ ਲੱਗੇ ਅਤੇ ਸਾਹ ਵੀ ਧੌਂਖਣੀ ਵਾਂਗ ਚੱਲੇ। ਕਿਤੇ ਦਰਖਤਾਂ ਦੀ ਛਾਂ ਤੇ ਕਿਤੇ ਸਿੱਧੀ ਧੁੱਪ ਅੱਖਾਂ ਨੂੰ ਪਵੇ। ਜਿੱਥੇ ਸੰਘਣੀ ਛਾਂ ਆਵੇ ਉੱਥੇ ਸਿਖਰ ਦੁਪਹਿਰ ਵੀ ਮੱਛਰ ਕੰਨਾਂ ਦੁਆਲੇ ਭੀਂ-ਭੀਂ ਕਰਦਾ ਲੱਤਾਂ ਬਾਹਾਂ ਤੇ ਦੰਦੀਆਂ ਵੱਢਣੋਂ ਰਤਾ ਨਾ ਸੰਗੇ।

ਅੱਧ 'ਚ ਜਾ ਸਾਡਾ ਪਾਣੀ ਮੁੱਕ ਗਿਆ, ਲਿੱਟਰ ਲਿਟਰ ਦੀਆਂ ਦੋ ਬੋਤਲਾਂ ਰਸਤੇ 'ਚ ਹੀ ਡੀਕ ਲਾ ਕੇ ਪੀ ਗਏ। ਪਸੀਨੇ ਨਾਲ ਗੜੁੱਚ ਕੱਪੜਿਆਂ ਨੂੰ ਜਦੋ ਕਦੇ ਕਦੇ ਵਗਦੇ ਹਵਾ ਦੇ ਬੁੱਲੇ ਦਾ ਫਰਾਟਾ ਛੂਏ ਤਾਂ ਗਰਮੀ ਦੀ ਤਪਸ਼ ਤੋਂ ਰਾਹਤ ਮਿਲੇ। ਇੰਜ ਡਿਗਦੇ ਢਹਿੰਦੇ, ਹਫ ਹਫ ਕਰਦੇ ਸਵਾ ਦੋ ਘੰਟਿਆਂ 'ਚ ਪਹਾੜ ਦੀ ਚੋਟੀ ਤੇ ਪਹੁੰਚ ਸੁੱਖ ਦਾ ਸਾਹ ਲਿਆ। ਲੱਗਿਆ ਜਿਵੇਂ ਬਹੁਤ ਵੱਡਾ ਮੋਰਚਾ ਮਾਰ ਲਿਆ ਹੋਵੇ। ਆਲੇ ਦੁਆਲੇ ਉੱਚੀਆਂ ਚੋਟੀਆਂ ਵਾਲੇ ਪਹਾੜਾਂ ਦਾ ਰਮਣੀਕ ਨਜ਼ਾਰਾ ਦੇਖ ਮਨ 'ਚ ਇੱਕ ਅਦੁੱਤੀ ਅਨੰਦ ਬਣਨ ਲੱਗਿਆ। ਨਾਲ ਹੀ ਮਨ 'ਚ ਖਿਆਲ ਉਬਾਲੇ ਲੈਣ ਲੱਗੇ ਕਿ ਪੁਰਾਣੇ ਜ਼ਮਾਨਿਆਂ 'ਚ ਜਦੋਂ ਨਾ ਗੱਡੀਆਂ ਮੋਟਰਾਂ ਸਨ, ਨਾ ਜਹਾਜ਼ ਅਤੇ ਨਾ ਹੀ ਕੋਈ ਹੋਰ ਆਵਾਜਾਈ ਦੇ ਆਧੁਨਿਕ ਸਾਧਨ ਸਨ, ਉਦੋਂ ਲੋਕੀ ਪੈਦਲ ਤੁਰਕੇ ਹੀ ਇੱਕ ਥਾਂ ਤੋਂ ਦੂਸਰੀ ਤੇ ਜਾਇਆ ਕਰਦੇ ਸੀ। ਅਸੀਂ ਹਜ਼ਾਰਾ ਸਾਲਾਂ ਤੋ ਇਵੇਂ ਹੀ ਵਿਚਰਦੇ ਆਏ ਹਾਂ। ਉਦੋਂ ਸੜਕਾਂ ਵੀ ਨਹੀਂ ਸਨ ਅਤੇ ਨਾ ਹੀ ਸਿੱਧੇ ਪੱਧਰੇ ਰਸਤੇ ਸਨ। ਜੰਗਲਾਂ, ਬੀਆਬਾਨਾਂ ਝਿੜੀਆਂ, ਔਝੜੇ ਰਸਤਿਆਂ ਵਿੱਚ ਦੀ ਲੰਘਣਾ ਮਜਬੂਰੀ ਹੁੰਦੀ ਸੀ। ਜ਼ਹਿਰੀਲੇ ਸੱਪ ਸਪੋਲੀਏ, ਖ਼ੂੰਖਾਰ ਜੰਗਲੀ ਜਾਨਵਰਾਂ ਦੇ ਭੈ ਦੀ ਤਲਵਾਰ ਹਮੇਸ਼ਾਂ ਸਿਰ 'ਤੇ ਲਟਕਦੀ ਰਹਿੰਦੀ ਸੀ, ਜਿੰਨਾ ਚਿਰ ਆਪਣੇ ਟਿਕਾਣੇ ਪੁੱਜ ਨਹੀਂ ਸੀ ਜਾਂਦੇ। ਡਾਕ ਰਾਹੀਂ ਚਿੱਠੀ ਪੱਤਰ ਅਤੇ ਟੈਲੀਫੋਨ ਦੀ ਸੁਬਿਧਾ ਤਾਂ ਹੁੰਦੀ ਹੀ ਨਹੀਂ ਸੀ। ਇਹ ਸੋਚਾਂ ਸੋਚਦਿਆਂ 'ਐਕਸੈਂਟ ਟਰੇਲ' ਹਾਈਕ ਕਰ ਲੈਣ ਦਾ ਮਨ ਦਾ ਅਨੰਦ ਕਿਰਕਿਰਾ ਜਿਹਾ ਹੋਣ ਲੱਗ ਪਿਆ ਕਿ ਅਸੀਂ ਕਿਹੜਾ ਮੋਰਚਾ ਮਾਰ ਲਿਆ, ਜਦੋਂ ਕਿ ਪੁਰਾਣੇ ਸਮਿਆਂ 'ਚ ਸਹਿਜ ਨਾਲ ਚਲਦੇ ਜੀਵਨ ਦਾ ਤਾਂ ਇਹ ਰੋਜ਼ਾਨਾ ਅੰਗ ਸੀ। ਇਹ ਉਹਨਾਂ ਦੇ ਜੀਵਨ ਦੀ ਮਜ਼ਬੂਰੀ ਸੀ, ਲੋੜ ਸੀ, ਤੇ ਪੈਦਲ ਤੁਰਨਾ ਹੀ ਇੱਕੋ ਇੱਕ ਵਸੀਲਾ ਹੁੰਦਾ ਸੀ। ਅੱਜ ਜਿਹੜੀਆਂ ਗੱਲਾਂ ਕਰਨ ਨੂੰ ਅਸੀਂ ਲੋਚਦੇ ਹਾਂ, ਇਹ ਤਾਂ ਉਹਨਾਂ ਦੇ ਜੀਵਨ ਦਾ ਰੋਜ਼ਾਨਾ ਅੰਗ ਤੇ ਧੁਰਾ ਸੀ। ਇਸ ਦੁਆਲੇ ਹੀ ਉਹਨਾ ਦੇ ਜੀਵਨ ਦਾ ਪਹੀਆ ਘੁੰਮਦਾ ਸੀ। ਅੱਜ ਦੇ ਸੁਖੈਨ ਜੀਵਨ ਜਿਸ ਦੇ ਅਸੀਂ ਆਦੀ ਹੋ ਗਏ ਹਾਂ ਇਸ ਨੇ ਤਾਂ ਸਾਨੂੰ ਮਾਨਸਿਕ ਅਤੇ ਸਰੀਰਕ ਸੁਸਤੀ ਦੇ ਰਾਹ ਤੋਰ ਦਿੱਤਾ ਹੈ। ਚਮਕ ਦਮਕ, ਭੀੜ ਭੜੱਕਾ, ਸੁਖੀ ਸੁਖੈਂਦ ਤੇ ਐਸ਼ੋ ਅਸ਼ਰਤ ਦੇ ਸਾਹ ਘੁੱਟਵੇਂ ਜੀਵਨ ਦੀ ਤੰਗੀ ਤੋਂ ਰਾਹਤ ਲੈਣ ਲਈ, ਇਕਾਂਤ ਵੱਸ ਹੋਣ ਲਈ, ਫ਼ਰਜ਼ੀਸ਼ਾਂਤੀਲੈਣ ਲਈ ਜੰਗਲਾਂ, ਪਹਾੜਾਂ, ਬੀਆ ਬਾਨਾਂ ਵਾਲੀਆਂ ਥਾਵਾਂ ਨੂੰ ਭਾਲਦੇ ਕੈਂਪਿੰਗ, ਹਾਈਕਿੰਗ ਵਲ ਨੂੰ ਅਕਰਸ਼ਤ ਹੁੰਦੇ ਹਾਂ। ਆਧੁਨਿਕ ਸੁਵਿਧਾਵਾਂ, ਟਕਨਾਲੋਜੀ ਤੋਂ ਤੰਗ ਹੋਏ ਮਨ ਨੂੰ ਜ਼ਰਾ ਰਾਹਤ ਦਿਵਾਉਣ ਦਾ ਇਹੀ ਇੱਕ ਸਸਤਾ ਅਤੇ ਸੌਖਾ ਉਪਰਾਲਾ ਹੈ।

---

*(ਪਿਛਲੇ ਸਫ਼ੇ ਦਾ ਬਾਕੀ)*

ਵਿਰਾਸਤ, ਇਸ ਦੇ ਈਥੋਸ ਦਾ ਢਾਉਵਾੜਾ ਕਰ ਸਕੇ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਖੱਟਰ ਅਤੇ ਹੁਣ ਨਵੇਂ ਬਣੇ ਮੁੱਖ ਮੰਤਰੀ ਸੈਣੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਹਰਿਆਣੇ ਦੇ ਕੁੱਝ ਕਾਲਿਜ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਜੋੜੇ ਜਾਣ। ਉਹ ਇਹ ਭੁੱਲ ਜਾਂਦੇ ਹਨ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ ਦੋਵਾਂ ਨੇ ਹੀ 1970 ਤੱਕ ਆਪਣੇ ਕਾਲਿਜ ਮੁਕੰਮਲ ਤੌਰ ਤੇ ਪੰਜਾਬ ਯੂਨੀਵਰਸਿਟੀ ਤੋਂ ਵੱਖ ਕਰ ਲਏ ਸਨ ਅਤੇ ਦੋਵਾਂ ਸੂਬਿਆਂ ਦਾ ਯੂਨੀਵਰਸਿਟੀ ਦੇ ਪਰਬੰਧਨ ਨਾਲ ਕੋਈ ਸਬੰਧ ਨਹੀਂ ਹੈ। ਜਿੱਥੋਂ ਤੱਕ ਵਿਦਿਆਰਥੀਆਂ ਦਾ ਸਵਾਲ ਹੈ, ਵਿਦਿਆਰਥੀ ਭਾਵੇਂ ਕਿਸੇ ਵੀ ਪ੍ਰਾਂਤ ਦੇ ਹੋਣ, ਉਹ ਹਿੰਦੁਸਤਾਨ ਦੇ ਕਿਸੇ ਵੀ ਸੂਬੇ ਵਿਚ ਨਿਰਧਾਰਤ ਨਿਯਮਾਂ ਅਨੁਸਾਰ ਦਾਖਲਾ ਲੈ ਸਕਦੇ ਹਨ। ਪੜ੍ਹਨ ਲਈ ਤਾਂ ਵਿਦਿਆਰਥੀ ਇੱਕ ਤੋਂ ਦੂਸਰੇ ਮੁਲਕਾਂ ਵਿੱਚ ਵੀ ਜਾਂਦੇ ਹਨ।

ਪੰਜਾਬ ਯੂਨੀਵਰਸਿਟੀ ਦੀ ਸੈਨੇਟ, ਸਿੰਡੀਕੇਟ ਨਾਲ ਲਗਾਤਾਰ ਜੁੜੇ ਰਹੇ ਕੁੱਝ ਦਾਨਿਸ਼ਵਰਾਂ ਜਿਵੇਂ ਡਾਕਟਰ ਪਿਆਰੇ ਲੱਲ ਗਰਗ, ਪ੍ਰੋਫੈਸਰ ਜਗਵੰਤ ਸਿੰਘ ਅਤੇ ਕਾਂਗਰਸ ਮੈਂਬਰ ਕੁਲਜੀਤ ਸਿੰਘ ਨਾਗਰਾ ਨੇ ਇਸ ਸਬੰਧੀ ਆਪਣੇ ਵਿਚਾਰ ਪਰਗਟ ਕੀਤੇ ਹਨ। ਅਸਲ ਵਿਚ ਯੂਨੀਵਰਸਿਟੀ ਦੀ ਖੁਦਮੁਖਤਿਅਰੀ ਵਿਚ ਦਖਲਅੰਦਾਜ਼ੀ ਦਾ ਸਿਲਸਿਲਾ ਖਾਸ ਤੌਰ 'ਤੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਸ਼ੁਰੂ ਹੁੰਦਾ ਹੈ ਜਿਸ ਰਾਹੀਂ ਆਰ. ਐਸ. ਐਸ ਆਪਣਾ ਰਾਜਨੀਤਕ ਏਜੰਡਾ ਲਾਗੂ ਕਰ ਰਹੀ ਹੈ। ਡਾਕਟਰ ਪਿਆਰੇ ਲਾਲ ਗਰਗ ਇੱਕ ਬਹੁਤ ਹੀ ਜਾਗਰੁਕ, ਲੋਕ-ਹਿਤੈਸ਼ੀ ਅਤੇ ਪੰਜਾਬ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਵਿਦਵਾਨ, ਪੇਸ਼ੇ ਵੱਜੋਂ ਡਾਕਟਰ ਅਤੇ ਸਿੱਖਿਆ ਕਰਮੀ ਹਨ ਹਨ। ਉਹਨਾਂ ਦਾ ਕਹਿਣਾ ਹੈ ਕਿ ਮਿਸਟਰ ਸੋਮ ਪਰਕਾਸ਼ ਜੋ ਮਨਿਸਟਰ ਵੀ ਰਿਹਾ ਹੈ, ਪੰਜਾਬ ਯੂਨੀਵਰਸਿਟੀ ਦਾ ਸੈਨੇਟਰ ਵੀ ਰਿਹਾ ਹੈ ਅਤੇ ਸੇਵਾਮੁਕਤ ਆਈ ਏ ਐਸ ਅਫਸਰ ਵੀ ਹੈ, ਨੇ ਐਲਾਨ ਕੀਤਾ ਸੀ ਕਿ ਉਹ ਸੈਨੇਟ ਨੂੰ ਖਤਮ ਕਰਕੇ ਦਮ ਲੈਣਗੇ। ਡਾਕਟਰ ਪਿਆਰੇ ਲਾਲ ਗਰਗ ਜੋ ਕਿ ਪੰਜਾਬ ਯੂਨੀਵਰਸਿਟੀ ਦੇ ਕੈਲੰਡਰ ਦੀ ਪੂਰੀ ਜਾਣਕਾਰੀ ਰੱਖਦੇ ਹਨ, ਅਨੁਸਾਰ ਕੇਂਦਰ ਸਰਕਾਰ ਦੇ ਸਿੱਖਿਆ ਮਹਿਕਮੇ ਨੇ ਜੋ ਨੋਟੀਫਿਕੇਸ਼ਨ ਜ਼ਾਰੀ ਕੀਤਾ ਹੈ ਉਹ ਪੰਜਾਬ 1947 ਦੇ ਸੈਕਸ਼ਨ 14 ਅਨੁਸਾਰ ਅਤੇ ਪੰਜਾਬ ਪੁਨਰਗਠਨ ਦੀ ਧਾਰਾ 72 ਅਨੁਸਾਰ ਗ਼ੈਰ-ਕਾਨੂੰਨੀ ਹੈ। ਕੁਲਜੀਤ ਸਿੰਘ ਨਾਗਰਾ ਵਿਦਿਆਰਥੀ ਨੇਤਾ ਵੀ ਰਹੇ ਹਨ ਅਤੇ ਪੰਜਾਬ ਯੂਨੀਵਰਸਿਟੀ ਸੈਨੇਟ ਦੇ ਚੁਣੇ ਹੋਏ ਮੈਂਬਰ ਵੀ ਰਹੇ ਹਨ, ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਦਾ ਕੰਮ ਪੰਜਾਬ ਯੂਨੀਵਰਸਿਟੀ ਦੀ ਪਹਿਰੇਦਾਰੀ ਕਰਨਾ ਹੈ ਅਤੇ ਵਾਈਸ ਚਾਂਸਲਰ 'ਤੇ ਮੁਕੱਦਮਾ ਦਰਜ਼ ਹੋਣਾ ਚਾਹੀਦਾ ਹੈ। ਕਿਸੇ ਰਜਿਸਟਰਾਰ ਦੀ ਕੰਟਰੋਵਰਸ਼ੀਅਲ ਚੋਣ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ ਚੋਣ ਸਿੰਡੀਕੇਟ ਵਿਚ ਪਾਸ ਹੋ ਜਾਣ ਦੇ ਬਾਵਜੂਦ ਸੈਨੇਟ ਵਿਚ ਜਾ ਕੇ ਵੋਟਾਂ ਪੁਆ ਕੇ ਰੱਦ ਕਰ ਦਿੱਤੀ ਗਈ ਸੀ। ਜਿਸ ਤੋਂ ਸੈਨੇਟ ਦੀ ਮਹੱਤਤਾ ਦਾ ਪਤਾ ਲੱਗਦਾ ਹੈ ਅਤੇ ਸਪੱਸ਼ਟ ਹੁੰਦਾ ਹੈ ਕਿ ਕੇਂਦਰ ਸਰਕਾਰ ਕਿਉਂ ਸੈਨੇਟ ਨੂੰ ਖਤਮ ਕਰਨਾ ਚਾਹੁੰਦੀ ਹੈ। ਇਹ ਵੀ ਮੰਨਣਾ ਹੈ ਕਿ ਕੋਰਟ ਵਿਚ ਜਾਣ ਦੀ ਥਾਂ ਪੰਜਾਬ ਸਰਕਾਰ ਨੂੰ ਅਸੈਂਬਲੀ ਵਿਚ ਮਤਾ ਪਾਸ ਕਰਨਾ ਚਾਹੀਦਾ ਹੈ। ਅਦਾਲਤਾਂ ਵਿਚ ਜਾਣ ਦਾ ਅਰਥ ਹੈ ਫ਼ੈਸਲਾ ਲਮਕਾਉਣਾ ਜਾਂ ਕੇਂਦਰ ਦੀ ਮਨਮਰਜ਼ੀ ਦਾ ਕਰਾਉਣਾ। ਚੀਫ਼ ਜਸਟਿਸ ਆਫ ਇੰਡੀਆ ਮਿਸਟਰ ਰਮਨ ਦੇ ਕਿਸੇ ਕਨਵੋਕੇਸ਼ਨ ਵਿਚ ਦਿੱਤੇ ਭਾਸ਼ਣ ਨੂੰ ਕੋਟ ਕਰਕੇ ਦੱਸਿਆ ਕਿ ਚੀਫ਼ ਜਸਟਿਸ ਅਨੁਸਾ ਉਸ ਤੇ ਪਰੈਸ਼ਰ ਪਾਉਣ ਲਈ ਉਸ ਦੇ ਕਿਸੇ ਪਰਿਵਾਰਕ ਮੈਂਬਰ ਤੇ ਕੋਈ ਕਰਿਮੀਨਲ ਕੇਸ ਪਾ ਦੇਣ ਦੀ ਧਮਕੀ ਦਿੱਤੀ ਗਈ। ਆਜ਼ਦੀ ਮਿਲਣ ਵੇਲੇ ਤਕਸੀਮ ਭਾਰਤ ਦੀ ਨਹੀਂ ਹੋਈ ਪੰਜਾਬ ਦੀ ਹੋਈ ਜਿਸ ਵਿਚ 20 ਲੱਖ ਪੰਜਾਬੀ ਮਾਰਿਆ ਗਿਆ ਅਤੇ ਇੱਕ ਕਰੋੜ ਪੰਜਾਬੀ ਉਜੜਿਆ। ਪੰਜਾਬ ਦੀ ਵਿਰਾਸਤ ਯੂਨੀਵਰਸਿਟੀ ਦੀਆਂ ਇਮਾਰਤਾਂ ਅਤੇ ਫਰਨੀਚਰ ਨਹੀਂ, ਵਿਰਾਸਤ ਸਾਡਾ ਸਭਿਆਚਾਰ, ਸਾਡੀ ਰਹਿਲਤ, ਸਾਡਾ ਇਤਿਹਾਸ ਅਤੇ ਸਟਰਕਚਰ ਹੈ ਜਿਸ ਨੂੰ ਭਾਜਪਾ ਸਰਕਾਰ ਤਬਾਹ ਕਰਨਾ ਚਾਹੁੰਦੀ ਹੈ ਅਤੇ ਪੰਜਾਬ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੀ। ਇਹ ਨੋਟੀਫਿਕੇਸ਼ਨ 1 ਨਵੰਬਰ ਪੰਜਾਬ ਡੇ ਤੇ ਕਿਉਂ ਇਸ਼ੂ ਕੀਤਾ ਗਿਆ? ਕਿਉਕਿ 1 ਨਵੰਬਰ ਦਿੱਲੀ ਵਿਚ ਹੋਏ ਕਤਲੇਆਮ ਨਾਲ ਵੀ ਜੁੜਿਆ ਹੋਇਆ ਹੈ।

ਪ੍ਰੋਫੈਸਰ ਜਗਵੰਤ ਸਿੰਘ ਰਿਤੇਸ਼ ਲੱਖੀ ਨਾਲ ਗੱਲ ਕਰਦਿਆਂ ਦੱਸ ਰਹੇ ਸੀ ਕਿ ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਵਰਸਜ਼ ਹਰਿਆਣਾ ਬਣਾਉਣ ਦੀ ਕਵਾਇਦ 2012 ਤੋਂ 2016 ਦੇ ਵਿਚਕਾਰ ਸ਼ੁਰੂ ਹੋਈ ਜਦੋਂ ਪੰਜਾਬ ਯੂਨੀਵਰਸਿਟੀ ਸੈਨੇਟ ਵਿਚ ਸੁਧਾਰਾਂ ਦੀ ਗੱਲ ਛੇੜੀ ਗਈ। ਸਾਬਕਾ ਵਾਈਸ ਚਾਂਸਲਰ ਅਰੁਣ ਗਰੋਵਰ 2015 ਵਿਚ ਅਤੇ ਸਤਿ ਪਾਲ ਜੈਨ ਸੋਲਿਸਟਰ ਜਨਰਲ ਜਿਹੜੇ ਚਾਰ ਵਾਰ ਰਜਿਸਟਰਡ ਚੋਣ ਖੇਤ੍ਰ ਤੋਂ ਚੁਣਿਆ ਹੋਇਆ ਮੈਂਬਰ ਅਤੇ 27 ਸਾਲ ਤੋਂ ਨਾਮਜਦ ਮੈਂਬਰ ਹੈ, ਨੇ ਇਹ ਜ਼ਿਕਰ ਕੀਤਾ ਕਿ ਸਿੰਡੀਕੇਟ ਅਤੇ ਸੈਨੇਟ ਨੇ ਉਨ੍ਹਾਂ ਦਾ ਏਜੰਡਾ ਟੇਕਅਪ ਨਹੀਂ ਕੀਤਾ। ਇਹ ਲੋਕ ਭੁੱਲ ਜਾਂਦੇ ਹਨ ਕਿ ਕੇਂਦਰ ਸਰਕਾਰ ਕੇਂਦਰੀ ਯੁਨਵਿਰਸਿਟੀਆਂ ਵਿੱਚ ਤਬਦੀਲੀਆਂ ਕਰ ਸਕਦੀ ਹੈ ਪ੍ਰੰਤੂ ਪੰਜਾਬ ਯੂਨੀਵਰਸਿਟੀ ਵਿੱਚ ਨਹੀਂ। ਪੰਜਾਬ ਯੂਨੀਵਰਸਿਟੀ ਦਾ ਸੰਵਿਧਾਨ ਬੇਸਿਕ ਸਟਰਚਰ ਵਿਚ ਕਿਸੇ ਕਿਸਮ ਦੀ ਵੀ ਤਬਦੀਲੀ ਦੀ ਆਗਿਆ ਨਹੀਂ ਦਿੰਦਾ। ਵਾਈਸ ਚਾਂਸਲਰ ਅਰੁਣ ਗਰੋਵਰ ਦਾ ਮਸਲਾ ਆਪਣੀ ਪਤਨੀ ਨੂੰ ਚੰਡੀਗੜ੍ਹ ਡੈਪੂਟੇਸ਼ਨ ਤੇ ਲਿਆਉਣਾ ਸੀ ਜੋ ਆਪ ਮੁੰਬਈ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰੀਸਰਚ ਵਿਚ ਪ੍ਰੋਫੈਸਰ ਰਿਹਾ ਸੀ ਅਤੇ ਉਸ ਦੀ ਪਤਨੀ ਵੀ ਉਥੇ ਐਸ.ਸੀ.ਐਨ.ਡੀ ਵਿਚ ਪ੍ਰੋਫੈਸਰ ਸੀ। ਉਦੋਂ ਪੰਜਾਬ ਯੂਨੀਵਰਸਿਟੀ ਵਿਚ ਡੈਪੂਟੇਸ਼ਨ ਤੇ ਲਿਆਉਣ ਦੀ ਕੋਈ ਪਾਲਿਸੀ ਨਹੀਂ ਸੀ। ਸੈਨੇਟ ਸਿੰਡੀਕੇਟ ਵਿਚ ਇਸ ਮਾਮਲੇ ਦਾ ਵਿਰੋਧ ਕੀਤਾ ਗਿਆ ਭਾਵੇਂ ਅਖ਼ੀਰ ਵਿਚ ਉਸ ਨੂੰ ਡੈਪੂਟੇਸ਼ਨ ਤੇ ਲਿਆਂਦਾ ਗਿਆ ਪ੍ਰੰਤੂ ਇੱਕ ਕਸ਼ਮਕਸ਼ ਤਾਂ ਪੈਦਾ ਹੋਈ। ਇਸ ਤੋਂ ਵਾਈਸ ਚਾਂਸਲਰ ਗਰੋਵਰ ਨੇ ਸੋਚਿਆ ਕਿ ਮੈਂ ਸੈਨੇਟ ਰਹਿਣ ਹੀ ਨਹੀਂ ਦੇਣੀ।

ਸੈਨੇਟ ਦਾ ਕਾਰਜ ਕਿਸੇ ਵਾਈਸ ਚਾਂਸਲਰ ਨੂੰ ਮਨਮਾਨੀਆਂ ਕਰਨ ਤੋਂ ਰੋਕ ਕੇ ਯੂਨੀਵਰਸਿਟੀ ਦੀ ਖੁਦਮੁਖਤਾਰੀ ਨੂੰ ਕਾਇਮ ਰੱਖਣਾ ਹੈ। ਜੇ ਸੈਨੇਟ ਵਿਚ ਸਰਕਾਰ ਦੇ ਆਪਣੀ ਪਾਰਟੀ ਜਾਂ ਪੱਖ ਦੇ ਨਾਮਜਦ ਮੈਂਬਰ ਹੀ ਹੋਣਗੇ ਅਤੇ ਸੀਨੀਆਰਟੀ ਮੁਤਾਬਿਕ ਕਾਲਜਾਂ ਦੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਨਹੀਂ ਹੋਣਗੇ, ਗਰੈਜੂਏਟ ਕੰਸਟੀਚੁਐਂਸੀ ਵਿਚੋ ਚੁਣੇ ਹੋਏ ਮੈਂਬਰ ਨਹੀਂ ਹੋਣਗੇ ਤਾਂ ਕੇਂਦਰ ਸਰਕਾਰ ਅਤੇ ਵਾਈਸ ਚਾਂਸਲਰ ਆਪਣੀਆਂ ਮਨਮਾਨੀਆਂ ਕਰਨਗੇ। ਇੱਥੇ ਇਹ ਤੱਥ ਧਿਆਨ ਦੇਣ ਯੋਗ ਹੈ ਕਿ ਸੈਨੇਟ ਦੇ ਮੈਂਬਰ ਪ੍ਰੋਫੈਸਰ ਅਤੇ ਪ੍ਰਿੰਸੀਪਲ ਪੰਜਾਬ ਦੇ ਦੋ ਸੌ ਕਾਲਜਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਹ ਸੈਨੇਟ ਰਾਹੀਂ ਕਾਲਿਜਾਂ ਦੀਆਂ ਵੱਖ ਵੱਖ ਸਮੱਸਿਆਵਾਂ ਨੂੰ ਯੂਨੀਵਰਸਿਟੀ ਵਿਚ ਰੱਖਦੇ ਹਨ, ਯੂਨੀਵਰਸਿਟੀ ਵਿਚ ਬੈਠੀ ਫੈਕਲਟੀ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਕੋਈ ਸੋਝੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਚੁਣੇ ਹੋਏ ਸੈਨੇਟਰ ਆਪਣੇ ਆਪਣੇ ਇਲਾਕੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਪੰਜਾਬ ਦੇ ਵਿਦਿੱਆ ਨਾਲ ਜੁੜੇ ਮਸਲਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਯੂਨੀਵਰਸਿਟੀ ਦੇ ਪ੍ਰਬੰਧ ਨਾਲ ਜੁੜਿਆ ਕੁੱਝ ਅਮਲਾ ਅਤੇ ਟੀਚਿੰਗ ਫੈਕਲਟੀ ਦੇ ਕੁੱਝ ਮੈਂਬਰ ਆਪਣੇ ਨਿਜੀ ਲਾਭਾਂ ਕਾਰਨ ਜਿਵੇਂ ਕੇਂਦਰੀ ਤਣਖਾਹ ਸਕੇਲ ਜਾਂ ਸੇਵਾਮੁਕਤੀ ਦੀ ਉਮਰ ਵਧਾਉਣ ਨੂੰ ਲੈਕੇ ਯੂਨੀਵਰਸਿਟੀ ਨੂੰ ਨਿਰੀਪੁਰੀ ਕੇਂਦਰ ਦੇ ਅਧਿਕਾਰ ਹੇਠ ਲਿਆਉਣ ਦੇ ਹੱਕ ਵਿਚ ਹਨ। ਉਹ ਭੁੱਲ ਜਾਂਦੇ ਹਨ ਕਿ ਪੰਜਾਬ ਯੂਨੀਵਰਸਿਟੀ ਮਹਿਜ਼ ਕੈਂਪਸ ਤੱਕ ਸੀਮਤ ਨਹੀਂ ਹੈ; ਇਸ ਨਾਲ ਪੰਜਾਬ ਦੇ 200 ਕਾਲਿਜ ਜੁੜੇ ਹੋਏ ਹਨ ਅਤੇ ਇਹ ਪੰਜਾਬ ਯੂਨੀਵਰਸਿਟੀ ਲਹੌਰ ਦਾ ਬਦਲ ਹੈ ਜਿਸ ਦਾ ਆਪਣਾ ਸੰਵਿਧਾਨ ਹੈ। ਇਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਹੀਂ ਹੈ ਜੋ ਕੈਂਪਸ ਤੱਕ ਸੀਮਤ ਹੈ।

ਯੂਨੀਵਰਸਿਟੀ ਦੇ ਵਿਦਿਆਰਥੀ ਯੂਨੀਵਰਸਿਟੀ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ, ਜਿਸ ਵਿਚ ਯੂਨੀਵਰਸਿਟੀ ਦੇ ਤਮਾਮ ਵਿਦਿਆਰਥੀ ਭਾਵੇਂ ਉਹ ਕਿਸੇ ਵੀ ਸੂਬੇ ਦੇ ਹਨ ਸ਼ਾਮਲ ਹਨ ਕਿਉਂਕਿ ਇਹ ਯੂਨੀਵਰਸਿਟੀ ਦੀ ਖ਼ੁਦਮੁਖਤਿਆਰੀ ਦਾ ਮਸਲਾ ਹੈ। ਇਸ ਸੰਘਰਸ਼ ਵਿਚ ਕਿਸਾਨ ਜਥੇਬੰਦੀਆਂ ਦੇ ਨਾਲ ਨਾਲ ਪੰਜਾਬ ਤੋਂ ਹੋਰ ਵੀ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪੰਜਾਬੀ ਸਹਾਇਤਾ ਕਰ ਰਹੇ ਹਨ। ਇਸ ਸੰਘਰਸ਼ ਵਿਚ ਸ਼ਾਮਲ ਹੋਣਾ ਅਤੇ ਇਸ ਦੀ ਹਿਮਾਇਤ ਕਰਨਾ ਹਰ ਪੰਜਾਬੀ ਦਾ ਫਰਜ਼ ਹੈ ਭਾਵੇਂ ਉਹ ਕਿਸੇ ਵੀ ਪਾਰਟੀ, ਧਰਮ ਜਾਂ ਭਾਈਚਾਰੇ ਨਾਲ ਸਬੰਧਤ ਹੈ। ਇਥੇ ਧਿਆਨ ਦੀ ਜ਼ਰੂਰਤ ਹੈ ਕਿ ਪੰਜਾਬ ਦੇ ਹੋਰ ਮੁੱਦਿਆਂ ਨੂੰ ਸ਼ਾਮਲ ਨਾ ਕੀਤਾ ਜਾਵੇ ਮਤਾਂ ਉਸ ਵਿਚ ਯੂਨੀਵਰਸਿਟੀ ਦੀ ਖੁਦਮੁਖਤਾਰੀ ਅਤੇ ਪੰਜਾਬ ਦੀ ਯੂਨੀਵਰਸਿਟੀ ਹੋਣ ਦਾ ਮੁੱਦਾ ਰੁਲ ਜਾਵੇ। ਬਾਕੀ ਮੁੱਦਿਆਂ ਲਈ ਅਲੱਗ ਸੰਘਰਸ਼ ਕਰਨਾ ਹੀ ਬਿਹਤਰ ਹੋਵੇਗਾ ਉਹ ਵੀ ਧਰਮ ਜਾਂ ਪਾਰਟੀ ਅਧਾਰਤ ਨਹੀਂ ਬਲਕਿ ਸਮੁੱਚੇ ਪੰਜਾਬੀਆਂ ਅਤੇ ਪੰਜਾਬ ਦਾ ਮੁੱਦਾ ਬਣਾ ਕੇ ਹੀ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਨਿਜੀ ਜਾਂ ਰਾਜਸੀ ਮੁਫਾਦ ਲਈ ਲੜਿਆ ਸੰਘਰਸ਼ ਸਫ਼ਲ ਨਹੀਂ ਹੋ ਸਕਦਾ; ਇਹ ਅਸੀਂ ਵਰ੍ਹਿਆਂ ਤੋਂ ਪੰਜਾਬ ਵਿਚ ਦੇਖ ਅਤੇ ਹੰਢਾ ਰਹੇ ਹਾਂ।

# ਲੋਕਾਂ ਦੇ ਚੇਤਿਆਂ 'ਚ ਵਸਦਾ ਹੈ ਲੋਕ ਗਾਇਕ ਦੀਦਾਰ ਸੰਧੂ

ਪੰਜਾਬੀ ਗੀਤਕਾਰੀ ਹੋਵੇ ਜਾਂ ਲੋਕ ਗਾਇਕੀ ਇਸ ਖੇਤਰ ਵਿਚ ਦੀਦਾਰ ਸੰਧੂ ਦਾ ਨਾਂਅ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ। ਗਾਇਕੀ ਤੋਂ ਪਹਿਲਾਂ ਦੀਦਾਰ ਸੰਧੂ ਦੀ ਗੀਤਕਾਰੀ ਬਾ-ਕਮਾਲ ਰਹੀ, ਉਨ੍ਹਾਂ ਦੇ ਲਿਖੇ ਗੀਤ ਚੋਟੀ ਦੇ ਕਲਾਕਾਰ ਨਰਿੰਦਰ ਬੀਬਾ, ਸੁਦੇਸ਼ ਕਪੂਰ, ਬੀਰ ਚੰਦ, ਰਣਜੀਤ ਵਿਰਕ, ਸਵਰਨ ਲਤਾ, ਪ੍ਰੋਮਿਲਾ ਪੰਮੀ, ਬੀਰ ਚੰਦ ਗੋਪੀ,

ਨਿਰਮਲ ਸਿੰਘ ਧਾਲੀਵਾਲ

ਕਰਨੈਲ ਗਿੱਲ, ਪ੍ਰੀਤੀ ਬਾਲਾ, ਰੇਸ਼ਮ ਰੰਗੀਲਾ, ਕਰਨੈਲ ਸਿੰਘ, ਸੁਰਿੰਦਰ ਛਿੰਦਾ, ਮੁਹੰਮਦ ਸਦੀਕ ਹੋਰ ਗਾਇਕਾਂ ਵਲੋਂ ਗਾਏ ਗਏ। ਦੇਸ਼ ਦੀ ਵੰਡ ਤੋਂ ਪਹਿਲਾਂ ਸਾਲ 1942 ਵਿਚ ਸਰਗੋਧਾ (ਪਾਕਿਸਤਾਨ) ਦੇ ਚੱਕ ਨੰਬਰ 133 ਵਿਖੇ ਪਿਤਾ ਸਰਦਾਰ ਸਮੁੰਦ ਸਿੰਘ ਸੰਧੂ ਤੇ ਬੇਬੇ ਦਾਨ ਕੌਰ ਦੇ ਘਰ ਹੋਇਆ ਦੀਦਾਰ ਸੰਧੂ 5 ਭਰਾਵਾਂ ਨਾਜਰ ਸਿੰਘ, ਸਰਵਣ ਸਿੰਘ, ਕਾਮਰੇਡ ਦਰਸ਼ਨ ਸਿੰਘ, ਗੁਰਨਾਮ ਸਿੰਘ ਵਿਚੋਂ ਸਭ ਤੋਂ ਛੋਟਾ ਸੀ। ਦੇਸ਼ ਦੀ ਵੰਡ ਸਮੇਂ ਸੰਧੂ ਪਰਿਵਾਰ ਨੇ ਜਗਰਾਉਂ ਤਹਿਸੀਲ ਦੇ ਪਿੰਡ ਭਰੋਵਾਲ ਖੁਰਦ (ਲੁਧਿ:) ਵਿਖੇ ਪੱਕਾ ਰੈਣ ਬਸੇਰਾ ਕਰ ਲਿਆ । ਦੀਦਾਰ ਸੰਧੂ ਦਾ ਵਿਆਹ ਪਿੰਡ ਗਾਲਿਬ ਕਲਾਂ ਵਿਖੇ ਬੀਬੀ ਅਮਰਜੀਤ ਕੌਰ ਨਾਲ ਹੋਇਆ।

ਆਪ ਦੇ ਘਰ ਦੋ ਬੱਚਿਆਂ ਧੀ ਦੀਪਾਂ ਅਤੇ ਸਪੁੱਤਰ ਜਗਮੋਹਨ ਸੰਧੂ ਨੇ ਜਨਮ ਲਿਆ। ਦੀਦਾਰ ਸੰਧੂ ਦੇ ਗੀਤ ਆਮ ਤੌਰ 'ਤੇ ਰੋਜ਼ਾਨਾ ਜ਼ਿੰਦਗੀ ਵਿਚ ਪ੍ਰਚੱਲਿਤ ਵਿਚਾਰਾਂ ਵਾਲੇ ਹੁੰਦੇ ਸਨ, ਦੀ ਵਾਰ ਦੀਦਾਰ ਬੈਠਾ ਹੋਇਆ ਅੱਖੀ ਡਿੱਠੀਆਂ ਘਟਨਾਵਾਂ ਨੂੰ ਆਪਣੇ ਗੀਤਾਂ ਵਿਚ ਪਰੋ ਦਿੰਦਾ ਸੀ। ਬਤੌਰ ਗੀਤਕਾਰ ਦੀਦਾਰ ਸੰਧੂ ਦਾ ਪਹਿਲਾ ਅਤੇ ਅੱਜ ਵੀ ਮਕਬੂਲ ਗੀਤ 'ਜੱਟ ਬੜਾ ਬੇਦਰਦੀ' ਨਰਿੰਦਰ ਬੀਬਾ ਦੀ ਅਵਾਜ਼ ਵਿਚ ਰਿਕਾਰਡ ਹੋਇਆ। ਉਸ ਸਮੇਂ ਦੀ ਮਸ਼ਹੂਰ ਗਾਇਕ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਅਵਾਜ਼ ਵਿਚ ਦੀਦਾਰ ਸੰਧੂ ਦੇ ਲਿਖੇ ਕਈ ਗੀਤਾਂ ਨਾਲ ਦੀਦਾਰ ਸੰਧੂ ਦਾ ਨਾਂਅ ਮੋਹਰੀ ਗੀਤਕਾਰਾਂ ਦੀ ਕਤਾਰ ਵਿਚ ਸ਼ਾਮਿਲ ਹੋਇਆ।

ਉੱਘੀ ਰਿਕਾਰਡਿੰਗ ਕੰਪਨੀ ਐੱਚ.ਐੱਮ.ਵੀ. ਰਾਹੀਂ ਦੀਦਾਰ ਸੰਧੂ ਵਲੋਂ ਗਾਇਕਾ ਸਨੇਹ ਲਤਾ ਨਾਲ ਗਾਏ ਗੀਤ 'ਪਿੰਡ ਦੇ ਮੁੰਡਿਆਂ ਨੂੰ ਸਾਨੂੰ ਦੇਖ ਕੇ ਨੀਂਦ ਨਾ ਆਵੇ' ਨਾਲ ਗਾਇਕੀ ਵਾਲਾ ਸਫਰ ਕਰੀਬ 3 ਦਹਾਕੇ ਜਾਰੀ ਰਿਹਾ, ਇਸ ਦੌਰਾਨ ਉਨ੍ਹਾਂ ਨੇ ਸੁਰਿੰਦਰ ਕੌਰ, ਪਰਮਿੰਦਰ ਸੰਧੂ, ਸਨੇਹ ਲਤਾ, ਸੁਸ਼ਮਾ ਬੱਬੀ, ਕੁਲਦੀਪ ਕੌਰ, ਸੁਖਵੰਤ ਕੌਰ, ਬਲਜੀਤ ਬੱਲੀ, ਅਮਰ ਨੂਰੀ ਵਰਗੀਆਂ ਨਾਮੀ ਕਲਾਕਾਰਾਂ ਨਾਲ ਦੋਗਾਣਾ ਜੋੜੀਆਂ ਰਾਹੀਂ ਗਾਇਕ ਵਜੋਂ ਪ੍ਰਸਿੱਧੀ ਹਾਸਿਲ ਕੀਤੀ। ਪੰਜਾਬੀ ਫਿਲਮ 'ਗੱਭਰੂ ਪੰਜਾਬ ਦਾ' ਵਿਚ ਦੀਦਾਰ ਸੰਧੂ ਅਤੇ ਅਮਰ ਨੂਰੀ ਦਾ ਫਿਲਮਾਇਆ ਗਿਆ ਅਖਾੜਾ ਬੇਹੱਦ ਮਕਬੂਲ ਹੋਇਆ। 'ਨਾ ਮਾਰ ਜ਼ਾਲਮਾ ਵੇ ਪੈਕੇ ਤੱਤੜੀ ਦੇ ਦੂਰ, ਫਾਟਕ ਕੋਟਕਪੂਰੇ ਦਾ, ਬੋਲ ਮੂੰਹੋਂ ਸਤਿ ਕਰਤਾਰ ਛੜਿਆ, ਜੋੜੀ ਜਦੋਂ ਚੁਬਾਰੇ ਚੜ੍ਹਦੀ, ਜਲ'ਤੇ ਫੁੱਲ ਤਰਦਾ, ਵਰਗੇ ਗੀਤ ਅੱਜ ਵੀ ਹਿੱਟ ਹਨ। ਦੀਦਾਰ ਸਿੰਘ ਸੰਧੂ ਸਾਲ 1973 ਤੋਂ 1988 ਤੱਕ ਪਿੰਡ ਭਰੋਵਾਲ ਖੁਰਦ (ਲੁਧਿਆਣਾ) ਦੇ ਸਰਪੰਚ ਰਹੇ। ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਜਥੇਬੰਦਕ ਸਕੱਤਰ ਵਜੋਂ ਸੇਵਾਵਾਂ ਨਿਭਾਉਣ ਵਾਲੇ ਦੀਦਾਰ ਸੰਧੂ ਦੀ ਮਿਲਣਸਾਰਤਾ ਹਰ ਦਿਲ ਨੂੰ ਕਾਇਲ ਕਰ ਦੇਣ ਵਾਲੀ ਸੀ । ਦੀਦਾਰ ਸੰਧੂ ਫਰਵਰੀ 1991 ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਸਪੁੱਤਰ ਨਾਮੀ ਗਾਇਕ ਜਗਮੋਹਨ ਸੰਧੂ ਵਲੋਂ ਹਰ ਸਾਲ ਦੀ ਤਰ੍ਹਾਂ ਪਿੰਡ ਭਰੋਵਾਲ ਖੁਰਦ (ਲੁਧਿ:) ਵਿਖੇ ਦੀਦਾਰ ਸੰਧੂ ਯਾਦਗਾਰੀ ਮੇਲਾ ਕਰਵਾਇਆ ਜਾਂਦਾ ਹੈ।



ਕਲਾ ਪਰਿਕਰਮਾ

# ਲੰਮੀ ਹੇਕ ਅਤੇ ਬੁਲੰਦ ਆਵਾਜ਼ ਦੀ ਮਲਿਕਾ ਗੁਰਮੀਤ ਬਾਵਾ

ਪੰਜਾਬੀ ਲੋਕ ਗਾਇਕੀ ਦੇ ਵਿਹੜੇ ਅਨੇਕਾਂ ਗਾਇਕਾਵਾਂ ਨੇ ਪੈਰ ਰੱਖਿਆ। ਬਹੁਤ ਸਾਰੀਆਂ ਗਾਇਕਾਵਾਂ ਸਫਲ ਰਹੀਆਂ। ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦਿਆਂ ਪ੍ਰਸਿੱਧੀ ਖੱਟੀ, ਆਪਣੀ ਮੰਜ਼ਿਲ ਹਾਸਲ ਕੀਤੀ। ਸਾਫ਼- ਸੁਥਰੀ ਗਾਇਕੀ ਗਾਉਣ 'ਚ ਕਈ ਗਾਇਕਾਵਾਂ ਨਿੱਤਰੀਆਂ, ਜਿਨ੍ਹਾਂ ਵਿਚ ਉਪਰਲੀ ਕਤਾਰ ਦੇ ਨਾਵਾਂ ਵਿੱਚੋਂ ਇਕ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ, ਉਹ ਨਾਂ ਹੈ ਗੁਰਮੀਤ ਬਾਵਾ ।

**ਦਾਦੀ ਨੇ ਪਾਲਿਆ -** ਗੁਰਮੀਤ ਬਾਵਾ ਦਾ ਜਨਮ 18 ਫਰਵਰੀ ਸਾਲ 1944 ਵਿਚ ਮਾਤਾ ਰਾਮ ਕੌਰ ਦੀ ਕੁੱਖੋਂ ਅਤੇ ਪਿਤਾ

ਦਰਸ਼ਨ ਸਿੰਘ ਪ੍ਰੀਤੀਮਾਨ

ਉੱਤਮ ਸਿੰਘ ਦੇ ਘਰ, ਪਿੰਡ ਕੋਠੇ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਗੁਰਮੀਤ ਬਾਵਾ ਦੀ ਮਾਤਾ ਉਨ੍ਹਾਂ ਦੀ ਬਹੁਤ ਛੋਟੀ ਉਮਰ ਵਿਚ ਚਲ ਵਸੀ, ਉਸ ਦੀ ਦਾਦੀ ਨੇ ਉਨ੍ਹਾਂ ਨੂੰ ਪਾਲਿਆ। ਉਸ ਦੇ ਚਾਰ ਭੈਣਾਂ ਅਤੇ ਇਕ ਭਰਾ ਹੈ।

**ਸਕੂਲੀ ਤੇ ਸੰਗੀਤਕ ਸਿੱਖਿਆ -** ਗੁਰਮੀਤ ਬਾਵਾ ਸਕੂਲ 'ਚ ਸ਼ਨਿਚਰਵਾਰ ਦੀ ਬਾਲ ਸਭਾ 'ਚ ਗਾਉਂਦੀ ਰਹਿੰਦੀ ਸੀ। ਅਧਿਆਪਕਾਂ ਵੱਲੋਂ ਪਿਆਰ ਅਤੇ ਹੌਸਲੇ ਨੇ ਗੁਰਮੀਤ ਬਾਵਾ ਦਾ ਉਤਸ਼ਾਹ ਬਹੁਤ ਵਧਾਇਆ। ਉਨ੍ਹਾਂ ਸਕੂਲ, ਕਾਲਜ ਦੀ ਵਿੱਦਿਆ ਹਾਸਲ ਕੀਤੀ ਤੇ ਜੇ.ਬੀ.ਟੀ ਪਹਿਲੀ ਇੰਟਰਵਿਊ ਵੇਲੇ ਹੀ ਉਨ੍ਹਾਂ ਨੂੰ ਰੱਖ ਲਿਆ ਗਿਆ। ਅਧਿਆਪਕਾ ਬਣ ਉਨ੍ਹਾਂ ਬੇ-ਸ਼ੁਮਾਰ ਬੱਚਿਆਂ ਨੂੰ ਤਾਲੀਮ ਦਿੱਤੀ। ਵਿਆਹ ਵੀ ਉਨ੍ਹਾਂ ਦਾ ਨੌਕਰੀ ਲੱਗਣ ਤੋਂ ਬਾਅਦ ਸਾਲ 1968 ਵਿਚ ਕਿਰਪਾਲ ਸਿੰਘ ਬਾਵਾ ਨਾਲ ਹੋਇਆ ਜੋ ਚੰਗਾ ਗਾਇਕ ਵੀ ਸੀ। ਦੋਵਾਂ ਕਲਾਕਾਰਾਂ ਦੀ ਜੋੜੀ ਬਣ

ਗਈ। ਗੁਰਮੀਤ ਬਾਵਾ ਨੇ ਸੰਗੀਤ ਦੀ ਸਿੱਖਿਆ ਨਰਿੰਦਰ ਚੰਚਲ ਤੋਂ ਸਿੱਖੀ ਤੇ ਚਲਦੀਆਂ ਰਸਮਾਂ ਮੁਤਾਬਕ ਗੁਰਮੀਤ ਬਾਵਾ ਨੇ ਨਰਿੰਦਰ ਚੰਚਲ ਨੂੰ ਹੀ ਆਪਣਾ ਉਸਤਾਦ ਧਾਰ ਲਿਆ। ਬਾਵਾ 1 ਵਿਆਹ ਤੋਂ ਬਾਅਦ ਉਸ ਦੇ ਨਾਮ ਨਾਲ ਜੁੜ ਗਿਆ ਕਿਉਂਕਿ ਉਨ੍ਹਾਂ ਦੇ ਪਤੀ ਦਾ ਨਾਂ ਕਿਰਪਾਲ ਬਾਵਾ ਸੀ। ਵਿਆਹ ਤੋਂ ਬਾਅਦ ਅੰਮ੍ਰਿਤਸਰ ਰਿਹਾਇਸ਼ ਕਰ ਲਈ। ਇਸ ਜੋੜੇ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਲਾਚੀ ਬਾਵਾ, ਗਲੋਰੀ ਬਾਵਾ ਤੇ ਸਿਮਰਤ ਬਾਵਾ ਹਨ। ਇਨ੍ਹਾਂ ਦੀ ਧੀ ਲਾਚੀ ਬਾਵਾ 12 ਫਰਵਰੀ, 2020 ਈ: ਨੂੰ ਕੈਂਸਰ ਦੀ ਨਾ-ਮੁਰਾਦ ਬਿਮਾਰੀ ਦੀ ਭੇਟ ਚੜ੍ਹ ਗਈ ਜਿਸ ਦੀ ਗਹਿਰੀ



ਸੱਟ ਗੁਰਮੀਤ ਬਾਵਾ ਨੂੰ ਸਦਾ ਦਿਲਗੀਰ ਕਰੀ ਰੱਖਦੀ ਸੀ।

**ਗਾਉਣ ਦੀ ਸ਼ੁਰੂਆਤ-** ਗੁਰਮੀਤ ਬਾਵਾ ਨੇ ਕਿਰਪਾਲ ਸਿੰਘ ਬਾਵਾ ਨਾਲ ਸਟੇਜਾਂ 'ਤੇ ਗਾਉਣਾ ਸ਼ੁਰੂ ਕਰ ਦਿੱਤਾ। ਪਹਿਲਾਂਰੇਡੀਓ 'ਤੇ ਗਾਉਣ ਦੀ ਸ਼ੁਰੂਅਤ ਕੀਤੀ। 'ਕੋਰਾ-ਕੋਰਾ ਕੂੰਜਾ ਠੰਢੜਾ ਠਾਰ ਪਾਣੀ' ਇਹ ਗੀਤ ਬਾਵਾ ਦੇ ਮਨ ਪਸੰਦ ਦਾ ਗੀਤ ਸੀ, ਇਸ ਗੀਤ ਨਾਲ ਹੀ ਉਸ ਦੀ ਗਾਉਣ ਦੀ ਸ਼ੁਰੂਅਤ ਹੋਈ। ਇਹ ਸਾਲ 1969 ਦੀ ਗੱਲ ਹੈ। ਗੁਰਮੀਤ ਬਾਵਾ ਤੇ ਕਿਰਪਾਲ ਬਾਵਾ ਦੇ ਕਈ ਐਲ. ਪੀ. ਰਿਕਾਰਡ ਦੋਗਾਣੇ ਕਰਵਾਏ। ਗੁਰਮੀਤ ਬਾਵਾ ਨੇ ਅੱਧੀ ਸਦੀ ਆਪਣੀ ਸਾਫ਼-ਸੁਥਰੀ ਗਾਇਕੀਦੇ ਦਮ 'ਤੇ ਲੋਕਾਂ 'ਤੇ ਰਾਜ ਕੀਤਾ। ਬਾਵਾ ਦੀ ਪ੍ਰਸਿੱਧੀ ਦਾ ਕਾਰਨ ਉਸ ਦੀ 45 ਸਕਿੰਟ ਲੰਬੀ ਹੇਕ ਸੀ, ਜਿਸ ਨੇ ਰਿਕਾਰਡ ਕਾਇਮ ਕਰ ਦਿੱਤਾ।

ਬਾਵਾ ਪਹਿਲੀ ਪੰਜਾਬੀ ਗਾਇਕਾ ਹੈ ਜੋ ਨੈਸ਼ਨਲ ਟੈਲੀਵਿਜ਼ਨ ਚੈਨਲ 'ਤੇ ਆਈ, ਦੂਰਦਰਸ਼ਨ 'ਤੇ ਪੇਸ਼ਕਾਰੀ ਵੀ ਕੀਤੀ। ਗੁਰਮੀਤ ਬਾਵਾ ਜਦ ਗਾਉਣ ਵੇਲੇ ਖੱਬੇ ਹੱਥ ਨੂੰ ਕੰਨ ਉੱਤੇ ਰੱਖ, ਸੱਜੀ ਬਾਂਹ ਉੱਪਰ ਚੁੱਕ ਕੇ, ਜਦ ਲੰਬੀ ਹੇਕ ਲਾਉਂਦੀ ਤਾਂ ਸੁਣਨ ਵਾਲੇ ਸੋਚਾਂ 'ਚ ਡੁੱਬੇ, ਸਿਫ਼ਤਾਂ ਦੇ ਪੁਲ ਬੰਨ੍ਹਣ ਲੱਗ ਜਾਂਦੇ। ਬਾਵਾ ਦੀ ਗਾਇਕੀ 'ਚ ਪੰਜਾਬ ਦਾ ਅਸਲੀ ਸੰਗੀਤ ਹੈ।

**ਕਈ ਪੁਰਸਕਾਰ ਮਿਲੇ -**ਆਪਣੀ ਗਾਇਕੀ ਦੇ ਸਿਰ 'ਤੇ ਗੁਰਮੀਤ ਬਾਵਾ ਨੂੰ ਭਾਰਤ ਸਰਕਾਰ ਵੱਲੋਂ 'ਫੈਸਟੀਵਲ ਆਫ਼ ਇੰਡੀਆ' ਤਹਿਤ ਥਾਈਲੈਂਡ, ਨਿਊਜ਼ੀਲੈਂਡ, ਫਰਾਂਸ,ਕੈਨੇਡਾ, ਆਸਟ੍ਰੇਲੀਆ, ਨਾਈਜ਼ੀਰੀਆ ਸਮੇਤ 32 ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ। ਕਰੀਬ 40 ਦੇਸ਼ਾਂ ਦੇ ਲਗਪਗ ਬਾਵਾ ਨੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਗੁਰਮੀਤ ਬਾਵਾ ਦੀ ਲੰਬੀ ਹੇਕ, ਸਾਫ਼- ਸੁਥਰੀ ਗਾਇਕੀ, ਬੁਲੰਦ ਰਸੀਲੀ ਆਵਾਜ਼ ਸਦਕਾ ਉਨ੍ਹਾਂ ਨੂੰ ਸੈਂਕੜੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ।

**ਮਾਂ-ਬੋਲੀ ਦੀ ਪਿਆਰੀ ਧੀ -** ਗੁਰਮੀਤ ਬਾਵਾ 77 ਸਾਲਾਂ ਨੂੰ ਪਹੁੰਚ ਚੁੱਕੀ ਸੀ। 21 ਨਵੰਬਰ, 2021 ਨੂੰ ਗੁਰਮੀਤ ਬਾਵਾ ਨੇ ਆਖ਼ਰੀ ਸਾਹ ਲਿਆ। ਮਾਂ-ਬੋਲੀ ਪੰਜਾਬੀ ਦੀ ਇਹ ਪਿਆਰੀ ਧੀ ਲੋਕ ਗਾਇਕਾ ਗੁਰਮੀਤ ਬਾਵਾ ਸਦਾ ਅਮਰ ਰਹੇਗੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਦਸੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-719



*'ਛੋਟਾ ਪਰਿਵਾਰ ਸੁਖੀ ਪਰਿਵਾਰ' ਦਾ, ਕਦੇ ਲੱਗਦਾ ਹੁੰਦਾ ਸੀ ਨਾਅਰਾ,*
*ਤਸਵੀਰ ਨੇ ਸੱਚ ਕਰ ਦਿਖਾਇਆ ਹੈ, ਸਾਈਕਲ ਦਾ ਹੁੰਦਾ ਹੈ ਨਜ਼ਾਰਾ।*
*ਚਿਹਰਿਆਂ ਉੱਤੇ ਮੁਸਕਾਨ ਸਭ ਦੇ ਹੈ, ਧੀ ਪੜ੍ਹ ਕੇ ਸ਼ੌਕ ਨਾ਼ਲ ਹੈ ਆਈ,*
*ਨਾ਼ਲੇ 'ਇੱਕ ਪੰਥ ਦੋ ਕਾਜ' ਹੋ ਗਏ ਨੇ, ਪਤਨੀ ਦੀ ਮੁਫ਼ਤ ਸੈਰ ਕਰਾਈ।*

## ਕੈਪਸ਼ਨ ਮੁਕਾਬਲਾ-717



ਦਿੱਤੀਆਂ ਨੇ ਤਿੰਨ ਧੀਆਂ ਰੱਬ ਨੇ,
ਚਿਹਰਿਆਂ 'ਤੇ ਫੁਲਾਂ ਵਾਂਗੂੰ ਮੁਸਕਾਨ ਹੈ
ਤਿੰਨਾਂ ਪਾਏ ਸੂਟ ਸਰ੍ਹੋਂ ਫੁਲੇ,
ਜਿਹੜਾ ਤੱਕ ਲੈਂਦਾ ਉਹ ਹੁੰਦਾ ਹੈਰਾਨ ਹੈ
ਤਿੰਨਾਂ ਜਦ ਲਾਈਨ ਬਣਾਈ,
ਰੌਣਕ ਹੋ ਗਈ ਦੂਣ-ਸਵਾਈ
ਪੜ੍ਹ-ਲਿਖ ਉਹ ਕਰਨ ਤਰੱਕੀਆਂ,
ਇਕ ਦੂਜੀ ਲਈ ਹੋਣ ਸਹਾਈ।
***-ਮਾ. ਪ੍ਰੀਤਮ ਸਿੰਘ ਲੰਮੇਂ***

---

ਤਿੰਨਾਂ ਜਣੀਆਂ ਇਕੱਠੇ ਖੜ੍ਹ ਕੇ
ਫ਼ੋਟੋ ਹੈ ਖਿੱਚਵਾਈ,
ਬਦਾਮੀ ਰੰਗੀਆਂ
ਸਰ੍ਹੋਂ ਦੇ ਫੁੱਲ ਜੇਹੀ ਪੋਜ਼ ਬਣਾਈ।
ਮਾਪਿਆਂ ਨੂੰ ਪਰੀਆਂ ਨੇ
ਧੀਆਂ ਗੱਲ ਹੈ ਸਮਝਾਈ,
ਤਿੱਤਲੀ ਵਾਂਗੂੰ ਹੋਵਣ ਚੰਚਲ
ਘਰ ਘਰ ਰੌਣਕ ਲਾਈ।
***-ਸੇਵਾ ਸਿੰਘ 'ਨੂਰਪੁਰੀ'***

---

ਵਾਂਗ ਸਰ੍ਹੋਂ ਦੇ ਫੁੱਲਾਂ ਖਿੜੀਆਂ
ਤਿੰਨੋਂ ਭੈਣਾਂ ਖੁਸ਼ੀ ਮਨਾਵਣ।
ਨਿੱਕੀ ਤਾਈਂ ਇੰਜਣ ਬਣਾ ਕੇ
ਰੇਲ ਦੇ ਵਾਂਗਰ ਤੁਰੀਆਂ ਜਾਵਣ।
ਚੇਹਰਿਆਂ ਉੱਪਰ ਛਲਕਣ ਹਾਸੇ
ਵੇਖਣ ਵਾਲੇ ਦੇ ਮਨ ਨੂੰ ਭਾਵਣ।
***-ਜਗਮੀਤ ਸਿੰਘ ਪੰਧੇਰ***

---

ਆਸ ਪੁੱਤਰ ਦੀ, ਤਿੰਨ ਆ ਗਈਆਂ।
ਮਾਏ ਬਾਪ ਨੂੰ ਦੰਦਲਾਂ ਪਈਆਂ।
ਆਉਣ ਦੀ ਥਾਂਵੇਂ, ਦਾਜ ਲੈ ਗਈਆਂ।
ਧੀਆਂ ਸਦਾ ਈ ਪਰਾਈਆਂ ਰਹੀਆਂ।
ਮਾਪੇ ਆਖਣ ਘਰ ਅਪਣੇ ਤੂੰ ਜਾਣਾ।
ਸਹੁਰੇ ਆਖਣ ਬਿਗਾਨੀ ਧੀ ਆਣਾ।
ਬਿਗਾਨੀ ਓਹਨਾਂ ਆਪਣਾ ਕਰ ਜਾਣੇ।
ਉਮਰ ਆਪਣੀ ਲਾ ਦਿੱਤੀ ਟਿਕਾਣੇ।
ਅੰਤ ਸਮੇਂ ਜਦ ਛਡ ਤੁਰ ਗਈ ਅੱਗੇ।
ਪੇਕਿਓਂ, ਉਹ ਕਫ਼ਨ ਉਡੀਕਣ ਲੱਗੇ।
ਕੀ ਖੱਟਿਆ ਔਰਤ-ਜੂਨ ਹਾਂ ਆਈ।
ਅਪਣਾਇਆ ਕਿਸੇ ਨਾ, ਰਹੀ ਪਰਾਈ।
***-ਗੁਰਬਖਸ਼ ਸਿੰਘ 'ਨਾਕਾਮ'***

# ਸ਼ਹੀਦਾਂ ਦੇ ਸਿਰਤਾਜ, ਹਿੰਦ ਦੀ ਚਾਦਰ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ



## ਕਿਰਪਾ ਰਾਮ ਉਦਾਸ ਹੈ

ਮਾਕੋਵਾਲ/ਚੱਕ ਨਾਨਕੀ/ਅਨੰਦਪੁਰ ਸਾਹਿਬ 1675,
ਨਮੋਸ਼ੀ ਗ੍ਰਸਿਆ ਉੱਤਰਿਆ ਰੰਗੋਂ ਬਦਰੰਗ ਚਿਹਰਾ,
ਹੀਣਤਾ ਭਰਪੂਰ ਝੁਲਸੀ ਆਤਮਾ,
ਸੀਨੇ ਵਿਚ ਰੜਕਦੀ ਚੀਸ,
ਗਲੇਡੂ ਪਥਰਾਏ ਗੱਲ੍ਹਾਂ ਤੇ...
ਸਿਤਮ ਦੀ ਇਬਾਰਤ ਬੁੱਲ੍ਹਾਂ ਤੇ...
ਉਂਧੀ ਪਾਈਆਂ ਪੁਤਲੀਆਂ,
ਸਹਿਮਿਆ ਖੜ੍ਹਾ ਉਦਾਸ ਕਸ਼ਮੀਰੀ ਪੰਡਤ ਕਿਰਪਾ ਰਾਮ।
ਹੱਥ ਜੋੜਦਾ ਚਰਨੀਂ ਢਹਿ ਪਿਆ
ਗੁਰੂ ਤੇਗ ਬਹਾਦਰ ਦੇ ਦਰਬਾਰ।
'ਬਾਬਾ ਬਕਾਲਾ ਵਾਲਿਆ, ਭਵਜਲ ਚੋਂ ਤਾਰਨ ਹਾਰਿਆ,
ਬੇੜਾ ਡੁੱਬਦਾ ਮੋਢਾ ਦੇ ਤਾਰਿਆ,
ਮੱਖਣ ਸ਼ਾਹ ਲੁਬਾਣੇ ਦਾ ਤੂੰ ਪਤਵਾਰ।
ਸਾਡੀ ਮਦਦ ਕਰੋ ਸਰਕਾਰ।'

ਘੋਰ ਕਲਯੁਗ ਹਿੰਦੂਆਂ ਤੇ ਆਇਆ
ਜੰਨਤ-ਏ-ਕਸ਼ਮੀਰ ਹੋ ਗਿਆ ਪਰਾਇਆ।
ਗਵਰਨਰ ਦਾ ਸ਼ਾਹੀ ਫੁਰਮਾਣੁ...
ਧੋਤੀ ਟੋਪੀ ਜਨੇਊ ਸਭਿਆਚਾਰ ਰੂੜ੍ਹੀ ਰਵਾਇਤਾਂ
ਕਾਫ਼ਰਾਂ ਦਾ ਕਰ ਦਿਓ ਸਫ਼ਾਇਆ।
ਖ਼ਾਲਸ ਇਸਲਾਮੀ ਰਾਜ ਬਣਾਉਣਾ,
ਨਮਾਜ਼ਾਂ ਕਲਮਾ ਪੜ੍ਹੋ, ਸੁੰਨਤ ਕਰਵਾਓ,
ਰੁਤਬੇ ਵਜੀਰੀਆਂ ਲਓ, ਮੂੰਹ ਮੰਗੀਆਂ ਮੁਰਾਦਾਂ ਪਾਓ।
ਕੁਫਰ ਹਨ ਹੋਰ ਧਰਮ ਸਾਰੇ, ਇਸਲਾਮ ਅਪਣਾਓ,
ਜਾਂ ਫਿਰ ਅਜ਼ਮਾਓ ਮੁਗਲ ਸ਼ਾਹੀ ਤਿੱਖੀ ਤਲਵਾਰ।...
ਸਾਡੀ ਰੱਖਿਆ ਕਰੋ ਸਰਕਾਰ।

ਟੈਕਸ ਜਜ਼ੀਆ ਭਾਰੀ ਪੰਡਤਾਂ ਤੇ ਲਾਇਆ,
ਜ਼ਬਰਦਸਤੀ ਕਰਦੇ ਨੇ, ਬੋਹਲ ਵੰਡਾਇਆ,
ਹਿੰਦੂ ਘਰਾਂ ਸ਼ਹਿਰਾਂ ਪਿੰਡਾਂ ਦੀ ਨਾਕਾਬੰਦੀ!
ਬੰਦੀ ਬਣਾ ਲੈ ਜਾਂਦੇ ਪੰਡਤਾਂ ਨੂੰ ਗ਼ੁਲਾਮਾਂ ਵਾਂਗ,
ਸ਼ਾਂਤੀ ਦਾ ਪ੍ਰਤੀਕ ਹਿੰਦੂ ਧਰਮ ਟਾਰਗੈਟ,
ਸੰਖਾਂ ਟੱਲੀਆਂ ਦੀ ਘੁੱਟੀ ਸੰਘੀ,
ਮੰਦਰ ਦੁਆਰੇ ਢਾਹ ਦਿੱਤੇ ਸਾਰੇ,
ਬੇਤਹਾਸ਼ਾ ਕਹਿਰ ਮਚਾਇਆ।
ਦਿਨ-ਦੀਵੀ ਨਿਧੜਕ ਡਾਕੇ, ਥਾਂ ਥਾਂ ਮੱਚੀ ਹਾਹਾਕਾਰ।
ਸਾਡਾ ਜਿਊਣਾ ਦੁੱਭਰ ਦੁਰਕਾਰ। ...
ਸਾਡੀ ਮਦਦ ਕਰੋ ਸਰਕਾਰ।

ਲੈ ਜਾਂਦੇ ਧੂਹ ਕੇ ਜਰਵਾਣੇ ਸਰਕਾਰੀ ਏਜੰਟ ...
ਸਾਡੇ ਕੋਲੋਂ, ਸਾਡੇ ਹੱਥੋਂ ... ਸ਼ਰੇਆਮ ਦਿਨ-ਦੀਵੀ,
ਧੀਆਂ, ਭੈਣਾਂ, ਪਤਨੀਆਂ, ਮਾਵਾਂ ਨੂੰ ਸ਼ਰੇ-ਬਾਜ਼ਾਰ.
ਲੀਰੋ-ਲੀਰ ਕਰਦੇ ਜੱਗ ਜਣਨੀ ਦੀ ਮਰਯਾਦਾ,
ਇੱਜ਼ਤਾਂ ਅਜ਼ਮਤਾਂ ਦਾ ਅੰਨ੍ਹੇਵਾਹ ਖਿਲਵਾੜ.
ਅਬਲਾਵਾਂ ਸੰਗ ਦੁਸ਼ਕਰਮ, ਸਮੂਹਕ ਬਲਾਤਕਾਰ।
ਜੰਨਤ ਦੀਆਂ ਹੂਰਾਂ ਲੱਭਦੇ ਉਜਾੜ ਰਹੇ ਜੰਨਤ।
ਚੋਰਾਂ ਨਾਲ ਰਲ ਗਈ ਕੁੱਤੀ, ਖੇਤਾਂ ਨੂੰ ਖਾਂਦੀ ਵਾੜ।...
ਸਾਡੀ ਮਦਦ ਕਰੋ ਸਰਕਾਰ।

ਗਾਉਂਦੇ ਉੱਲੂ ਕਰੁਣਾਮਈ ਵਿਰਾਨੀਆਂ ਦਾ ਮਰਸੀਆ।
ਗਊ ਗਰੀਬ ਨਿਆਸਰਿਆਂ ਦਾ ਸ਼ੋਸ਼ਣ,
ਸੁੰਦਰ ਹੁਸੀਨ ਵਾਦੀ ਵਿਚ ਜੰਗਲ ਰਾਜ,
ਹੱਕ ਸੱਚ ਨਿਆਂ ਦਾ ਬੰਦ ਕਿਵਾੜ,
ਉੱਭੇ-ਸਾਹ ਲੈਂਦੀ ਇਨਸਾਨੀਅਤ।
ਐਲੀ ਐਲੀ ਕਰਦੇ ਮੁਤਅੱਸਬ ਕੱਟੜਪੰਥੀ,
ਦਿੰਦੇ ਤਾਹਨੇ ਮਿਹਣੇ ਸ਼ਰੇਆਮ,
'ਬੁਲਾਓ ਆਪਣਾ ਪੀਰ ਤਿਲਕ ਜੰਞੂ ਦਾ ਰਾਖਾ,
ਖ਼ੁਦਾ ਬੰਦਾ ਪਰਵਰਦਿਗਾਰ,
ਬਣ ਜਾਵੇ ਮੁਸਲਮਾਨ ਜਾਂ ਦਿਖਾਵੇ ਚਮਤਕਾਰ।...
ਸਾਡੀ ਮਦਦ ਕਰੋ ਸਰਕਾਰ।

ਸਰਕਾਰੀ ਲੋਭ ਲਾਲਚ, ਇਵਜ਼ਾਨਾ, ਹਰਜਾਨਾ!
ਕੀ ਕਿਵੇਂ ਕਦੋਂ ਭਰ ਸਕਦੇ ਨੇ ਇਹ ਖਸਾਰਾ?
ਕੀ ਹੋ ਸਕਦੀ ਹੈ ਸਤ ਭੰਗ ਹੋਣ ਦੀ ਭਰਪਾਈ!
ਕੀ ਹੋ ਸਕਦੀ ਹੈ ਇੱਜ਼ਤਾਂ ਰੋਲਣ ਦੀ ਮੁਜਰਾਈ?
ਕਿਉਂ ਕਰੀਏ ਅਸੀਂ/ਤੁਸੀਂ ਧਰਮ ਪ੍ਰੀਵਰਤਣ?
ਗੁੰਮ-ਸੁੰਮ ਚਿੰਤਾਤੁਰ ਬਾਬਾ ਤੇਗਾ ਮੱਲ, ਢੂੰਡ ਰਿਹਾ ਜੁਆਬ।
ਨਿਰਾਸ਼ ਹੈ ਕਿਰਪਾ ਰਾਮ... ਉਦਾਸ ਹੈ ਗੁਰੂ ਤੇਗ ਬਹਾਦਰ।...

ਗੁਰੂ ਤੇਗ ਬਹਾਦਰ:-
ਇਹ ਹਿੰਦੂ ਧਰਮ ਬਚਾਉਣ ਦਾ ਸਾਕਾ।
ਬਾਲ ਗੋਬਿੰਦ ਨੂੰ ਸਮਝਾਉਣ ਦਾ ਸਾਕਾ।
ਸਿਰ ਆ ਚੜ੍ਹਿਆ ਕਰਤੱਵ ਨਿਭਾਉਣ ਦਾ ਸਾਕਾ।
ਮਤਲਬ... ਦਿੱਲੀ ਨਾਲ ਟਕਰਾਉਣ ਦਾ ਸਾਕਾ।
ਸਰਕਾਰਾਂ ਨਾਲ ਸਿੰਗ ਫਸਾਉਣ ਦਾ ਸਾਕਾ।
ਮਖ਼ਮਲੀ ਅਰਮਾਨ ਲੁਟਾਉਣ ਦਾ ਸਾਕਾ।
ਸ਼ਾਹੀ ਤਾਜ ਕਲਗ਼ੀ ਗਵਾਉਣ ਦਾ ਸਾਕਾ।
ਅੱਗ ਵਿਚ ਹੱਥ ਸੜਵਾਉਣ ਦਾ ਸਾਕਾ
ਆਰੇ ਨਾਲ ਤਨ ਚਿਰਾਉਣ ਦਾ ਸਾਕਾ।
ਦੇਗਾਂ ਵਿਚ ਤਨ ਉਬਲਾਉਣ ਦਾ ਸਾਕਾ।
ਇਹ ਹੈ ਯੁੱਗ ਪਲਟਾਉਣ ਦਾ ਸਾਕਾ।
ਵੱਡੇ ਫ਼ੱਕਰ ਦੀ ਬਲੀ ਦਿਵਾਉਣ ਦਾ ਸਾਕਾ!
ਚਾਂਦਨੀ ਚੌਕ ਵਿਚ ਸੀਸ ਕਟਵਾਉਣ ਦਾ ਸਾਕਾ। ...

ਗੋਬਿੰਦ ਰਾਏ:-
ਸੁਣ ਕੇ ਤਲਖ਼ ਹਕੀਕਤ ਗੋਬਿੰਦ ਰਾਏ,
ਮਲਕੜੇ ਉੱਠ ਗੋਦੀ ਵਿਚ ਆਏ।
ਜਾਓ ਪਿਤਾ ਜੀ ਨਿਸ਼ਚਿੰਤ ਜਾਓ,
ਦੁਖੀਆਂ ਦਾ ਤੁਸੀਂ ਦੀਨ ਬਚਾਓ।
ਹਿੰਦੂਆਂ ਦਾ ਹੋ ਰਿਹਾ ਨਿਰਾਦਰ,
ਸਵੈਮਾਣ ਇਨ੍ਹਾਂ ਦਾ ਬਹਾਲ ਕਰਾਓ.
ਮੇਰਾ ਫ਼ਿਕਰ ਨਾ ਕਰਿਓ ਕੋਈ,
ਮੁਗ਼ਲਾਂ ਨੂੰ ਤੁਸੀਂ ਸਬਕ ਸਿਖਾਓ।
ਤੁਹਾਥੋਂ ਵੱਡਾ ਨਾ ਕੋਈ ਸਰਬੰਸ ਦਾਨੀ,
ਦਿੱਲੀ ਜਾਓ ਸੀਸ ਕਟਾਓ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।

ਗੁਰੂ ਤੇਗ ਬਹਾਦਰ:-
ਸਿਰ ਧੜ ਦੀ ਬਾਜੀ ਲਾਵਾਂਗੇ,
ਅਸੀਂ ਆਪਣਾ ਧਰਮ ਬਚਾਵਾਂਗੇ।
ਗੁਰੂ ਅਰਜਨ ਦੇਵ ਨੂੰ ਦਿੱਲੀ ਨੇ ਪਾਈ,
ਭਾਜੀ ਦਾ ਮੁੱਲ ਚੁਕਾਵਾਂਗੇ।
ਨਾ ਧੌਂਸ ਦੇਣੀ ਨਾ ਮੰਨਣੀ,
ਸੁਨਹਿਰੀ ਮਰਯਾਦਾ ਤੇ ਫੁਲ ਚੜ੍ਹਾਵਾਂਗੇ।
ਪਿਉ ਦਾਦਾ ਦੇ ਗਏ ਨਸੀਹਤ,
ਨਾ ਜਬਰ ਮੂਹਰੇ ਸੀਸ ਝੁਕਾਵਾਂਗੇ।
ਕਹਿ ਦਿਓ ਔਰੰਗਜ਼ੇਬ ਨੂੰ ਜਾ ਕੇ,
ਅਸੀਂ ਝਬਦੇ ਹੀ ਦਿੱਲੀ ਜਾਵਾਂਗੇ।
ਸਿਰ ਧੜ ਦੀ ਬਾਜੀ ਲਾਵਾਂਗੇ,
ਮਨੁੱਖੀ ਹਕੂਕ ਤੇ ਜ਼ਬਰ ਹਟਾਵਾਂਗੇ।
ਸਮੂਹਕ ਸ਼ਹੀਦੀਆਂ ਦੇਵਾਂਗੇ,
ਲੇਂਝ ਔਰੰਗੇ ਦੀ ਪਿਆਸ ਮਿਟਾਵਾਂਗੇ।
ਇੱਟ ਨਾਲ ਇੱਟ ਖੜਕਾਵਾਂਗੇ,
ਕਾਣੀ ਸਰਕਾਰ ਦਾ ਤੁਖ਼ਮ ਮਿਟਾਵਾਂਗੇ।
ਲਾਲ ਕਿਲ੍ਹੇ ਨਾਲ ਮੱਥਾ ਮਾਰਾਂਗੇ,
ਮੁਗਲ ਵੰਸ਼ ਦੇ ਕਿੰਗਰੇ ਢਾਹਵਾਂਗੇ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।'''

***-ਚਰਨਜੀਤ ਸਿੰਘ ਪੰਨੂ ਸਖੀਰਾ,***
***ਕੈਲੀਫੋਰਨੀਆ***

---

## ਕਸ਼ਮੀਰੀ ਪੰਡਤਾਂ ਦੀ ਪੁਕਾਰ

ਜ਼ਾਲਿਮਾਂ ਦੇ ਜ਼ੁਲਮਾਂ ਤੋਂ ਡਾਹਢੇ ਘਬਰਾਏ ਹਾਂ।
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਹਾਕਮ ਨੇ ਮਤਾ ਹੁਣ ਨਵਾਂ ਇਹ ਪਕਾਇਆ ਏ।
'ਸਵਾ ਮਣ ਜੰਞੂ ਲਾਹੁਣੇ' ਹੁਕਮ ਸੁਣਾਇਆ ਏ।
ਗ਼ਲ ਵਿੱਚ ਪੱਲਾ, ਹੰਝੂ ਨੈਣਾਂ 'ਚ ਲੁਕਾਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਡਰਨਾ ਡਰਾਉਣਾ ਦਾਤਾ ਤੇਰੇ ਹਿੱਸੇ ਆਇਆ ਨਹੀਂ।
ਸੱਚੋ ਸੱਚ ਕਹਿਣੋਂ ਇੱਕ ਤੂੰਹੀਉਂ ਘਬਰਾਇਆ ਨਹੀਂ।
ਮਿਲੇ ਨਾਹੀਂ ਢੋਈ, ਬੜੇ ਦੇਵਤੇ ਧਿਆਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਨਾਨਕ ਦਾ ਦਰ ਕਦੇ ਖਾਲੀ ਨਹੀਉਂ ਮੋੜਦਾ।
ਬਣ ਕੇ ਨਿਮਾਣਾ ਆਏ ਜਿਹੜਾ ਹੱਥ ਜੋੜਦਾ।
ਅਸੀਂ ਫਰਿਆਦੀ ਫਰਿਆਦ ਲਿਆਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਸੁਣ ਕੇ ਪੁਕਾਰ ਗੁਰੂ ਸੋਚਾਂ ਵਿੱਚ ਪੈ ਗਏ।
ਪੁੱਤਰ ਦੇ ਬੋਲ ਪਰ ਸੀਨੇ ਵਿੱਚ ਲਹਿ ਗਏ।
'ਆਖੋ ਜਾ ਕੇ ਚੇਲੇ ਨੌਂਵੇਂ ਗੁਰਾਂ ਦੇ ਕਹਾਏ ਹਾਂ'
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

'ਦੀਸ਼' ਇਤਿਹਾਸ ਵਿੱਚ ਪਹਿਲਾ ਇਕਰਾਰ ਸੀ।
ਦੂਜਿਆਂ ਦੇ ਲਈ ਕਿਸੇ ਸੀਸ ਦੇਣਾ ਵਾਰ ਸੀ।
ਸਮਰੱਥ ਗੁਰੂ ਅੱਗੇ ਰੋਏ ਕੁਰਲਾਏ ਹਾਂ
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

***-ਗੁਰਦੀਸ਼ ਕੌਰ ਗਰੇਵਾਲ- ਕੈਲਗਰੀ****

---

## ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਤੁਸੀਂ ਆਏ ਜੁਲਮ ਅਗੇ ਰੂਹਾਨੀਅਤ ਬਣ ਕੇ
ਦਿਲਾਂ ਦੇ ਜਖ਼ਮ ਭਰਣ ਆਏ, ਨੂਰ ਦੀ ਬਾਰਿਸ਼ ਬਣ ਕੇ,

ਸੱਚ ਦੇ ਰਸਤੇ ਤੇ ਕਦਮ ਰੱਖੇ, ਹੌਸਲੇ ਦੀ ਲਾਟ ਜਗਾਈ,
ਤੇਗ ਬਹਾਦਰ ਜੀ, ਤੁਸੀਂ ਆਏ ਰਹਿਮਤਾਂ ਦੀ ਵਰਖਾ ਬਣ ਕੇ।

ਦਿੱਲੀ ਦੇ ਚੌਕ ਨੇ ਵੇਖਿਆ, ਕਿਵੇਂ ਸਿਰ ਨੇ ਸੱਚ ਨਿਭਾਇਆ,
ਇਤਿਹਾਸ ਨੇ ਲਿਖਿਆ—ਹੌਸਲੇ ਦੀ ਤਸਵੀਰ ਬਣ ਕੇ—

ਕੁਫ਼ਰ ਦੀਆਂ ਹਵਾਵਾਂ ਕੰਬੀਆਂ, ਜਦ ਤੁਸੀਂ ਕਹਿਆ "ਨਾ ਡਰੋ,"
ਹਰ ਜ਼ੁਲਮ ਦੇ ਅਗੇ ਖੜ੍ਹ ਗਏ, ਨੂਰ ਦੇ ਤਲਿਸ਼ਮ ਬਣ ਕੇ।

ਪੰਡਿਤਾਂ ਦੀਆਂ ਅੱਖਾਂ ਭਰ ਆਈਆਂ, ਜਦ ਤੁਸੀਂ ਆਸ ਬਣੇ,
ਕਸ਼ਮੀਰ ਦੀ ਰੂਹ ਨੂੰ ਬਚਾਇਆ, ਇੱਕ ਮਸੀਹਾ ਬਣ ਕੇ।

ਤਲਵਾਰ ਨਹੀਂ—ਤੁਹਾਡਾ ਤਰੀਕਾ ਸੀ, ਮੁਹੱਬਤ ਦਾ,
ਕੌਮ ਦੇ ਦਿਲ ਵਿਚ ਵੱਸ ਗਿਆ, ਹਰ ਸਾਹ ਵਿਚ ਤਸਬੀਹ ਬਣ ਕੇ।

ਮੱਖਣ ਸ਼ਾਹ ਲੁਬਾਣੇ ਦਾ ਜਹਾਜ ਬੰਨੇ ਲਾਇਆ
ਆਪਣਾ ਮੋਢਾ ਦੇ ਕੇ
ਕਸ਼ਮੀਰੀ ਪੰਡਤਾ ਲਈ ਸੀਸ ਕਟਵਾ ਦਿਤਾ
ਹਿੰਦ ਦੀ ਚਾਦਰ ਬਣ ਕੇ

ਧੰਨ ਹੋ ਤੁਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਉ,
ਮੇਰੇ ਲੱਖਾਂ ਪਰਣਾਮ ਤੁਹਾਡੀ ਸ਼ਹਾਦਤ ਨੂੰ,
ਅਰਦਾਸ ਹੈ ਤੁਹਾਡੇ ਚਰਨਾਂ 'ਚ
ਸਾਡੇ ਵੀ ਰਾਹ ਸਵਾਰ ਦਿਉ,
ਰਹੋ ਦਿਲਾਂ ਵਿੱਚ ਅਜ਼ਲੀ ਬਣ ਕੇ।

***-ਦੇਵਿੰਦਰ ਕੌਰ ਧਾਲੀਵਾਲ***

---

## ਹਿੰਦ ਦੀ ਚਾਦਰ

ਧੰਨ ਸ੍ਰੀ ਗੁਰੂ ਤੇਗ ਬਹਾਦਰ
ਹਿੰਦ ਦੀ ਚਾਦਰ ਬਾਬੇ ਦੀ
ਜਦ ਵੀ ਅੰਤਰ-ਮੁਗਧ ਹੋ
ਤਸਵੀਰ ਤੁਸੱਵਰ ਕਰਨ ਦਾ
ਯਤਨ ਕੋਈ ਕਰਦਾ ਹਾਂ ਮੈਂ।

ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ
ਤੱਤੀ ਤਵੀ 'ਤੇ ਬੈਠੇ ਸਾਹਵੇਂ
ਸੀਸ 'ਤੇ ਤੱਤੀ ਰੇਤ ਪਵਾਉਂਦੇ
ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ
ਮੀਰੀ ਪੀਰੀ ਦਾ ਮੇਲ ਕਰਾਉਂਦੇ
ਆਪਣੇ ਨਜ਼ਰੀਂ ਧਰਦਾ ਹਾਂ ਮੈਂ।

ਉਨ੍ਹਾਂ ਦੇ ਨੂਰ 'ਚੋਂ ਉੱਠਦੀਆਂ ਕਿਰਨਾਂ
ਆਪ ਦੇ ਨੂਰ ਤੱਕ ਲੈ ਜਾਂਦੀਆਂ ਨੇ।
ਇਲਾਹੀ ਕਿਰਨਾਂ ਦੀ ਚਕਾ-ਚੌਂਧ 'ਚ
ਅੱਖਾਂ ਮੇਰੀਆਂ ਚੁੰਧਿਆ ਜਾਂਦੀਆਂ ਨੇ।
ਤਸਵੀਰ ਆਪ ਦੀ ਤੁਸੱਵਰ ਕਰਨ ਦਾ
ਮੁੜ ਮੁੜ ਯਤਨ ਕਰਦਾ ਹਾਂ ਮੈਂ।

ਅਗਲੀ ਵੇਰ ਸਿੱਧਾ ਫੇਰ
ਜਦ ਚਾਂਦਨੀ ਚੌਂਕ ਦਿੱਲੀ ਵੱਲ ਨੂੰ
ਰੁਖ ਆਪਣਾ ਕਰਦਾ ਹਾਂ ਮੈਂ।
ਉੱਥੇ ਆਪ ਦੇ ਦਰਸ਼ਨਾਂ ਦੀ
ਤਾਂਘ ਪੂਰੀ ਕਰਨ ਲਈ ਆਪਣੀ
ਹਿੰਮਤ ਜੁਟਾਉਣ ਲਗਦਾ ਹਾਂ ਮੈਂ।

ਲਾਲ ਹਨੇਰੀ, ਝੱਖੜ ਸਾਹਮਣੇ
ਪੂਰੀ ਤਰ੍ਹਾਂ ਬੇਵੱਸ, ਬੇਖ਼ਬਰ ਹੋ
ਜਿਸ ਥਾਂ ਆਪ ਦਿੱਤੀ ਸ਼ਹੀਦੀ
ਮਰਕਜ਼ 'ਤੇ ਮਸਤਕ ਧਰਦਿਆਂ
ਆਪਣੇ ਆਪ ਨੂੰ ਤੱਕਦਾ ਹਾਂ ਮੈਂ।

ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ
ਸ਼ਹੀਦੀ ਆਪ ਤੋਂ ਵਿਰਸੇ 'ਚ ਲੈ ਕੇ
ਸਮੁੱਚਾ ਪਰਿਵਾਰ ਸ਼ਹੀਦ ਕਰਵਾ ਕੇ
ਪੜਦਾਦਾ ਜੀ ਵੱਲੋਂ ਸਿੱਖ ਕੌਮ ਲਈ
ਸ਼ਹੀਦੀ ਦੀ ਪਾਈ ਮਹਾਨ ਪ੍ਰਥਾ 'ਤੇ
ਸਜਾਇਆ ਪੰਥ ਖਾਲਸਾ ਤੱਕਦਾ ਹਾਂ ਮੈਂ।

ਜ਼ਾਲਮ ਔਰੰਗਜ਼ੇਬ ਨੂੰ ਠੱਲ੍ਹ ਪਾਉਣ ਲਈ
ਹਿੰਦੂ ਧਰਮ ਦੀ ਹੋਂਦ ਬਚਾਉਣ ਲਈ
ਦਿੱਤੀ ਆਪ ਦੀ ਲਾਸਾਨੀ ਕੁਰਬਾਨੀ ਨੂੰ
ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ ਮੈਂ।

ਆਪ ਦਾ ਚਿਤਵਨ ਕਰਦੇ ਸਮੇਂ
ਆਪ ਦੀ ਯਾਦ 'ਚ ਗੜੂੰਦ ਹੋ ਕੇ
ਤਸਵੀਰ ਆਪ ਦੀ ਤੁਸੱਵਰ ਕਰਨ ਦਾ
ਮੁੜ-ਮੁੜ ਯਤਨ ਕਰਦਾ ਹਾਂ ਮੈਂ।
ਆਪ ਜੀ ਦੇ ਲਾਸਾਨੀ ਸ਼ਹੀਦੀ ਦਿਨ 'ਤੇ
ਨਿਮਾਣਾ ਜਿਹਾ ਪੈਰੋਕਾਰ ਆਪ ਦਾ
ਸਾਰੇ ਜਗਤ ਦੇ ਗੁਰਸਿੱਖਾਂ ਨੂੰ
ਲੱਖ-ਲੱਖ ਵਧਾਈ ਪੇਸ਼ ਕਰਦਾ ਹਾਂ ਮੈਂ।

***-ਪ੍ਰਿੰ.ਸਵਿੰਦਰ ਸਿੰਘ ਚਾਹਲ***

# ਕਾਵਿ-ਕਿਆਰੀ

## .ਗੁਰਬਤ

ਮਾਏ ਨੰਗ-ਧੜੰਗੇ ਬਾਲ ਦੀਏ!
ਕੁਝ ਸੋਚਦੀਏ ਕੁਝ ਭਾਲਦੀਏ!
ਜੋ ਲਿਪਟੀਆਂ ਤੇਰੇ ਤਨ ਉੱਤੇ,
ਉਨ੍ਹਾਂ ਲੀਰਾਂ ਨੂੰ ਸੰਭਾਲਦੀਏ।

ਹੈ ਯਾਦ ਵੀ ਆਈ ਜਵਾਨੀ ਸੀ?
ਜੋ ਰੁੱਤ ਬੜੀ ਮਸਤਾਨੀ ਸੀ।
ਕਦੇ ਚੁੱਕੇ ਤੇਰੇ ਨਖ਼ਰੇ ਸਨ
ਭੀ ਜੀ ਤੇਰੇ ਦਾ ਜਾਨੀ ਸੀ?
ਖਾਤਰ ਤੂੰ ਦੋ ਕੁ ਟੁੱਕਰਾਂ ਦੇ,
ਜਿੰਦ ਆਪਣੀ ਨੂੰ ਗਾਲਦੀਏ।

ਕੀ ਸੋਚਿਐ ਤੇਰੇ ਇਸ ਬੱਚੜੇ 'ਤੇ
ਚੇਤਰ ਦੀ ਪੌਣ ਵੀ ਮੌਲੇਗੀ?
ਫੁੱਲ ਉੱਗਣ ਉਹਦੇ ਵਿਹੜੇ ਵੀ
ਸਰਕਾਰ ਸਮੇਂ ਦੀ ਗੌਲੇਗੀ?

ਦਿਲ ਰੁਕ ਜਾਂਦਾ ਜਦ ਯਾਦ ਆਵੇ,
ਨਿਰੁੱਤਰੇ ਏਸ ਸਵਾਲ ਦੀ ਏ।

ਹਨ ਤੇਰੇ ਜੇਹੇ ਲੱਖ ਏਥੇ।
ਜਿਉਂ ਰੁਲਦੇ ਵੇਖੇ ਕੱਖ ਏਥੇ।
ਸਾਰ ਨਾ ਲੈਂਦਾ ਹੈ ਕੋਈ,
ਤੁਰ ਜਾਂਦੇ ਮੁਹਰਾ ਚੱਖ ਏਥੇ।
ਉਮਰਾ ਧੱਕੇ ਖਾਂਦੀ ਦਾ,
ਨਾਂ ਲੈਂਦੇ ਜੋਬਨ ਰੱਖ ਏਥੇ।
ਗੱਲ ਛੇੜ ਨਾ ਤੇਰਾ ਭਲਾ ਹੋਵੇ,
ਹਾਏ ਹਾਉਕਾ ਚੁਲ੍ਹੇ ਬਾਲਦੀਏ।

ਏਥੇ ਨੇਤਾ ਦੁਧੀਂ ਧੋਤੇ ਨੇ।
ਲੋਕਾਂ ਸਿਰ ਦੋਸ਼ ਹੀ ਮੜ੍ਹਦੇ ਨੇ।

ਹਰ ਦਿਨ ਇੰਜ ਹੀ ਚੜ੍ਹਦਾ ਏ,
ਇਉਂ ਰਾਤੀਂ ਤਾਰੇ ਚੜ੍ਹਦੇ ਨੇ।
ਇਸੇ ਰੌਲੇ-ਰੱਪੇ ਭਗਦੜ ਦੀ,
ਗੱਲ ਹਰ ਚੜ੍ਹਦੇ ਸਾਲ ਦੀ ਏ।

ਮੈਨੂੰ ਰੋਸ ਹੈ ਅਤਿ ਅਮੀਰੀ ਦਾ।
ਤੇ ਸੋਗ ਹੈ ਕੋਰੀ ਗਰੀਬੀ ਦਾ।
ਸੋਨੇ ਦੀ ਲੋਹੇ ਨਾਲ ਹੈ ਜੋ
ਦਰਦ ਹੈ ਓਸ ਰਕੀਬੀ ਦਾ।
ਸੋਨਾ ਤੇ ਲੋਹਾ ਰਲ ਜੀਵਣ
ਗੱਲ ਬਣਦੀ ਤਾਂ ਹੀ ਕਮਾਲ ਦੀ ਏ।

***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

# 2025 ਦੌਰਾਨ ਹਰਿਆਣੇ 'ਚ ਛਪੀਆਂ ਪੁਸਤਕਾਂ ਦਾ ਲੇਖਾ-ਜੋਖਾ



**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

ਅੱਜ ਦਾ ਦੌਰ ਸੋਸ਼ਲ ਮੀਡੀਆ ਦਾ ਦੌਰ ਹੈ। ਨਿੱਕੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗਾਂ ਤਕ; ਸਭ ਦੇ ਹੱਥਾਂ ਵਿਚ ਮੋਬਾਈਲ ਫੋਨ ਹਨ। ਸਕਰੀਨ ਦੇ ਇਸ ਯੁੱਗ ਵਿਚ ਲਿਖਤ ਦਾ ਆਪਣੀ ਹੋਂਦ ਨੂੰ ਬਚਾਈ ਰੱਖਣਾ ਮੁਸ਼ਕਿਲ ਕਾਰਜ ਬਣ ਗਿਆ ਹੈ। ਪਰੰਤੂ! ਬਾਵਜੂਦ ਇਸ ਚੁਣੌਤੀ ਦੇ; ਲਿਖਤ (ਪੁਸਤਕ, ਅਖ਼ਬਾਰ ਤੇ ਰਸਾਲੇ) ਅੱਜ ਵੀ ਪਾਠਕਾਂ ਦੇ ਜ਼ਿਹਨ ਵਿਚ ਆਪਣੀ ਛਾਪ ਨੂੰ ਬਰਕਰਾਰ ਰੱਖੀ ਬੈਠੇ ਹਨ। ਹਾਲਾਂਕਿ 'ਸਕਰੀਨ' ਨੇ ਇਸ ਖੇਤਰ ਨੂੰ ਢਾਹ ਜ਼ਰੂਰ ਲਾਈ ਹੈ ਪਰ! ਅਜੇ ਪੂਰੀ ਤਰ੍ਹਾਂ ਹਨੇਰਾ ਨਹੀਂ ਛਾਇਆ। ਲੋਕ ਅਜੇ ਵੀ ਪੁਸਤਕਾਂ, ਅਖ਼ਬਾਰਾਂ ਤੇ ਰਸਾਲਿਆਂ ਨਾਲ ਸਾਂਝ ਪਾਈ ਬੈਠੇ ਹਨ।


ਖ਼ੌਰੇ! ਇਹੋ ਕਾਰਨ ਹੈ ਕਿ ਸਾਹਿਤ ਜਗਤ ਵਿਚ ਹਰ ਸਾਲ ਵੱਡੀ ਗਿਣਤੀ ਵਿਚ ਪੁਸਤਕਾਂ ਦੀ ਪ੍ਰਕਾਸ਼ਨਾ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਪੁਸਤਕਾਂ ਦੀ ਚਰਚਾ ਅਖ਼ਬਾਰਾਂ, ਰਸਾਲਿਆਂ ਅਤੇ ਸੋਸ਼ਲ-ਮੀਡੀਆ ਤੇ ਦੇਖਣ-ਸੁਣਨ ਨੂੰ ਮਿਲਦੀ ਹੈ ਅਤੇ ਕੁਝ ਪੁਸਤਕਾਂ ਸਿਰਫ਼ ਲੇਖਕਾਂ, ਪ੍ਰਕਾਸ਼ਕਾਂ ਅਤੇ ਨਜ਼ਦੀਕੀ ਦੋਸਤਾਂ-ਮਿੱਤਰਾਂ ਤਕ ਹੀ ਪਹੁੰਚ ਬਣਾ ਪਾਉਂਦੀਆਂ ਹਨ ਅਤੇ ਫਿਰ ਘਰਾਂ ਦੇ ਖੂੰਜਿਆਂ 'ਚ ਪਈਆਂ ਪਾਠਕਾਂ ਦੀ ਉਡੀਕ ਕਰਦੀਆਂ ਰਹਿੰਦੀਆਂ ਹਨ। ਖ਼ੈਰ!


ਪੰਜਾਬ ਦੇ ਨਾਲ-ਨਾਲ ਹਰਿਆਣੇ ਵਿਚ ਹੀ ਹਰ ਸਾਲ ਪੰਜਾਬੀ ਪੁਸਤਕਾਂ ਦੀ ਪ੍ਰਕਾਸ਼ਨਾ ਹੁੰਦੀ ਹੈ, (ਪਿਛਲੇ ਲਗਭਗ ਦਸ ਸਾਲਾਂ ਦੇ ਅਨੁਭਵ ਦੇ ਆਧਾਰ 'ਤੇ) ਇਨ੍ਹਾਂ ਪੰਜਾਬੀ ਪੁਸਤਕਾਂ ਦੀ ਗਿਣਤੀ ਅਮੂਮਨ ਇੱਕ ਦਰਜਨ ਤੇ ਆਸ-ਪਾਸ ਹੀ ਰਹਿੰਦੀ ਹੈ। ਹਰਿਆਣੇ ਵਿਚ ਪੰਜਾਬੀ ਭਾਈਚਾਰਾ ਵੱਡੀ ਗਿਣਤੀ ਵਿਚ ਵੱਸਦਾ ਹੈ (ਲਗਭਗ 18 ਲੱਖ) ਦੇ ਕਰੀਬ ਪੰਜਾਬੀਆਂ ਦੀ ਗਿਣਤੀ ਦਾ ਅੰਦਾਜ਼ਾ ਹੈ। ਅੰਬਾਲਾ, ਕੁਰੂਕਸ਼ੇਤਰ, ਕਰਨਾਲ, ਯਮੁਨਾਨਗਰ ਅਤੇ ਸਿਰਸਾ ਪੰਜਾਬੀ ਵੱਸੋਂ ਵਾਲੇ ਜ਼ਿਲ੍ਹੇ ਹਨ। ਖ਼ੈਰ! ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਹਰਿਆਣੇ ਅੰਦਰ ਸਾਲ-2025 ਦੌਰਾਨ ਛਪੀਆਂ ਪੰਜਾਬੀ ਪੁਸਤਕਾਂ ਬਾਰੇ ਸੰਖੇਪ ਰੂਪ ਵਿਚ ਚਰਚਾ ਕਰਨਾ ਹੈ ਤਾਂ ਕਿ ਮੁੱਖਧਾਰਾ ਦੇ ਪੰਜਾਬੀ ਲੇਖਕਾਂ ਅਤੇ ਪਾਠਕਾਂ ਨੂੰ ਹਰਿਆਣੇ ਦੇ ਪੰਜਾਬੀ ਪੁਸਤਕ ਸੱਭਿਆਚਾਰ ਬਾਰੇ ਪਤਾ ਲੱਗ ਸਕੇ।


**ਸਾਲ- 2025 ਦੌਰਾਨ ਹਰਿਆਣੇ ਦੇ ਲੇਖਕਾਂ ਦੀਆਂ ਛਪੀਆਂ ਪੰਜਾਬੀ ਪੁਸਤਕਾਂ:-**


**(1) ਕੌਣ ਲਿਖੂ ਸਿਰਨਾਵਾਂ? (2) ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ- ਲੇਖਕ ਡਾ. ਸੁਦਰਸ਼ਨ ਗਾਸੋ**

ਅੰਬਾਲੇ ਰਹਿੰਦੇ ਸੇਵਾਮੁਕਤ ਪ੍ਰੋਫ਼ੈਸਰ ਡਾ. ਸੁਦਰਸ਼ਨ ਗਾਸੋ ਦੀਆਂ ਦੋ ਪੰਜਾਬੀ ਪੁਸਤਕਾਂ ਇਸ ਸਾਲ ਪ੍ਰਕਾਸ਼ਿਤ ਹੋਈਆਂ ਹਨ। ਇੱਕ ਕਾਵਿ-ਸੰਗ੍ਰਹਿ 'ਕੌਣ ਲਿਖੂ ਸਿਰਨਾਵਾਂ? ਤੇ ਦੂਜੀ ਪੁਸਤਕ 'ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ।' ਸੁਦਰਸ਼ਨ ਗਾਸੋ ਜਿੱਥੇ ਵਧੀਆ ਕਵੀ ਹਨ ਉੱਥੇ ਹੀ ਉੱਘੇ ਆਲੋਚਕ ਵੀ ਹਨ। ਹਰਿਆਣੇ ਅੰਦਰ ਪੰਜਾਬੀ ਭਾਸ਼ਾ ਦੀ ਦਸ਼ਾ, ਦਿਸ਼ਾ ਅਤੇ ਦਰਪੇਸ਼ ਚੁਣੌਤੀਆਂ ਨੂੰ ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚਲੇ ਬਹੁਤੇ ਲੇਖ ਪੰਜਾਬੀ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ ਚੁਕੇ ਹਨ। ਲੇਖਕ ਨੇ ਇਹ ਲੇਖ ਇਕੱਤਰ ਕਰਕੇ ਪੁਸਤਕ ਰੂਪ ਵਿਚ ਸੰਭਾਲੇ ਹਨ ਤਾਂ ਕਿ ਪਾਠਕਾਂ ਦੇ ਕੰਮ ਆ ਸਕਣ।




**ਯਾਰੜਿਆ (ਕਾਵਿ-ਸੰਗ੍ਰਹਿ) - ਲੇਖਿਕਾ ਛਿੰਦਰ ਕੌਰ ਸਿਰਸਾ**

ਸਿਰਸੇ ਰਹਿੰਦੀ ਸ਼ਾਇਰਾ 'ਛਿੰਦਰ ਕੌਰ ਸਿਰਸਾ' ਦਾ ਕਾਵਿ-ਸੰਗ੍ਰਹਿ 'ਯਾਰੜਿਆ' ਵੀ ਇਸ ਸਾਲ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਸ਼ਾਇਰਾ ਨੇ ਜਿੱਥੇ ਔਰਤ ਮਨ ਦੇ ਕੋਮਲ ਵਲਵਲਿਆਂ ਨੂੰ ਖ਼ੂਬਸੂਰਤ ਲਫ਼ਜ਼ਾਂ ਵਿਚ ਪਰੋਇਆ ਹੈ ਉੱਥੇ ਹੀ ਅਜੋਕੇ ਦੌਰ ਵਿਚ ਮਨੁੱਖ ਦੇ 'ਮਸ਼ੀਨ' ਬਣਨ ਨੂੰ ਵੀ ਚਿੱਤਰਿਆ ਹੈ। ਛਿੰਦਰ ਦੀ ਸ਼ਬਦਾਵਲੀ ਪੇਂਡੂ ਧਰਾਤਲ ਨਾਲ ਜੁੜੀ ਹੋਈ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਬਾਬਲ ਦੇ ਵਿਹੜੇ ਦੀ ਸੁਖ ਮੰਗਦੀ ਦਿਖਾਈ ਦਿੰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਪ੍ਰੀਤਮ ਦੇ ਵਿਯੋਗ ਦੀ ਪੀੜ ਨੂੰ ਦੇਖਿਆ ਜਾ ਸਕਦਾ ਹੈ।

**(1) ਮਾਣੋ ਬਿੱਲੀ (2) ਉਮੀਦ ਦੀ ਕਿਰਨ- ਲੇਖਕ ਅਨਿਲ ਕੁਮਾਰ ਸੌਦਾ**

ਅਨਿਲ ਕੁਮਾਰ ਸੌਦਾ ਦੀਆਂ ਦੋ ਪੰਜਾਬੀ ਪੁਸਤਕਾਂ ਵੀ ਇਸੇ ਸਾਲ ਪ੍ਰਕਾਸ਼ਿਤ ਹੋਈਆਂ ਹਨ। ਇੱਕ ਬਾਲ ਕਾਵਿ-ਸੰਗ੍ਰਹਿ 'ਮਾਣੋ ਬਿੱਲੀ' ਤੇ ਦੂਜਾ ਪ੍ਰੇਰਣਾਦਾਇਕ ਨਾਅਰਿਆਂ ਦੀ ਪੁਸਤਕ 'ਉਮੀਦ ਦੀ ਕਿਰਨ'। 'ਮਾਣੋ ਬਿੱਲੀ' ਵਿਚ ਬਾਲ ਮਨ ਨਾਲ ਸੰਬੰਧਤ ਨਿੱਕੀਆਂ ਕਵਿਤਾਵਾਂ ਦੀ ਸਿਰਜਣਾ ਕੀਤੀ ਗਈ ਹੈ। ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਬਾਰੇ ਜਾਗਰੂਕ ਕੀਤਾ ਗਿਆ ਹੈ ਤੇ ਪੜ੍ਹਾਈ ਦੀ ਅਹਿਮੀਅਤ ਬਾਰੇ ਪਾਠ ਪੜ੍ਹਾਇਆ ਗਿਆ ਹੈ। ਪ੍ਰੇਰਣਾਦਾਇਕ ਨਾਅਰਿਆਂ ਦੀ ਪੁਸਤਕ ਵਿਚ ਵੀ ਲੇਖਕ ਨੇ ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਨੂੰ ਛੋਟੇ-ਛੋਟੇ ਨਾਅਰਿਆਂ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

**ਨਸ਼ਤੂਰ (ਪੰਜਾਬੀ- ਹਿੰਦੀ ਸਾਂਝਾ ਕਾਵਿ-ਸੰਗ੍ਰਹਿ)- ਲੇਖਕ ਅਨਿਲ ਖ਼ਿਆਲ**

ਕਰਨਾਲ ਰਹਿੰਦੇ ਲੇਖਕ ਅਨਿਲ ਖ਼ਿਆਲ ਦਾ ਪੰਜਾਬੀ- ਹਿੰਦੀ ਸਾਂਝਾ ਕਾਵਿ-ਸੰਗ੍ਰਹਿ 'ਨਸ਼ਤੂਰ' ਵੀ ਇਸੇ ਸਾਲ ਪ੍ਰਕਾਸ਼ਿਤ ਹੋਇਆ ਹੈ। ਇਸ ਕਾਵਿ-ਸੰਗ੍ਰਹਿ ਵਿਚ ਸ਼ਾਇਰ ਨੇ ਜਿੱਥੇ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਬਿਆਨ ਕੀਤਾ ਹੈ ਉੱਥੇ ਹੀ ਮਨੁੱਖੀ ਮਨ ਦੀਆਂ ਕੋਮਲ ਸੰਵੇਦਨਾਵਾਂ ਨੂੰ ਵਧੀਆ ਸ਼ਬਦਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਪੇਸ਼ ਕਵਿਤਾਵਾਂ ਜਿਵੇਂ ਕਿ ਸ਼ਹਿਦ, ਹੁਕਮ ਦਾ ਰੰਗ, ਰਾਜਾ ਅਤੇ ਥੱਕੀਆਂ ਰਾਹਾਂ ਆਦਿਕ ਨੂੰ ਪੜ੍ਹ ਕੇ ਸ਼ਾਇਰ ਦੇ ਬਹੁਪੱਖੀ ਵਿਸ਼ਾ ਚੋਣ ਦਾ ਪਤਾ ਲੱਗਦਾ ਹੈ। ਸ਼ਾਇਰ ਆਪਣੀ ਕਲਮ ਰਾਹੀਂ ਜਿੱਥੇ ਹਾਕਮ ਧਿਰ ਨੂੰ ਸਵਾਲ ਪੁੱਛਦਾ ਹੈ ਉੱਥੇ ਹੀ ਲੋਕਾਂ ਨੂੰ ਜਗਾਉਣ ਦਾ ਯਤਨ ਕਰਦਾ ਵੀ ਦਿਖਾਈ ਦਿੰਦਾ ਹੈ।

**ਉੱਚੀਆਂ ਉਡਾਰੀਆਂ (ਬਾਲ ਕਹਾਣੀ-ਸੰਗ੍ਰਹਿ)-ਲੇਖਿਕਾ ਮੀਨਾ ਨਵੀਨ**

ਅੰਬਾਲੇ ਰਹਿੰਦੀ ਅਧਿਆਪਕਾ ਮੀਨਾ ਨਵੀਨ ਦਾ ਬਾਲ ਕਹਾਣੀ-ਸੰਗ੍ਰਹਿ 'ਉੱਚੀਆਂ ਉਡਾਰੀਆਂ' ਵੀ ਇਸੇ ਸਾਲ ਪ੍ਰਕਾਸ਼ਿਤ ਹੋਇਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਲੇਖਿਕਾ ਨੇ ਸਕੂਲੀ ਬੱਚਿਆਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਹੈ। 'ਵੱਡੀ ਮਾਂ' ਕਹਾਣੀ ਵਿਚ ਲੇਖਿਕਾ ਪੜ੍ਹਾਈ ਨੂੰ ਮਾਂ ਤੋਂ ਵੀ ਉੱਚਾ ਦਰਜਾ ਦਿੰਦੀ ਹੈ। ਅਸਲ ਵਿਚ ਮੀਨਾ ਨਵੀਨ ਦੇ ਕਹਾਣੀਆਂ ਦੇ ਪਾਤਰ ਉਸਦੇ ਆਲੇ-ਦੁਆਲੇ ਘੁੰਮਦੇ ਲੋਕ ਅਤੇ ਉਸਦੇ ਸਕੂਲ ਦੇ ਵਿਦਿਆਰਥੀ ਹੀ ਹਨ। ਉਹ ਆਪਣੇ ਆਸ-ਪਾਸ ਘਟਿਤ ਘਟਨਾਵਾਂ ਨੂੰ ਆਪਣੀ ਕਲਮ ਰਾਹੀਂ ਪਾਠਕਾਂ ਤਕ ਪਹੁੰਚਾਉਣ ਦਾ ਕਾਰਜ ਬਹੁਤ ਵਧੀਆ ਢੰਗ ਨਾਲ ਕਰ ਰਹੀ ਹੈ।

**ਭਗਤ ਸਿੰਘ ਹੁਣ ਸੰਧੂ ਹੋਇਆ (ਕਾਵਿ-ਸੰਗ੍ਰਹਿ)- ਲੇਖਕ ਨਿਸ਼ਾਨ ਸਿੰਘ ਰਾਠੌਰ**

ਲੇਖਕ ਡਾ. ਨਿਸ਼ਾਨ ਸਿੰਘ ਰਾਠੌਰ ਦੀ ਪੰਜਵੀਂ ਪੁਸਤਕ 'ਭਗਤ ਸਿੰਘ ਹੁਣ ਸੰਧੂ ਹੋਇਆ' ਵੀ ਇਸੇ ਸਾਲ ਪ੍ਰਕਾਸ਼ਿਤ ਹੋਈ ਪੰਜਾਬੀ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿਚ ਜਿੱਥੇ ਸਮਾਜਿਕ ਜੀਵਨ ਨਾਲ ਸੰਬੰਧਤ ਕਵਿਤਾਵਾਂ ਸਿਰਜੀਆਂ ਗਈਆਂ ਹਨ ਉੱਥੇ ਹੀ ਭ੍ਰਿਸ਼ਟਾਚਾਰ, ਰਿਸ਼ਵਤਖ਼ੋਰੀ, ਬੇਈਮਾਨੀ, ਧੱਕੇਸ਼ਾਹੀ, ਤਾਨਾਸ਼ਾਹੀ, ਅਨਿਆਂ, ਭਰੂਣ-ਹੱਤਿਆ, ਗਲੋਬਲ ਵਾਰਮਿੰਗ ਅਤੇ ਦਲਿਤ ਚੇਤਨਾ ਨਾਲ ਸੰਬੰਧਤ ਵਿਸ਼ੇ ਉਠਾਏ ਗਏ ਹਨ। ਸ਼ਾਇਰ ਕਹਿੰਦਾ ਹੈ ਕਿ ਅੱਜ ਅਸੀਂ ਆਪਣੇ ਸੂਰਬੀਰ-ਯੋਧਿਆਂ ਨੂੰ ਵੀ ਜਾਤਾਂ-ਗੋਤਾਂ ਦੇ ਬੰਧਨਾਂ ਵਿਚ ਬੰਨ੍ਹ ਲਿਆ ਹੈ;

'ਭਗਤ ਸਿੰਘ ਹੁਣ ਸੰਧੂ ਹੋਇਆ/ਊਧਮ ਸਿੰਘ ਕੰਬੋਜ,
ਸੂਰਬੀਰਾਂ ਨੂੰ ਵੰਡੀ ਜਾਵਣ/ ਲੋਕ ਇੱਥੇ ਹਰ ਰੋਜ।' (ਪੰਨਾ- 13)

ਇਸ ਕਾਵਿ-ਸੰਗ੍ਰਹਿ ਵਿਚ ਫ਼ੌਜੀ ਜੀਵਨ ਨਾਲ ਸੰਬੰਧਤ ਕੁਝ ਕਵਿਤਾਵਾਂ ਦੀ ਸਿਰਜਣਾ ਵੀ ਕੀਤੀ ਗਈ ਹੈ। ਅਸਲ ਵਿਚ ਲੇਖਕ ਖ਼ੁਦ ਫ਼ੌਜੀ ਅਫ਼ਸਰ ਹੈ ਇਸ ਲਈ ਉਹ ਫ਼ੌਜੀ ਹਾਲਾਤ ਨੂੰ ਵਧੇਰੇ ਨੇੜੇ ਤੋਂ ਜਾਣਦਾ ਹੈ। ਉਹ ਇਸ ਵਕਤ ਕਿੱਥੇ ਹੈ?, ਸੁਰੱਖਿਆ ਕਾਰਨਾਂ ਕਰਕੇ ਦੱਸਣਾ ਵਾਜਬ ਨਹੀਂ। ਪਰ! ਉਸਦਾ ਪੱਕਾ ਟਿਕਾਣਾ ਕੁਰੂਕਸ਼ੇਤਰ ਹੈ।

(1) ਮਿੱਟੀ ਬੋਲ ਪਈ (ਬਾਲ ਨਾਟਕ-ਸੰਗ੍ਰਹਿ) (2) ਸਿੱਲ੍ਹੀਆਂ ਅੱਖਾਂ (ਮਿੰਨੀ ਕਹਾਣੀ-ਸੰਗ੍ਰਹਿ) - ਲੇਖਿਕਾ ਮਨਜੀਤ ਕੌਰ ਅੰਬਾਲਵੀ

ਅੰਬਾਲੇ ਰਹਿੰਦੀ ਲੇਖਿਕਾ 'ਮਨਜੀਤ ਕੌਰ ਅੰਬਾਲਵੀ' ਦੀ ਬਾਲ-ਨਾਟਕਾਂ ਦੀ ਪੁਸਤਕ 'ਮਿੱਟੀ ਬੋਲ ਪਈ' ਤੇ ਮਿੰਨੀ ਕਹਾਣੀ-ਸੰਗ੍ਰਹਿ 'ਸਿੱਲ੍ਹੀਆਂ ਅੱਖਾਂ' ਵੀ ਇਸੇ ਸਾਲ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਹਨ। ਮਨਜੀਤ ਕੌਰ ਅੰਬਾਲਵੀ ਦਾ ਮੁੱਖ ਸਿਰਜਣਾ ਖ਼ੇਤਰ ਬਾਲ ਸਾਹਿਤ ਨਾਲ ਜੁੜਿਆ ਹੋਇਆ ਰਿਹਾ ਹੈ। ਇਸ ਤੋਂ ਪਹਿਲਾਂ ਉਹ ਇੱਕ ਬਾਲ ਕਾਵਿ-ਸੰਗ੍ਰਹਿ ਦੀ ਰਚਨਾ ਵੀ ਕਰ ਚੁਕੇ ਹਨ। ਇਸ ਲਈ ਉਹ ਬਾਲ ਮਨ ਨੂੰ ਵਧੇਰੇ ਚੰਗੀ ਤਰ੍ਹਾਂ ਅਤੇ ਨੇੜੇ ਤੋਂ ਸਮਝਦੇ ਹਨ ਅਤੇ ਸਿਰਜਣਾ ਕਰਦੇ ਹਨ। 'ਸਿੱਲ੍ਹੀਆਂ ਅੱਖਾਂ' ਵਿਚ ਕੁਲ-50 ਮਿੰਨੀ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਨ੍ਹਾਂ ਕਹਾਣੀਆਂ ਵਿਚ ਅਜੋਕੇ ਸਮਾਜਿਕ ਪ੍ਰਸੰਗ ਦੀ ਗੱਲ ਵਧੀਆ ਢੰਗ ਨਾਲ ਕੀਤੀ ਗਈ ਹੈ।

**ਸਾਡਾ ਲੋਕ ਵਿਰਸਾ (ਸੁਹਾਗ, ਘੋੜੀਆਂ, ਮਾਹੀਏ ਅਤੇ ਟੱਪੇ)- ਲੇਖਿਕਾ ਡਾ. ਚਰਨਜੀਤ ਕੌਰ**

ਡਾ. ਚਰਨਜੀਤ ਕੌਰ ਦੀ ਬਹੁਤੀ ਸਿਰਜਣਾ ਲੋਕਧਾਰਾ ਸਾਹਿਤ ਨਾਲ ਜੁੜੀ ਹੋਈ ਹੈ। ਉਨ੍ਹਾਂ ਆਪਣੀ ਸਾਹਿਤਕ ਯਾਤਰਾ ਦਾ ਬਹੁਤਾ ਕਾਰਜ ਪੰਜਾਬੀ ਲੋਕ ਗੀਤਾਂ, ਘੋੜੀਆਂ ਸੁਹਾਗ ਅਤੇ ਟੱਪਿਆਂ ਉੱਪਰ ਕੀਤਾ ਹੈ। ਹੱਥਲੀ ਪੁਸਤਕ ਵਿਚ ਵੀ ਲੇਖਿਕਾ ਨੇ ਵਿਆਹਾਂ 'ਤੇ ਗਾਏ ਜਾਂਦੇ ਲੋਕ ਗੀਤਾਂ ਨੂੰ ਪੇਸ਼ ਕੀਤਾ ਹੈ। ਡਾ. ਚਰਨਜੀਤ ਕੌਰ ਨੇ ਇਸ ਪੁਸਤਕ ਵਿਚ ਉਨ੍ਹਾਂ ਲੋਕ ਗੀਤਾਂ ਨੂੰ ਸ਼ਾਮਿਲ ਕਰਨ ਦਾ ਯਤਨ ਕੀਤਾ ਹੈ ਜਿਹੜੇ ਪਹਿਲਾਂ ਕਦੇ ਕਿਸੇ ਪੁਸਤਕ ਵਿਚ ਸ਼ਾਮਿਲ ਨਹੀਂ ਕੀਤੇ ਗਏ।

ਲੋਕ ਗੀਤ ਕਿਸੇ ਵੀ ਸਮਾਜ ਦੀ ਸਿਰਜਣਾ, ਬਣਤਰ ਅਤੇ ਕਾਰਜ ਪ੍ਰਣਾਲੀ ਨੂੰ ਬਿਆਨ ਕਰਦੇ ਹਨ। ਡਾ. ਚਰਨਜੀਤ ਕੌਰ ਅਨੁਸਾਰ, "ਇਹਨਾਂ (ਲੋਕ ਗੀਤਾਂ) ਦੀਆਂ ਪਰਤਾਂ ਫਰੋਲਣ ਬਾਦ ਇਹਨਾਂ ਦੀ ਜਟਿਲਤਾ ਨੂੰ ਸਮਝਣਾ ਬਹੁਤ ਮੁਸ਼ਕਲ ਕਾਰਜ ਹੈ। ਇਹਨਾਂ ਦੀਆਂ ਪਰਤਾਂ ਵਿਚ ਸਮਕਾਲੀ ਸਮਾਜ ਦੀ ਸਮੁੱਚੀ ਰਹਿਤਲ ਦੇ ਐਨੇ ਯਥਾਰਥਕ ਭੇਦ ਪਰਦੇ ਛੁਪੇ ਹੋਏ ਹੁੰਦੇ ਹਨ ਕਿ ਇਹਨਾਂ ਨੂੰ ਸਮਝਣ ਲਈ ਅੱਖਾਂ ਦੇ ਫੋਲਿਆਂ ਵਿਚ ਬਹੁਤ ਹੀ ਮਹੀਨ ਮਾਈਕਰੋਸਕੋਪ ਫਿੱਟ ਕਰਨ ਦੀ ਲੋੜ ਪੈਂਦੀ ਹੈ।" (ਸਾਡਾ ਲੋਕ ਵਿਰਸਾ: ਸੁਹਾਗ, ਘੋੜੀਆਂ, ਮਾਹੀਏ ਅਤੇ ਟੱਪੇ, ਪੰਨਾ- 8)

**ਮੌਤਾਂ ਦੇ ਵਪਾਰੀ (ਨਾਵਲ)- ਲੇਖਕ ਜਸਬੀਰ ਸਿੰਘ ਸਾਹਨੀ**

ਚੰਡੀਗੜ੍ਹ ਪੁਲਿਸ ਵਿਚ 37 ਸਾਲ ਸਰਵਿਸ ਕਰਕੇ ਬਤੌਰ ਇੰਸਪੈਕਟਰ ਸੇਵਾਮੁਕਤ (ਲੇਖਕ) ਜਸਬੀਰ ਸਿੰਘ ਸਾਹਨੀ ਦਾ ਨਾਵਲ 'ਮੌਤਾਂ ਦੇ ਵਪਾਰੀ' ਵੀ ਇਸੇ ਸਾਲ ਪ੍ਰਕਾਸ਼ਿਤ ਹੋਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਤਿੰਨ ਨਾਵਲ 'ਸੋ ਕਿਉ ਮੰਦਾ ਆਖੀਐ', 'ਕਾਫ਼ਰ ਕੌਣ' ਅਤੇ 'ਔਨਰ ਕਿਲਿੰਗ' ਪ੍ਰਕਾਸ਼ਿਤ ਹੋ ਚੁਕੇ ਹਨ। ਇਸ ਵਰ੍ਹੇ ਛਪੇ ਨਾਵਲ 'ਮੌਤਾਂ ਦੇ ਵਪਾਰੀ' ਵਿਚ ਨਸ਼ਿਆਂ ਦੀ ਦਲਦਲ ਵਿਚ ਗਲਤਾਨ ਨੌਜਵਾਨਾਂ ਦੀ ਕਹਾਣੀ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਪੁਲਿਸ ਵਿਭਾਗ ਵਿਚ ਲੰਮੀ ਸੇਵਾ ਨਿਭਾ ਚੁਕਿਆ ਹੈ ਇਸ ਲਈ ਉਸਨੂੰ ਸਮਾਜਕ ਬੁਰਾਈਆਂ ਦਾ ਵਧੇਰੇ ਪਤਾ ਹੈ, ਕਿਉਂਕਿ ਨੌਕਰੀ ਦੌਰਾਨ ਉਨ੍ਹਾਂ ਦਾ ਵਾਸਤਾ ਇਨ੍ਹਾਂ ਨਸ਼ੇੜੀਆਂ ਅਤੇ ਅਪਰਾਧੀਆਂ ਨਾਲ ਪੈਂਦਾ ਰਿਹਾ ਹੈ। ਉਹ ਅੱਜ-ਕਲ੍ਹ ਅੰਬਾਲਾ ਸ਼ਹਿਰ ਵਿਖੇ ਰਹਿ ਰਹੇ ਹਨ।

**ਅਸ਼ਵਮੇਧ (ਕਾਵਿ-ਸੰਗ੍ਰਹਿ)- ਲੇਖਕ ਤਰਲੋਚਨ ਮੀਰ**

ਤਰਲੋਚਨ ਮੀਰ ਦਾ ਕਾਵਿ-ਸੰਗ੍ਰਹਿ 'ਅਸ਼ਵਮੇਧ' ਵੀ ਇਸੇ ਸਾਲ ਪ੍ਰਕਾਸ਼ਿਤ ਹੋਇਆ ਹੈ। ਤਰਲੋਚਨ ਦੀ ਸ਼ਾਇਰੀ ਵਿਦਰੋਹ ਦੀ ਸ਼ਾਇਰੀ ਕਹੀ ਜਾ ਸਕਦੀ ਹੈ। ਉਹ ਸਮਾਜ ਵਿਚ ਫੈਲੇ ਭ੍ਰਿਸ਼ਟ ਤਾਣੇ-ਬਾਣੇ ਨੂੰ ਮੂਲੋਂ ਹੀ ਬਦਲ ਦੇਣਾ ਚਾਹੁੰਦਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਮਨੁੱਖ ਨੂੰ ਜਗਾਉਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ। ਪਿਛਲੇ ਸਾਲ 'ਖ਼ੰਜਰ' ਗ਼ਜ਼ਲ-ਸੰਗ੍ਰਹਿ ਵਿਚ ਵੀ ਇਸੇ ਤਰ੍ਹਾਂ ਦੀਆਂ ਗ਼ਜ਼ਲਾਂ ਪੜ੍ਹਨ ਨੂੰ ਮਿਲੀਆਂ ਸਨ। ਤਰਲੋਚਨ ਮੀਰ ਦੀ ਆਪਣੀ ਵੱਖਰੀ ਸ਼ੈਲੀ ਹੈ ਅਤੇ ਉਸ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ।

ਆਖ਼ਰ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਹਰ ਸਾਲ ਵਾਂਗ ਹਰਿਆਣੇ ਦੇ ਪੰਜਾਬੀ ਲੇਖਕਾਂ ਨੇ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਵਧੀਆ ਕਾਰਗੁਜ਼ਾਰੀ ਵਿਖਾਈ ਹੈ। ਹਰ ਸਾਲ ਦੀ ਤਰ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਹਰਿਆਣੇ ਦੇ ਪੰਜਾਬੀ ਲੇਖਕਾਂ ਨੇ ਚੰਗੀਆਂ ਪੁਸਤਕਾਂ ਪਾਈਆਂ ਹਨ ਜਿਹੜੀਆਂ ਕਿ ਪਾਠਕਾਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋ ਸਕਦੀਆਂ ਹਨ ਬਸ਼ਰਤੇ; ਇਨ੍ਹਾਂ ਦੀ ਚਰਚਾ ਮੁੱਖਧਾਰਾ ਦੇ ਪੰਜਾਬੀ ਸਾਹਿਤ ਵਿਚ ਸਾਰਥਕ ਸ਼ਬਦਾਂ ਵਿਚ ਕੀਤੀ ਜਾਵੇ। ਸ਼ਾਲਾ! ਹਰਿਆਣੇ ਅੰਦਰ ਪੰਜਾਬੀ ਮਾਂ ਬੋਲੀ ਦਾ ਦੀਵਾ ਇੰਜ ਹੀ ਜਗਦਾ ਰਹੇ।

# ਖੂੰਡੀ



**ਤਰਸੇਮ ਸਿੰਘ ਜੰਡਿਆਲਾ**
**ਫੋਨ: 9872830235**

ਸਵੇਰੇ-ਸਵੇਰੇ ਫੋਨ ਦੀ ਘੰਟੀ ਖੜਕੀ, ਚੁੱਕਿਆ। ਘੁੱਦਾ ਬੋਲਦਾ ਸੀ, ਕਹਿੰਦਾ "ਮਾਸਟਰ, ਖੂੰਡੀ ਨਹੀਂ ਮਿਲਦੀ, ਸਵੇਰ ਦਾ ਲੱਭੀ ਜਾਨਾ, ਦੇਖ ਤਾਂ ਰਾਤੀਂ ਕਿਤੇ ਗੱਡੀ ਵਿੱਚ ਤਾਂ ਨਹੀਂ ਰਹਿ ਗਈ"? ਮੈਂ ਜਾ ਕੇ ਦੇਖਿਆ, ਗੱਡੀ ਵਿਚ ਨਹੀਂ ਸੀ। ਮੈਂ ਖੂੰਡੀ ਦੇ ਲਾਪਤਾ ਹੋਣ ਦੀ ਖਬਰ ਚੰਡੀਗੜ੍ਹ ਵਾਲੇ ਮਿੱਤਰ ਨੂੰ ਸੁਣਾਈ ਤਾਂ ਉਹ ਹੱਸਦਾ ਹੋਇਆ ਕਹਿਣ ਲੱਗਾ "ਉਹਦੇ ਭਾਰ ਤੋਂ ਅੱਕੀ ਹੋਈ ਕਿਤੇ ਲੁਕ ਗਈ ਹੋਣੀ ਆਂ"।

ਬੀਤੀ ਦਿਨ ਅਸੀਂ ਚਾਰ ਜਣੇ ਇੱਕ ਸਾਂਝੇ ਮਿੱਤਰ ਨੂੰ ਮਿਲ ਕੇ ਚੰਡੀਗੜ੍ਹ ਤੋਂ ਵਾਪਸ ਆਏ ਸੀ। ਸਾਰਾ ਦਿਨ ਕੁੱਝ ਨਾ ਕੁੱਝ ਖਾਂਦਿਆ-ਗੱਲਾਂ ਬਾਤਾਂ ਕਰਦਿਆਂ ਸਾਂਝੇ ਮਿੱਤਰ ਨੇ ਮਹਿਮਾਨ-ਨਿਵਾਜ਼ੀ ਅਧੂਰੀ ਸਮਝ ਕੇ ਦਿਨ ਢਲਦੇ ਨੂੰ ਡੱਟ ਪੁੱਟ ਲਿਆ ਤਾਂ ਵਾਪਸੀ ਨੂੰ ਦੇਰ ਹੋ ਗਈ। ਥੋੜ੍ਹਾ ਊਣੇ ਹੋਏ ਤਾਂ ਬਲਾਚੌਰ ਲਾਗੇ ਇੱਕ ਢਾਬੇ 'ਤੇ ਗੱਡੀ ਰੋਕ ਕੇ ਘਾਟ ਪੂਰੀ ਕੀਤੀ। ਪਿੰਡ ਵਾਪਸ ਆ ਕੇ ਸਾਰਿਆਂ ਨੂੰ ਘਰੋ-ਘਰੀ ਉਤਾਰ ਕੇ ਮੈਂ ਤੇ ਡਰਾਈਵਰ ਅੱਧੀ ਰਾਤ ਨੂੰ ਘਰ ਵੜੇ।

ਖੂੰਡੀ ਦੀ ਚਰਚਾ ਸਾਰਾ ਦਿਨ ਸਾਡੇ ਦਾਇਰੇ ਵਿਚ ਘੁੰਮਦੀ ਰਹੀ। ਸਾਡੇ ਲਈ ਤਾਂ ਇਹ ਸ਼ੁਗਲ ਵਾਲੀ ਗੱਲ ਸੀ ਪਰ ਘੁੱਦੇ ਨੂੰ ਗਹਿਰਾ ਸਦਮਾ ਲੱਗਾ ਸੀ। ਦੂਜੇ ਦਿਨ ਮਿਲੇ ਤਾਂ ਉਹ ਬਹੁਤ ਉਦਾਸ ਸੀ। ਕਾਰਨ ਪੁੱਛਣ 'ਤੇ ਉਹ ਫਿੱਸ ਪਿਆ "ਇਸ ਖੂੰਡੀ ਨੂੰ ਹੱਥ ਵਿਚ ਲੈ ਕੇ ਤੁਰਨ ਵੇਲੇ ਮੈਨੂੰ ਮਹਿਸੂਸ ਹੁੰਦਾ ਸੀ ਜਿਵੇਂ ਮੇਰਾ ਬਾਪੂ ਮੇਰੇ ਨਾਲ-ਨਾਲ ਤੁਰ ਰਿਹਾ ਹੋਵੇ। ਬਾਪੂ ਦੇ ਪੂਰੇ ਹੋਣ ਤੋਂ ਬਾਅਦ ਜਦੋਂ ਮੈਂ ਵਲੈਤ ਗਿਆ ਤਾਂ ਇਹ ਖੂੰਡੀ ਮਾਂ ਦੇ ਕਮਰੇ ਦੇ ਇੱਕ ਖੂੰਜੇ ਪਈ ਸੀ। ਮਾਂ ਨੇ ਦੱਸਿਆ ਕਿ ਇਹ ਖੂੰਡੀ ਕਈ ਸਾਲ ਮੇਰੇ ਬਾਪੂ ਦਾ ਸਹਾਰਾ ਬਣੀ ਰਹੀ। ਖੂੰਡੀ ਦੀ ਮੁੱਠ ਉੱਪਰ ਹੱਥ ਰੱਖਿਆ ਤਾਂ ਮੈਨੂੰ ਬਾਪੂ ਦੀ ਹੱਥ-ਘੁਟਣੀ ਮਹਿਸੂਸ ਹੋਈ। ਉਸ ਦਿਨ ਤੋਂ ਮੈਂ ਬਾਪੂ ਨੂੰ ਨਾਲ-ਨਾਲ ਲਈ ਫਿਰਦਾ ਸੀ। ਖੂੰਡੀ ਦੇ ਲਾਪਤਾ ਹੋਣ ਤੋਂ ਬਾਅਦ ਮੈਨੂੰ ਲੱਗਦੈ ਬਾਪੂ ਦੁਬਾਰਾ ਵਿੱਛੜ ਗਿਆ"।

ਚੰਡੀਗੜ੍ਹ ਤੋਂ ਤੁਰਨ ਵੇਲੇ ਤੋਂ ਲੈ ਕੇ



*(ਬਾਕੀ ਅਗਲੇ ਸਫੇ 'ਤੇ)*

## 'ਪੀਲੇ ਪੱਤੇ ਦੀ ਕਹਾਣੀ' ਰਜਵੰਤ ਕੌਰ ਸੰਧੂ ਦੀ ਲਿਖੀ ਕਵਿਤਾ ਹੈ, ਜਿਸ ਬਾਰੇ ਐਸ.ਪੀ. ਸਿੰਘ ਨੇ ਬੜਾ ਗਹਿਨ ਵਿਸ਼ਲੇਸ਼ਣ ਕੀਤਾ ਹੈ

### ਪੀਲੇ ਪੱਤੇ ਦੀ ਕਹਾਣੀ



**ਰਜਵੰਤ ਕੌਰ ਸੰਧੂ**
**ਵਟਸਐਪ: 91-97790-11385**

ਮਨੀ-ਪਲਾਂਟ ਦੇ ਬੂਟੇ ਨੂੰ ਪਾਣੀ ਦੇ ਰਹੀ ਹਾਂ
ਹਰੇ ਭਰੇ ਪੱਤਿਆਂ 'ਚੋਂ
ਇੱਕ ਅਰਧ-ਪੀਲਾ ਪੱਤਾ ਦਿਸਦਾ ਹੈ।
ਪੀਲੇ ਹੋ ਰਹੇ ਪੱਤੇ ਨੂੰ ਤੋੜਨ ਲੱਗਦੀ ਹਾਂ

ਫਿਰ ਪਤਾ ਨਹੀਂ ਕਿਉਂ
ਡਰ ਜਾਂਦੀ ਹਾਂ
ਦਿਲ ਨੂੰ ਕੁਝ ਕੁਝ ਹੁੰਦਾ ਹੈ
ਝੱਟ ਆਪਣਾ ਹੱਥ ਪਿੱਛੇ ਕਰ ਲੈਂਦੀ ਹਾਂ

ਅਜੇ ਤਾਂ ਇਹਦਾ ਅੱਧਾ ਹਿੱਸਾ ਹਰਿਆ ਭਰਿਆ
ਅੱਧੀ ਜ਼ਿੰਦਗੀ ਬਾਕੀ ਪਈ ਹੈ
ਅਜੇ ਤਾਂ ਇਹਨੇ ਦੁਨੀਆ ਦੇ ਰੰਗ-ਤਮਾਸ਼ੇ ਵੇਖਣੇ ਨੇ

ਬੀਮਾਰ ਹੈ
ਸ਼ਾਇਦ ਰਾਜ਼ੀ ਹੋ ਜਾਵੇ।
ਮੁੜ ਹਰਾ ਭਰਾ ਹੋ ਕੇ ਹਰਿਆਲੇ ਟੱਬਰ ਦਾ ਹਿੱਸਾ ਬਣ ਜਾਵੇ।

ਹਰੇ ਪੱਤਿਆਂ ਨੂੰ ਛੂਹ ਕੇ ਮੁੜ ਲਾਡ ਲਡਾਉਣ ਲੱਗਦੀ ਹਾਂ

ਧਿਆਨ ਧਰ ਕੇ ਮੁੜ ਵੇਖਦੀ ਹਾਂ
ਔਹ ਇੱਕ ਪੱਤਾ ਤਾਂ ਪੂਰਾ ਝੁਲਸ ਚੁੱਕਾ ਹੈ
ਡੰਡੀ ਵੀ ਸੁੱਕ ਚੁੱਕੀ ਹੈ।
ਡਿੱਗਣ ਡਿੱਗਣ ਕਰਦਾ ਹੈ
ਪਰ ਅਜੇ ਡਿੱਗਾ ਨਹੀਂ

ਮੈਂ ਮਾੜਾ ਜਿਹਾ ਹੱਥ ਲਾਉਂਦੀ ਹਾਂ
ਉਹ ਆਪਣੇ ਆਪ ਮੇਰੀਆਂ ਉਂਗਲਾਂ ਵਿਚ ਆਣ ਕਿਰਦਾ ਹੈ
ਮੌਤ ਨੂੰ ਸਮਰਪਿਤ ਹੋ ਜਾਂਦਾ ਹੈ

ਪਤਾ ਨਹੀਂ ਕਿਉਂ
ਮਰ ਚੁੱਕੇ ਪੱਤੇ ਨੂੰ ਵੀ ਮੈਂ ਕੂੜੇ ਵਿਚ ਨਹੀਂ ਸੁੱਟਦੀ
ਬੂਟੇ ਦੇ ਮੁੱਢ ਵਿਚ ਰੱਖ ਕੇ
ਪਾਣੀ ਪਾ ਕੇ
ਅੰਤਿਮ ਕਿਰਿਆ ਕਰ ਦੇਂਦੀ ਹਾਂ।
ਪਰ
ਕੁਝ ਦਿਨਾਂ ਬਾਅਦ ਵੇਖਦੀ ਹਾਂ
ਪੱਤਾ ਗਲ਼ ਚੁੱਕਾ ਹੈ
ਖ਼ਾਦ ਬਣ ਕੇ ਬੂਟੇ ਦੀਆਂ ਜੜ੍ਹਾਂ ਵਿਚ ਰਚ ਗਿਆ ਹੈ
ਮਿੱਟੀ ਨਾਲ ਮਿੱਟੀ ਹੋ ਗਿਆ ਹੈ।

ਪਰ ਔਹ ਵੇਖੋ!
ਬੂਟੇ ਦੇ ਸਿਰੇ 'ਤੇ
ਪੰਜ ਛੇ ਥਾਵਾਂ ਤੋਂ ਨਵੀਆਂ ਕਰੂੰਬਲਾਂ ਫੁੱਟ ਆਈਆਂ ਨੇ

ਮਿੱਟੀ ਹੋ ਗਿਆ ਪੱਤਾ
ਕੂਲੀਆਂ ਕਰੂਬਲਾਂ ਦੀ ਹਰਿਆਵਲ ਵਿਚੋਂ ਹੱਸਦਾ ਹੈ
ਹੱਥ ਹਿਲਾਉਂਦਾ ਹੈ
ਕਹਿੰਦਾ ਹੈ
ਮੈਂ ਕਿਤੇ ਨਹੀਂ ਗਿਆ
ਮੈਂ ਤਾਂ ਏਥੇ ਹਾਂ
ਸਦਾ ਤੁਰਦੀ ਜ਼ਿੰਦਗੀ ਦੇ ਅੰਗ-ਸੰਗ
ਹਮਜੋਲੀਆਂ ਨਾਲ ਮਿਲ ਕੇ
ਰੰਗ-ਤਮਾਸ਼ੇ ਵੇਖ ਰਿਹਾਂ

ਮੈਂ ਮੁੱਕਿਆ ਸਾਂ
ਮਰਿਆ ਨਹੀਂ ਸਾਂ

## ਪੀਲੇ ਪੱਤੇ ਦੀ ਕਹਾਣੀ — ਰਚਨਾ ਦਾ ਸਾਹਿਤਕ ਵਿਸ਼ਲੇਸ਼ਣ, ਪੜਚੋਲ ਅਤੇ ਆਲੋਚਨਾ ਬੇਬਾਕ ਬੋਲ

**ਐਸ.ਪੀ. ਸਿੰਘ**

ਰਜਵੰਤ ਕੌਰ ਸੰਧੂ ਦੀ ਇਹ ਰਚਨਾ 'ਪੀਲੇ ਪੱਤੇ ਦੀ ਕਹਾਣੀ' ਪਹਿਲੀ ਨਜ਼ਰ ਵਿਚ ਇੱਕ ਸਧਾਰਣ ਘਰੇਲੂ ਦ੍ਰਿਸ਼ ਦੀ ਤਰ੍ਹਾਂ ਉਭਰਦੀ ਹੈ—ਮਨੀ-ਪਲਾਂਟ ਦੇ ਇੱਕ ਪੀਲੇ ਪੱਤੇ ਦੀ ਕਹਾਣੀ। ਪਰ ਸਾਹਿਤਕ ਮੰਡਲ ਵਿਚ ਘੁੰਮਦੀ ਨਜ਼ਰ ਇਹ ਅਹਿਸਾਸ ਕਰਦੀ ਹੈ ਕਿ ਇਹ ਕਵਿਤਾ ਪੱਤੇ ਦੀ ਕਹਾਣੀ ਨਹੀਂ, ਬਲਕਿ ਜ਼ਿੰਦਗੀ, ਜੁਰਅਤ, ਠਹਿਰਾਉ, ਪੁਨਰ-ਜਨਮ ਅਤੇ ਅਸਤਿਤਵ ਦੇ ਅਬਿਨਸ਼ਵਾਦ ਦੀ ਗਹਿਨ ਗਾਥਾ ਹੈ। ਕਵਿਤਾ ਦਾ ਇਹ ਲਘੂ ਰੂਪ ਇੱਕ ਵੱਡੀ ਫ਼ਲਸਫ਼ੀ ਕਹਾਣੀ ਨੂੰ ਆਪਣੇ ਅੰਦਰ ਸੰਭਾਲਦਾ ਹੈ—ਇਹ ਉਸ ਦੀ ਸਫ਼ਲਤਾ ਹੈ।

**ਭਾਸ਼ਾ-ਸ਼ੈਲੀ ਅਤੇ ਤਕਨੀਕੀ ਪੱਖ**

ਰਜਵੰਤ ਕੌਰ ਦੀ ਭਾਸ਼ਾ ਬਿਲਕੁਲ ਦੇਸੀ, ਮਿੱਟੀ-ਵਾਂਗ ਸਹਿਜ ਅਤੇ ਸੁਗੰਧ ਵਾਂਗ ਹੈ—ਨਾ ਕਿਤੇ ਭਾਰੀ-ਭਰਕਮ, ਨਾ ਕਿਤੇ ਜਟਿਲ। ਪੂਰੀ ਕਵਿਤਾ ਗੱਲਬਾਤੀ ਲਹਿਜ਼ੇ ਵਿਚ ਹੈ। ਇਸ ਲਹਿਜ਼ੇ ਨੇ ਪਾਠਕ ਨੂੰ ਕਵਿਤਾ ਦੇ ਅਨੁਭਵ ਨਾਲ ਜੋੜ ਕੇ ਰੱਖਿਆ ਹੈ, ਜਿਵੇਂ ਕੋਈ ਮਾਂ ਧੀਮੀ ਆਵਾਜ਼ ਵਿਚ ਆਪਣੇ ਜੀਵਨ-ਨਿਰਣੇ ਸਾਂਝੇ ਕਰ ਰਹੀ ਹੋਵੇ।

ਪਰ ਭਾਸ਼ਾਈ ਪੱਖੋਂ ਤਕਨੀਕੀ ਛਾਂਟ ਕੀਤੀ ਜਾਵੇ ਤਾਂ: ਕਵਿਤਾ ਵਿਚ ਛੰਦ, ਲੈਅ ਅਤੇ ਰਚਨਾ ਦੀ ਬੰਦਸ਼ ਦਾ ਨਿਰੰਤਰ ਧਿਆਨ ਨਹੀਂ ਰੱਖਿਆ ਗਿਆ। ਇਹ ਇੱਕ ਮੁਕਤ ਛੰਦ (Free Verse) ਹੈ ਜੋ ਆਧੁਨਿਕ ਪੰਜਾਬੀ ਕਵਿਤਾ ਦੀ ਪਰੰਪਰਾ ਨਾਲ ਮੇਲ ਖਾਂਦਾ ਹੈ। ਵਾਕਾਂ ਦੇ ਰੁਕਾਅ, ਠਹਿਰਾਅ ਅਤੇ ਭਾਵ-ਪਰਕਾਸ਼ ਵਿਚ ਗਹਿਰਾਈ ਹੈ ਪਰ ਲਹਿਜਾ ਕਿਤੇ-ਕਿਤੇ ਇਕਸਾਰ ਹੋ ਜਾਂਦਾ ਹੈ।

ਇਹ ਕਵਿਤਾ ਅਜੋਕੇ ਪੰਜਾਬੀ ਅਦੀਬਾਂ—ਸੁਰਜੀਤ ਪਾਤਰ, ਕਿਰਣ ਖੇਰ, ਪ੍ਰੋ. ਮੋਹਨ ਸਿੰਘ, ਅਤੇ ਅੰਮ੍ਰਿਤਾ ਪ੍ਰੀਤਮ— ਦੀ ਪਰੰਪਰਾ ਵਿਚ ਉਹੀ ਦਾਰਸ਼ਨਿਕ ਸਾਦਗੀ ਅਤੇ ਮਾਨਸਿਕ ਪਾਰਦਰਸ਼ਤਾ ਨੂੰ ਸਾਥ ਲੈਂਦੀ ਦਿਸਦੀ ਹੈ।

**ਰੂਪਕ ਅਤੇ ਪ੍ਰਤੀਕ-ਵਿਗਿਆਨ**

ਮਨੀ-ਪਲਾਂਟ ਸਿਰਫ਼ ਇੱਕ ਬੂਟਾ ਨਹੀਂ—ਇਹ ਜੀਵਨ ਹੈ, ਮਨੁੱਖੀ ਵਜੂਦ ਹੈ, ਅਸਥਿਰਤਾ ਅਤੇ ਨਾਸਵਾਦ ਦਾ ਰੂਪਕ ਹੈ।

ਪੀਲਾ ਪੱਤਾ—ਢਲਦੀ ਉਮਰ, ਥਕਾਵਟ, ਮੌਤ, ਪਿਛਲਿਆਂ ਦੀ ਯਾਦ, ਵਾਪਸੀ ਦਾ ਚੱਕਰ (recycling of life)

ਕਵਿਤਾ ਵਾਪਸੀ ਦੇ ਚੱਕਰ ਦਾ ਮਜ਼ਬੂਤ ਤੇ ਖੁਦਰੰਗ ਪ੍ਰਤੀਕ ਬਣਦੀ ਹੈ।

ਜਿਵੇਂ ਕਵਿਤਰੀ ਲਿਖਦੀ ਹੈ ਕਿ ਮਰਿਆ ਪੱਤਾ ਮੁੜ ਮਿੱਟੀ ਬਣ ਕੇ ਬੂਟੇ ਨੂੰ ਖਾਦ ਦੇ ਜਾਂਦਾ ਹੈ—

ਇਹ ਮਨੁੱਖੀ ਜੀਵਨ ਦੀ ਅਸਥਿਰਤਾ, ਪਰ ਨਿਰੰਤਰਤਾ ਦਾ ਉੱਚ-ਕੋਟੀ ਦਾ ਫ਼ਲਸਫ਼ਾ ਹੈ।

ਇਹ Sikh/Buddhist ਦਰਸ਼ਨ ਸਮਸਾਰਾ ਅਤੇ ਅਨੰਤਤਾ ਨਾਲ ਵੀ ਤਾਲਮੇਲ ਖਾਂਦਾ ਹੈ।

**ਵਿਚਾਰਧਾਰਾ ਅਤੇ ਮਕਸਦ**

ਕਵਿਤਰੀ ਦਾ ਮਕਸਦ ਸਿਰਫ਼ ਇੱਕ ਪੱਤਾ ਤੋੜਣ ਤੋਂ ਡਰ ਦੇ ਪਲ ਦਾ ਬਿਆਨ ਕਰਨਾ ਨਹੀਂ। ਉਹ ਦਿਖਾਉਣਾ ਚਾਹੁੰਦੀ ਹੈ ਕਿ:

ਜੀਵਨ ਦੀ ਹਰ ਅਵਸਥਾ ਕਦਰ ਯੋਗ ਹੈ। ਹਰ ਵਹਿਰਾਉ ਵਿਚ ਪੁਨਰ-ਜਨਮ ਦੀ ਸੰਭਾਵਨਾ ਹੁੰਦੀ ਹੈ। ਮੌਤ ਵੀ ਜੀਵਨ ਦੀ ਲੜੀ ਦਾ ਅੰਤ ਨਹੀਂ, ਪਰ ਇੱਕ ਨਵੀਂ ਸ਼ੁਰੂਆਤ ਹੈ। ਮਰਦਾ ਪੱਤਾ ਵੀ ਜੀਵਨ ਦਾ ਸਾਥੀ ਬਣ ਕੇ ਵਾਪਸ ਆਉਂਦਾ ਹੈ।

ਇਹ ਗਹਿਨ ਅਤੇ ਨਰਮ ਸੰਦੇਸ਼ ਬੇਹਦ ਸੁੰਦਰ ਰੂਪ ਵਿਚ ਉਭਰਦਾ ਹੈ—ਇਹ ਕਵਿਤਾ ਦਾ ਸਭ ਤੋਂ ਮਜ਼ਬੂਤ ਬਿੰਦੂ ਹੈ।

**ਦਾਰਸ਼ਨਿਕ ਗਹਿਰਾਈ**

ਕਵਿਤਾ ਵਿਚ 'ਮੌਤ' ਦੀ ਗੱਲ ਹੈ ਪਰ ਇਹ ਨਕਾਰਾਤਮਕ ਨਹੀਂ— ਇਹ ਸਵੀਕਾਰਯੋਗਤਾ, ਪ੍ਰਕਿਰਤੀ ਦਾ ਚੱਕਰੀ ਤਾਕਤ, ਅਤੇ ਅਸਤਿਤਵ ਦੀ ਅਖੰਡਤਾ ਨੂੰ ਪ੍ਰਮਾਣਿਤ ਕਰਦੀ ਹੈ। ਲੇਖਿਕਾ ਨੇ ਮੌਤ ਨੂੰ ਡਰਾਉਣਾ ਨਹੀਂ, ਸਗੋਂ ਪਲਟਣ, ਮੁੜ-ਜੁੜਨ, ਇਕ ਰੂਪ ਹੋ ਜਾਣ ਦਾ ਨਰਮ-ਅਹਿਸਾਸਕ ਚਿਤਰ ਬਣਾਇਆ ਹੈ।

ਇਹ ਕਵਿਤਾ ਪਾਠਕ ਨੂੰ ਅੰਦਰੋਂ ਹੌਲ੍ਹਾ ਕਰਦੀ ਹੈ—ਇਸ ਦੀ ਸਫਲਤਾ ਇਹ ਹੈ ਕਿ ਇਹ ਨਿਰਾਸ਼ਾ ਨਹੀਂ, ਸਕਾਰਾਤਮਕਤਾ ਪੈਦਾ ਕਰਦੀ ਹੈ।

ਇਹ ਕਵਿਤਾ "ਮਰਨਾ ਵੀ ਇੱਕ ਜੀਣਾ ਹੈ" ਦਾ ਰੂਪਕ ਹੈ।

ਆਲੋਚਨਾ: ਜਿਥੇ ਕਵਿਤਾ ਕਮਜ਼ੋਰ ਹੋ ਜਾਂਦੀ ਹੈ

ਕੁਝ ਸਥਾਨਾਂ 'ਤੇ ਬਿਆਨ ਬਹੁਤ ਲੰਬਾ ਹੋ ਜਾਂਦਾ ਹੈ, ਜਿਸ ਨਾਲ ਪ੍ਰਭਾਵ ਕੁਝ ਢਿੱਲਾ ਪੈਂਦਾ ਹੈ।

ਇਕ-ਅੱਧ ਜਗ੍ਹਾ ਚਿੱਤਰਕਾਰੀ ਬਹੁਤ ਹੀ ਸਿੱਧੀ ਹੈ; ਜੇ ਹੋਰ ਸੰਕੇਤਾਤਮਕਤਾ ਹੁੰਦੀ ਤਾਂ ਰਚਨਾ ਹੋਰ ਗਹਿਰਾਈ ਲੈਂਦੀ।

ਰਚਨਾ ਵਿਚ ਕਿਤੇ ਵੀ ਛੰਦਾਤਮਕ ਸੁੰਦਰਤਾ ਦੀ ਕੋਸ਼ਿਸ਼ ਨਹੀਂ—ਇਹ ਮਨੁੱਖੀ ਤਜਰਬੇ ਦੀ ਕਵਿਤਾ ਤਾਂ ਹੈ, ਪਰ ਕਿਤੇ ਕਿਤੇ ਲਿਖਤ ਬੇਲਗਾਮ ਵਗਣ ਲੱਗਦੀ ਹੈ। ਇਹ ਕਮਜ਼ੋਰੀ ਨਹੀਂ, ਪਰ ਕਵੀ ਹੋਰ ਮਜ਼ਬੂਤ ਸੰਕੇਤਾਂ ਨਾਲ ਇਸ ਨੂੰ ਹੋਰ ਅਦਬੀ ਬਲ ਦੇ ਸਕਦੀ ਸੀ।

**ਮੋਟੇ ਤੌਰ 'ਤੇ ਮੁਲਾਂਕਣ**

ਰਜਵੰਤ ਕੌਰ ਸੰਧੂ ਦੀ ਕਵਿਤਾ—ਰੂਪਕ-ਧਰੁਣੀ, ਸੰਵੇਦਨਸ਼ੀਲ, ਮਾਨਵੀ-ਪਰੇਰਕ, ਫ਼ਲਸਫ਼ੀ ਅਤੇ ਵਿਰਲੇ ਹੀ ਵੇਖੀਆਂ ਜਾਂਦੀਆਂ ਨਰਮਦਿਲੀ ਵਾਲੀ ਰਚਨਾ ਹੈ।

ਇਹ ਕਵਿਤਾ ਪਾਠਕ ਨੂੰ ਸੋਚਣ, ਰੁਕਣ, ਮੁੜ ਵੇਖਣ, ਅਤੇ ਮੁੜ-ਜੀਣ ਦੀ ਤਾਕਤ ਦੇਂਦੀ ਹੈ।

**ਸੁਝਾਅ (ਸਾਹਿਤਕ ਮਿਆਰ ਦੇ ਤਹਿਤ)**

1. ਕਵਿਤਾ ਵਿਚ ਕੁਝ ਥਾਵਾਂ 'ਤੇ ਸ਼ਬਦ-ਸੰਖੇਪ ਕੀਤਾ ਜਾ ਸਕਦਾ ਹੈ।
2. ਜੇ ਕਵੀ ਹੋਰ ਚਿੱਤਰਕਾਰੀ ਵਾਲੇ ਰੂਪਕ ਜੋੜੇ ਤਾਂ ਕਵਿਤਾ ਦੀ ਕਲਾਤਮਕ ਚਮਕ ਹੋਰ ਵਧੇਗੀ।
3. ਇੱਕ-ਅੱਧ ਬੰਦ ਵਿੱਚ ਲਹਿਰਦਾਰ ਛੰਦ ਦੀ ਹਲਕੀ ਕੋਸ਼ਿਸ਼ ਰਚਨਾ ਨੂੰ ਹੋਰ ਸੰਗੀਤਮਈ ਬਣਾ ਸਕਦੀ ਹੈ।
4. ਅੰਤ ਦੇ ਭਾਗ ਨੂੰ ਥੋੜ੍ਹਾ ਸੰਕੁਚਿਤ ਕਰਕੇ ਪ੍ਰਭਾਵ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

**ਅੰਤਿਮ ਨਿਸ਼ਕਰਸ਼**

ਇਹ ਕਵਿਤਾ ਇੱਕ ਪੱਤੇ ਦੀ ਕਹਾਣੀ ਨਹੀਂ—ਇਹ ਹਰ ਮਨੁੱਖ ਦੀ ਕਹਾਣੀ ਹੈ।

ਇਹ ਮੌਤ ਵਿੱਚੋਂ ਜੀਵਨ ਅਤੇ ਜੀਵਨ ਵਿੱਚੋਂ ਮੌਤ ਦੀ ਨਰਮ, ਸੰਵੇਦਨਸ਼ੀਲ, ਮਨੁੱਖੀ ਕਥਾ ਹੈ।

ਰਜਵੰਤ ਕੌਰ ਦੀ ਰਚਨਾ ਆਪਣੀ ਸਾਦਗੀ, ਭਾਵ-ਗਹਿਰਾਈ ਅਤੇ ਪ੍ਰਕ੍ਰਿਤੀ-ਮਿੱਤਰ ਫ਼ਲਸਫ਼ੇ ਕਾਰਨ ਖ਼ਾਸ ਬਣਦੀ ਹੈ।

ਇਹ ਰਚਨਾ ਪਾਠਕ ਨੂੰ ਛੂਹੰਦੀ ਹੈ — ਅਤੇ ਇਹੀ ਸੱਚੀ ਕਵਿਤਾ ਦੀ ਜਿੱਤ ਹੈ।

ਭਾਗ-2: ਕਵਿਤਾ ਦੀ ਲਾਈਨ-ਬਾਈ-ਲਾਈਨ ਸ਼ਬਦ-ਭਾਵ, ਪੰਕਤੀ-ਭਾਵ, ਅਰਥ ਅਤੇ ਕਾਵਿ-ਵਿਆਖਿਆ (ਹਰ ਪੰਕਤੀ ਅਨੁਸਾਰ ਵਿਸਥਾਰ ਨਾਲ)

1. ਮਨੀ-ਪਲਾਂਟ ਦੇ ਬੂਟੇ ਨੂੰ ਪਾਣੀ ਦੇ ਰਹੀ ਹਾਂ

ਸ਼ਬਦ-ਭਾਵ: ਮਨੀ-ਪਲਾਂਟ: ਘਰ ਦੀ ਨਰਮਤਾ, ਸਹਿਜਤਾ, ਜੀਵਨ।

ਪਾਣੀ ਦੇ ਰਹੀ ਹਾਂ: ਸੰਭਾਲ, ਪਿਆਰ, ਸਨੇਹਾ।

ਪੰਕਤੀ-ਭਾਵ:

ਕਵਿਤਾ ਇੱਕ ਘਰੇਲੂ ਪਰਿਸਥਿਤੀ ਨਾਲ ਸ਼ੁਰੂ ਹੁੰਦੀ ਹੈ, ਪਰ ਇਸ ਘਰੇਲੂ ਦ੍ਰਿਸ਼ ਵਿਚ ਹੀ ਮਨ ਦੀ ਤਰੰਗ ਲੁਕੀ ਹੈ।

2. ਡੰਡੀ ਵੀ ਸੁੱਕ ਚੁੱਕੀ ਹੈ।

ਭਾਵ: ਸੁੱਕਣਾ = ਬੁਢਾਪਾ, ਕਮਜ਼ੋਰੀ, ਜੀਵਨ ਦੇ ਅੰਤਿਮ ਪੜਾਅ ਦਾ ਆਗਮਨ।

3. ਹਰੇ ਭਰੇ ਪੱਤਿਆਂ 'ਚੋਂ ਇੱਕ ਅਰਧ-ਪੀਲਾ ਪੱਤਾ ਦਿਸਦਾ ਹੈ।

ਭਾਵ: ਇਕ ਅਧ-ਪੀਲਾ = ਅਧ-ਜੀਵਿਤ, ਅਧ-ਮਰਿਆ।

ਇੱਕ ਅਜਿਹਾ ਮਨੁੱਖ ਜੋ ਨਾ ਪੂਰੀ ਤਰ੍ਹਾਂ ਜਿੰਦਾ ਹੈ ਨਾ ਮਰਿਆ—ਜੀਵਨ ਦੀ ਥਕਾਵਟ-ਅਵਸਥਾ।

4. ਪੀਲੇ ਹੋ ਰਹੇ ਪੱਤੇ ਨੂੰ ਤੋੜਨ ਲੱਗਦੀ ਹਾਂ-ਦਇਆ + ਡਰ + ਜ਼ਿੰਮੇਵਾਰੀ ਦਾ ਮਿਲਾਪ।

5. ਫਿਰ ਪਤਾ ਨਹੀਂ ਕਿਉਂ ਡਰ ਜਾਂਦੀ ਹਾਂ-ਇਹ ਮਨੁੱਖੀ ਮਨ ਦੀ ਚੌਕਾਣ ਵਾਲੀ ਨਰਮੀ ਹੈ—ਜੋ ਮੌਤ ਦੇ ਸੰਕੇਤ ਤੋਂ ਵੀ ਡਰਦਾ ਹੈ।

6. ਦਿਲ ਨੂੰ ਕੁਝ ਕੁਝ ਹੁੰਦਾ ਹੈ-ਇੱਥੇ 'ਕੁਝ ਕੁਝ' ਅਨੁਭਵ ਦਾ ਨਾਮ-ਰਹਿਤ ਕੰਪਨ ਹੈ—ਕਵਿਤਾ ਦੀ ਕਲਾ ਇੱਥੇ ਹੈ ਕਿ ਉਹ ਅਨਾਮ ਭਾਵ ਨੂੰ ਸ਼ਬਦ ਦਿੰਦੀ ਹੈ।

7. ਡਿੱਗਣ ਡਿੱਗਣ ਕਰਦਾ ਹੈ ਪਰ ਅਜੇ ਡਿੱਗਾ ਨਹੀਂ-ਅਧ-ਮਰਨ ਦਾ ਪਲ—ਜ਼ਿੰਦਗੀ ਦੇ ਬਾਕੀ ਰਹਿ ਗਏ ਸਾਹ।

8. ਮੈਂ ਮਾੜਾ ਜਿਹਾ ਹੱਥ ਲਾਉਂਦੀ ਹਾਂ ਉਹ ਆਪਣੇ ਆਪ ਮੇਰੀਆਂ ਉਂਗਲਾਂ ਵਿਚ ਆਣ ਕਰਦਾ ਹੈ

ਪੱਤਾ "ਆਪਣੇ ਆਪ ਆਉਂਦਾ ਹੈ" —ਜਿਵੇਂ ਬੁੱਢਾ ਮਨੁੱਖ ਜੀਵਨ ਤੋਂ ਹਾਰ ਕੇ ਧਰਤੀ ਨੂੰ ਸਮਰਪਿਤ ਹੋ ਜਾਂਦਾ ਹੈ।

9. ਮੌਤ ਨੂੰ ਸਮਰਪਿਤ ਹੋ ਜਾਂਦਾ ਹੈ- ਸਿੱਧੀ ਪਰ ਅੰਦਰੋਂ ਹੌਲੀ ਜਾਪਦੀ ਲਾਈਨ—

ਮੌਤ = ਕੁਦਰਤੀ, ਅਟੱਲ, ਨਰਮ।

10. ਅਜੇ ਤਾਂ ਇਹਦਾ ਅੱਧਾ ਹਿੱਸਾ ਹਰਿਆ ਭਰਿਆ ਹੈ-ਇਹ ਅਨੁਭਵਾਤਮਕ ਪਛਤਾਵਾ ਹੈ—

ਕੀ ਮੈਨੂੰ ਇਸਨੂੰ ਤੋੜਨਾ ਨਹੀਂ ਚਾਹੀਦਾ ਸੀ?

11. ਬੀਮਾਰ ਹੈ ਸ਼ਾਇਦ ਰਾਜ਼ੀ ਹੋ ਜਾਵੇ-ਬੁੱਢੇ ਦੀ ਬਿਮਾਰੀ = ਸਮਾਜਿਕ ਹਕੀਕਤ।

ਰਾਜ਼ੀ ਹੋਣਾ = ਮਰਨ ਨੂੰ ਸਵੀਕਾਰਨਾ।

12. ਮਰ ਚੁੱਕੇ ਪੱਤੇ ਨੂੰ ਵੀ ਮੈਂ ਕੂੜੇ ਵਿੱਚ ਨਹੀਂ ਸੁੱਟਦੀ

ਇਹ ਬਹੁਤ ਨਰਮੀ ਵਾਲੀ ਲਾਈਨ ਹੈ—

ਕਵਿਤਰੀ ਦੀ ਮਨੁੱਖਤਾ ਇੱਥੇ ਚਮਕਦੀ ਹੈ।

13. ਮਿੱਟੀ ਹੋ ਗਿਆ ਪੱਤਾ ਬੂਟੇ ਦੇ ਮੁੱਢ ਵਿਚ ਰੱਖ ਕੇ ਪਾਣੀ ਪਾ ਕੇ

ਇਹ "ਅੰਤਿਮ ਕਿਰਿਆ" ਹੈ—ਕਿਸੇ ਮਨੁੱਖ ਨੂੰ ਮਿੱਟੀ ਸਪੁਰਦ ਕਰਨਾ।

14. ਅੰਤਿਮ ਕਿਰਿਆ ਕਰ ਦੇਂਦੀ ਹਾਂ-ਕਵਿਤਾ ਵਿਚ ਇੱਕ ਰਸਮਾਨਾ ਬੋਧ—ਮੌਤ ਲਈ ਇੱਜ਼ਤ।

15. ਕੁਝ ਦਿਨਾਂ ਬਾਅਦ ਵੇਖਦੀ ਹਾਂ ਮੁੜ ਹਰਾ ਭਰਾ ਹੋ ਕੇ

ਇਹ ਪ੍ਰਕ੍ਰਿਤੀ ਦਾ ਸੰਦੇਸ਼ ਹੈ—ਮੌਤ ਤੋਂ ਜਨਮ, ਨਾਸ ਤੋਂ ਨਵ-ਨਿਰਮਾਣ।

16. ਖ਼ਾਦ ਬਣ ਕੇ ਜੜ੍ਹਾਂ ਵਿਚ ਰਚ ਗਿਆ ਹੈ-ਇਹ ਅਸਤਿੱਤਵਵਾਦੀ ਸੱਚਾਈ ਹੈ—ਹਰ ਮੌਤ ਜੀਵਨ ਦਾ ਆਧਾਰ ਬਣਦੀ ਹੈ।

17. ਕੂਲੀਆਂ ਕਰੂੰਬਲਾਂ ਦੀ ਹਰਿਆਵਲ ਵਿੱਚੋਂ ਹੱਸਦਾ ਹੈ ਹੱਥ ਹਿਲਾਉਂਦਾ ਹੈ

ਰੂਪਕ, ਮਨੁੱਖੀਕਰਨ—ਜਿਵੇਂ ਮਰਿਆ ਹੋਇਆ ਮਨੁੱਖ ਅਗਲੀ ਪੀੜ੍ਹੀ ਦੀ ਹੰਸੀ ਵਿਚ ਜੀਉਂਦਾ ਹੈ।

18. ਮੈਂ ਕਿਤੇ ਨਹੀਂ ਗਿਆ ਮੈਂ ਤਾਂ ਏਥੇ ਹਾਂ

ਇਹ ਬਹੁਤ ਸਮਰੱਥ ਲਾਈਨ ਹੈ—"ਮੌਤ" ਗਾਇਬ ਹੋਣਾ ਨਹੀਂ, ਪਰ ਕਿਸੇ ਹੋਰ ਰੂਪ ਵਿਚ ਟਿਕਣਾ ਹੈ।

19. ਸਦਾ ਤੁਰਦੀ ਜ਼ਿੰਦਗੀ ਦੇ ਅੰਗ-ਸੰਗ ਹਮਜੋਲੀਆਂ ਨਾਲ ਮਿਲ ਕੇ ਰੰਗ-ਤਮਾਸ਼ੇ ਵੇਖ ਰਿਹਾਂ

ਸਮਾਪਤੀ—

ਮੌਤ = ਜੀਵਨ ਦਾ ਸਾਥੀ।

ਜੀਵਨ-ਚੱਕਰ ਦਾ ਚਿਰ-ਸਚ।

20. ਪਰ ਔਹ ਵੇਖੋ! ਬੂਟੇ ਦੇ ਸਿਰੇ 'ਤੇ ਪੰਜ ਛੇ ਥਾਵਾਂ ਤੋਂ ਨਵੀਆਂ ਕਰੂੰਬਲਾਂ ਫੁੱਟ ਆਈਆਂ ਨੇ

ਇਹ ਕਵਿਤਾ ਦਾ ਕਲਾਇਮੈਕਸ ਹੈ—

ਨਵੀਆਂ ਕਰੂੰਬਲਾਂ = ਉਮੀਦ, ਜਨਮ, ਨਵੀਂ ਰੌਸ਼ਨੀ।

ਨਿਸ਼ਕਰਸ਼ : ਆਪਣੀ ਗੱਲ ਕਵਿਤਰੀ ਕਿਵੇਂ ਕਹਿ ਗਈ?

ਕਵਿਤਾ ਸਫਲ ਹੈ —

ਕਿਉਂਕਿ ਇਹ ਕੁਦਰਤ ਦੇ ਇੱਕ ਛੋਟੇ ਦ੍ਰਿਸ਼ ਵਿਚੋਂ ਬ੍ਰਹਿਮੰਡ ਦਾ ਵੱਡਾ ਤੱਤ ਕੱਢ ਕੇ ਦਿੰਦੀ ਹੈ।

ਭਾਵਨਾ — ਸੱਚ

ਭਾਸ਼ਾ — ਸਾਫ਼

ਟੋਨ — ਨਰਮ, ਮਮਤਾਮਈ, ਅਸਤਿੱਤਵਵਾਦੀ

ਸੰਦੇਸ਼ — ਸਕਾਰਾਤਮਕ

ਕਲਾ — ਰੂਪਕ, ਪ੍ਰਤੀਕ, ਮਨੁੱਖੀਕਰਨ ਦੀ ਹੋਸ਼ਿਆਰ ਵਰਤੋਂ

ਪਾਠਕ ਨਾਲ ਨਿਆਂ — ਪੂਰੀ ਤਰ੍ਹਾਂ

ਜਿੱਥੇ ਸੁਧਾਰ ਹੋ ਸਕਦਾ ਹੈ:

ਕੁਝ ਲਾਈਨਾਂ ਵਿਚ ਬੇਲੋੜ ਗੱਲਬਾਤੀ ਅੰਦਾਜ਼ ਬਹੁਤ ਅੱਗੇ ਆ ਜਾਂਦਾ ਹੈ, ਜਿੱਥੇ ਕਵਿਤਾ ਦੀ ਘਣਤਾ ਕੁਝ ਕਮ ਹੋ ਜਾਂਦੀ ਹੈ।

ਹੋਰ ਸੰਕੇਤਮਈ ਅਤੇ ਕਲਾ-ਘਣ ਲਫ਼ਜ਼ ਵਰਤੇ ਜਾ ਸਕਦੇ ਸਨ, ਤਾਂ ਪ੍ਰਤੀਕਾਤਮਕਤਾ ਹੋਰ ਨਿਖਰਦੀ।

ਪਰ ਕੁੱਲ ਮਿਲਾ ਕੇ—

ਇਹ ਕਵਿਤਾ ਹਿਰਦੇ ਦੀ ਗਹਿਰਾਈ ਤੋਂ ਜਨਮੀ ਹੈ ਅਤੇ ਮੌਤ-ਜੀਵਨ ਦੇ ਚੱਕਰ ਨੂੰ ਨਰਮੀ ਨਾਲ ਛੂਹੰਦੀ ਹੈ।

---

*(ਪਿਛਲੇ ਸਫੇ ਦਾ ਬਾਕੀ)*

ਘੁੱਦੇ ਨੂੰ ਘਰ ਛੱਡਣ ਤੱਕ ਦਾ ਦ੍ਰਿਸ਼ ਚਿਤਵਣ 'ਤੇ ਖੂੰਡੀ ਇੱਕ ਪਲ ਵੀ ਪਾਸੇ ਨਹੀਂ ਹੋਈ। ਚੰਡੀਗੜ੍ਹੋਂ ਤੁਰਨ ਤੋਂ ਪਹਿਲਾਂ ਸ਼ਹਿਰ ਜਾ ਵਸੇ ਮਿੱਤਰ ਨੇ ਆਪਣੀ ਬਗੀਚੀ ਵਿੱਚੋਂ ਤੋੜੇ ਕਰੇਲੇ ਅਤੇ ਰਾਮ-ਤੋਰੀਆਂ ਦਾ ਲਿਫਾਫਾ ਘੁੱਦੇ ਨੂੰ ਫੜਾਉਂਦਿਆਂ ਕਿਹਾ ਸੀ "ਪੇਂਡੂਓ, ਸ਼ਹਿਰੀ ਕਰੇਲੇ ਖਾ ਕੇ ਦੱਸਿਓ, ਫਿੱਕੇ ਤਾਂ ਨਹੀਂ"? ਜੋ ਉਸ ਨੇ ਆਪਣੀ ਖੂੰਡੀ ਦੀ ਮੁੱਠ ਨਾਲ ਲਪੇਟ ਲਿਆ ਸੀ ਤਾਂ ਕਿ ਚੇਤਾ ਨਾ ਭੁੱਲ ਜਾਵੇ। ਗੱਡੀ ਵਿਚ ਬੈਠਣ ਤੋਂ ਪਹਿਲਾਂ ਖੂੰਡੀ ਅਤੇ ਸਬਜ਼ੀਆਂ ਵਾਲਾ ਲਿਫਾਫਾ ਪਹਿਲਾਂ ਗੱਡੀ ਵਿਚ ਰੱਖੇ ਸਨ। ਢਾਬੇ 'ਤੇ ਰੁਕਣ ਵੇਲੇ ਵੀ ਘੁੱਦਾ ਖੂੰਡੀ ਦੇ ਸਹਾਰੇ ਪਿਸ਼ਾਬ-ਘਰ ਤੱਕ ਗਿਆ ਸੀ। ਗੱਡੀ ਵਿਚ ਬੈਠਣ ਵੇਲੇ ਉਸਨੇ ਖੂੰਡੀ ਦੋਹਾਂ ਲੱਤਾਂ ਦੇ ਵਿਚਕਾਰ ਰੱਖੀ ਸੀ। ਘਰ ਦੇ ਗੇਟ ਅੰਦਰ ਜਾਣ ਵੇਲੇ ਵੀ ਲਿਫਾਫਾ ਅਤੇ ਖੂੰਡੀ ਉਸਦੇ ਹੱਥ ਵਿਚ ਸਨ। ਉਸ ਤੋਂ ਬਾਅਦ ਖੂੰਡੀ ਕਿੱਥੇ ਖਿਸਕ ਗਈ? ਅਗਲੇ ਦਿਨ ਘੁੱਦੇ ਦਾ ਫੋਨ ਆਇਆ, ਚਹਿਕਦਾ ਹੋਇਆ ਕਹਿੰਦਾ "ਮਾਸਟਰ, ਖੂੰਡੀ ਮਿਲ ਗਈ!" ਮੇਰੇ 'ਕਿੱਥੋਂ' ਪੁੱਛਣ 'ਤੇ ਕਹਿੰਦਾ "ਸਾਡੇ ਘਰ ਸਫਾਈ ਕਰਨ ਵਾਲੀ ਇੱਕ ਦਿਨ ਛੱਡ ਕੇ ਪੋਚੇ ਲਾਉਂਦੀ ਆ।

ਅੱਜ ਵੱਡੇ ਸੋਫੇ ਹੇਠਾਂ ਪੋਚਾ ਲਾਉਣ ਲਈ ਸੋਫੇ ਨੂੰ ਘੜੀਸਿਆ ਤਾਂ ਖੂੰਡੀ ਹੇਠਾਂ ਪਈ ਸੀ"। ਫਿਰ ਆਪ ਹੀ ਕਹਿਣ ਲੱਗਾ "ਮੈਨੂੰ ਲੱਗਦਾ, ਉਸ ਦਿਨ ਖੂੰਡੀ ਮੈਂ ਸੋਫੇ ਦੇ ਨਾਲ ਖੜ੍ਹੀ ਕਰ ਦਿੱਤੀ ਸੀ ਜੋ ਖਿਸਕ ਕੇ ਸੋਫੇ ਦੇ ਪਿੱਛੇ ਡਿਗ ਪਈ ਜਿਸ ਪਾਸੇ ਸਾਡਾ ਧਿਆਨ ਹੀ ਨਹੀਂ ਗਿਆ"।

# ਆਪਣੇ ਲਈ ਵੀ ਵਕਤ ਕੱਢਿਆ ਕਰ ਯਾਰਾ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮਿੱਤਰ ਦਾ ਫ਼ੋਨ ਆਉਂਦਾ ਹੈ। ਬੜੀ ਲੰਮੀ ਚੌੜੀ ਗੱਲਬਾਤ ਹੁੰਦੀ ਹੈ। ਪਰ ਇਸ ਗੱਲਬਾਤ ਵਿਚ ਉਹ ਆਪਣਾ ਸਵੇਰ ਤੋਂ ਸੌਣ ਤੱਕ ਦੀ ਸਮਾਂ-ਸੂਚੀ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਉਹ ਸਾਰਾ ਦਿਨ ਦੀ ਨੱਸ ਭੱਜ ਕਾਰਨ ਬਹੁਤ ਥੱਕ ਜਾਂਦਾ ਹੈ। ਉਮਰ ਦੇ ਤੀਸਰੇ ਪਹਿਰ ਵਿਚ ਉਸਦੇ ਰੁਝੇਵਿਆਂ ਦਾ ਲੇਖਾ-ਜੋਖਾ ਕਰਦਿਆਂ ਇਹ ਮਹਿਸੂਸ ਹੁੰਦਾ ਕਿ ਉਹ ਸਾਰਾ ਦਿਨ ਦੁਨਿਆਵੀ/ਪਰਿਵਾਰਕ ਝੰਮੇਲਿਆਂ ਵਿਚ ਹੀ ਰੁੱਝਿਆ ਰਹਿੰਦਾ ਹੈ। ਇਸ ਸਾਰੀ ਗੱਲਬਾਤ ਵਿਚ ਉਸਦਾ ਖ਼ੁਦ ਦਾ ਜ਼ਿਕਰ ਤਾਂ ਕਿਧਰੇ ਵੀ ਨਹੀਂ। ਸੋਚਦਾ ਹਾਂ ਉਹ ਸਾਰੀ ਗੱਲਬਾਤ ਵਿਚੋਂ ਖ਼ੁਦ ਕਿਉਂ ਗਾਇਬ ਹੈ? ਕੀ ਉਸਨੇ ਕਦੇ ਆਪਣੇ ਲਈ ਵੀ ਸਮਾਂ ਕੱਢਿਆ ਹੈ? ਕੀ ਉਸਨੂੰ ਪਤਾ ਹੈ ਕਿ ਉਮਰ ਤਾਂ ਬੀਤਦੀ ਜਾ ਰਹੀ ਹੈ? ਕੀ ਉਸਨੂੰ ਕਿਆਸ ਹੈ ਕਿ ਜੇਕਰ ਇਸੇ ਤਰ੍ਹਾਂ ਹੀ ਉਹ ਜੀਵਨ ਬਤੀਤ ਕਰਦਾ ਰਿਹਾ ਤਾਂ ਉਹ ਆਪਣੇ ਆਪ ਲਈ ਸਮਾਂ ਕੱਢੇਗਾ ਵੀ ਕਿ ਨਹੀਂ? ਕੀ ਉਹ ਖ਼ੁਦ ਨੂੰ ਮਿਲਣ ਤੋਂ ਬਗੈਰ ਹੀ ਇਸ ਜਹਾਨ ਤੋਂ ਤੁੱਰ ਜਾਵੇਗਾ? ਕੀ ਉਸਨੇ ਆਪਣੀਆਂ ਤਰਜ਼ੀਹਾਂ ਨੂੰ ਆਪਣੇ ਸ਼ੀਸ਼ੇ ਰਾਹੀਂ ਦੇਖਿਆ ਹੈ? ਕੀ ਉਸਦੀ ਤਮੰਨਾਵਾਂ ਅਤੇ ਭਾਵਨਾਵਾਂ ਨੂੰ ਉਹ ਉਡਾਣ ਮਿਲੀ ਹੈ ਜਿਹੜੀ ਉਸਨੇ ਕਦੇ ਚੜ੍ਹਦੀ ਉਮਰੇ ਸੋਚੀ ਸੀ? ਉਹ ਤਾਂ ਅਕਸਰ ਹੀ ਕਹਿੰਦਾ ਹੁੰਦਾ ਸੀ ਕਿ ਆਹ ਕੰਮ ਕਰ ਲਵਾਂ, ਬੱਚਿਆਂ ਨੂੰ ਸੈਟ ਕਰ ਲਵਾਂ, ਘਰ ਬਣਾ ਲਵਾਂ, ਆਦਿ ਅਤੇ ਫਿਰ ਮੈਂ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਜਿਊਣਾ ਹੈ। ਮੈਂ ਅਤੇ ਮੇਰਾ ਵਕਤ ਹੋਵੇਗਾ। ਮੈਂ ਵਕਤ ਨੂੰ ਆਪਣੀਆਂ ਮਨੋਭਾਵਾਂ ਅਤੇ ਰੁੱਚੀਆਂ ਅਨੁਸਾਰ ਜੀਵਾਂਗਾ। ਆਪਣੇ ਖ਼ਾਅਬਾਂ ਅਤੇ ਖਿਆਲਾਂ ਦੀ ਦੁਨੀਆਂ ਵਿਚ ਵਿਚਰਦਿਆਂ ਆਪਣੀ ਜ਼ਿੰਦਗੀ ਨੂੰ ਆਪਣੇ ਤੌਰ-ਤਰੀਕਿਆਂ ਨਾਲ ਪੂਰੇ ਕਰਾਂਗਾ। ਹੁਣ ਮੈਂ ਸੋਚਦਾ ਹਾਂ ਕਿ ਇਹ ਸਿਰਫ਼ ਉਸਦੇ ਹੀ ਨਹੀਂ ਸਾਡੇ ਸਾਰਿਆਂ ਦੇ ਅਧੂਰੇ ਸੁਪਨਿਆਂ ਦੀ ਗਾਥਾ ਹੈ। ਜਿਸ ਤਰ੍ਹਾਂ ਉਹ ਆਪਣੇ ਦਿਨ ਦੇ ਰੁਝੇਵਿਆਂ ਦਾ ਵਿਸਥਾਰ ਦੱਸ ਰਿਹਾ ਸੀ, ਲੱਗਦਾ ਨਹੀਂ ਕਿ ਕਦੇ ਉਹ ਆਪਣੇ ਲਈ ਵੀ ਵਕਤ ਕੱਢ ਸਕੇਗਾ?

ਸਾਡੀ ਪੀੜ੍ਹੀ ਅਖੀਰਲੀ ਪੀੜ੍ਹੀ ਹੋਵੇਗੀ ਜਿਸਦੀ ਇਹ ਤਰਾਸਦੀ ਹੈ ਕਿ ਅਸੀਂ ਆਪਣਾ ਬਚਪਨਾ ਆਪਣੇ ਮਾਪਿਆਂ ਦੀ ਇਛਾਵਾਂ ਅਨੁਸਾਰ ਜੀਵਿਆ ਕਿਉਂਕਿ ਸਾਡੀ ਕਿਸੇ ਵੀ ਚਾਹਨਾ ਦਾ ਕੋਈ ਅਰਥ ਨਹੀਂ ਸੀ ਹੁੰਦਾ। ਮਾਪਿਆਂ ਦਾ ਫੈਸਲਾ ਅਟੱਲ ਹੁੰਦਾ ਸੀ। ਭਾਵੇਂ ਇਹ ਪੜਾਈ ਹੋਵੇ, ਵਿਆਹ ਕਰਵਾਉਣਾ ਜਾਂ ਘਰ ਦਾ ਕੋਈ ਕਾਰਜ ਕਰਨਾ ਹੋਵੇ। ਸਿਰਫ਼ ਮਾਪਿਆਂ ਦੇ ਹੁਕਮ ਦੀ ਪਾਲਣਾ ਸੀ ਸਾਡਾ ਧਰਮ। ਅਵੱਗਿਆ ਦਾ ਤਾਂ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਕਈ ਵਾਰ ਸਾਨੂੰ ਆਪਣੇ ਸੁਪਨਿਆਂ ਦੇ ਪਰ ਖ਼ੁਦ ਹੀ ਕੱਟਣੇ ਪਏ ਅਤੇ ਟੁੱਟੇ ਖੰਭਾਂ ਦੀ ਪਰਵਾਜ ਅੰਬਰਾਂ ਨੂੰ ਤਾਂ ਕਦੇ ਵੀ ਹੱਥ ਨਹੀਂ ਲਾ ਸਕਦੀ। ਮਾਪਿਆਂ ਦੇ ਸਾਧਨ ਵੀ ਸੀਮਤ ਸਨ ਅਤੇ ਉਹ ਸਾਡੀਆਂ ਬਹੁਤ ਸਾਰੀਆਂ ਮੰਗਾਂ ਪੂਰੀਆਂ ਕਰਨ ਦੇ ਅਸਮਰਥ ਸਨ। ਅਸੀਂ ਸਦਾ ਆਗਿਆਕਾਰੀ ਔਲਾਦ ਬਣੇ ਰਹੇ। ਮਾਪਿਆਂ ਵਲੋਂ ਇਹ ਅਚੇਤ ਰੂਪ ਵਿਚ ਮਿਲੀ ਗੁੜਤੀ ਅਤੇ ਜੀਵਨ-ਜਾਚ ਹੈ ਕਿ ਅਸੀਂ ਉਮਰ ਦਾ ਦੂਸਰਾ ਪੜਾਅ ਪਰਿਵਾਰਕ ਜੀਵਨ ਦੀ ਸਥਾਪਤੀ ਅਤੇ ਆਪਣੇ ਲਈ ਆਪਣਾ ਅੰਬਰ ਅਤੇ ਪੈਰਾਂ ਹੇਠਲੀ ਧਰਤ ਭਾਲਣ ਵਿਚ ਲਾਈ ਤਾਂ ਕਿ ਸਾਡੀ ਔਲਾਦ ਜੀਵਨੀ ਮਾਰਗ ਤੇ ਚੱਲਦਿਆਂ ਉਨ੍ਹਾਂ ਤੰਗੀਆਂ-ਤੁਰਸ਼ੀਆਂ ਥੀਂ ਨਾ ਗੁਜਰੇ ਜਿਨ੍ਹਾਂ ਵਿਚ ਲੰਘਦਿਆਂ ਅਸੀਂ ਆਪਣੇ ਰਾਹਾਂ ਦੀ ਨਿਸ਼ਾਨਦੇਹੀ ਕੀਤੀ ਸੀ।

ਫਿਰ ਅਸੀਂ ਆਪਣੇ ਬੱਚਿਆਂ ਦੇ ਮੋਹ ਵਿਚ ਅਜੇਹੇ ਬੱਝ ਗਏ ਕਿ ਉਨ੍ਹਾਂ ਦੀ ਪ੍ਰਵਰਿਸ਼ ਵਿਚੋਂ ਆਪਣਾ ਬਚਪਨ ਦੇਖਣ ਲੱਗ ਪਏ। ਇਸ ਤੋਂ ਬਾਅਦ ਆਪਣੇ ਬੱਚਿਆਂ ਦੇ ਬੱਚਿਆਂ ਵਿਚੋਂ ਆਪਣੇ ਬੱਚਿਆਂ ਦੇ ਬਚਪਨ ਦੀਆਂ ਭੋਲੀਆਂ-ਭਾਲੀਆਂ ਹਰਕਤਾਂ ਅਤੇ ਮਾਸੂਮੀਅਤ ਮਾਣਦਿਆਂ ਆਪਣੇ ਜੀਵਨ ਨੂੰ ਸਾਰਥਿਕ ਕਰਨ ਲੱਗੇ ਕਿਉਂਕਿ ਆਪਣੇ ਬੱਚਿਆਂ ਦੇ ਬਚਪਨੇ ਨੂੰ ਵਾਚਣ ਦਾ ਮੌਕਾ ਹੀ ਨਹੀਂ ਸੀ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੇ ਹੀ ਸਾਹ ਨਾ ਲੈਣ ਦਿੱਤਾ। ਆਪਣੀ ਅਗਲੀ ਪੀੜ੍ਹੀ ਨਾਲ ਮੋਹ ਦੇ ਰਿਸ਼ਤੇ ਦਾ ਬਾਖੂਬੀ ਨਿੱਘ ਮਾਣ ਰਹੇ ਹਾਂ ਅਤੇ ਇਨ੍ਹਾਂ ਸੁਖਨਵਰ ਪਲਾਂ ਨੂੰ ਆਪਣੇ ਜੀਵਨ ਦਾ ਸੁਨਹਿਰੀ ਯੁਗ ਮੰਨਦੇ ਹਾਂ। ਪਰ ਕਦੇ ਕਦੇ ਮਨ ਵਿਚ ਇਹ ਕਸਕ ਜ਼ਰੂਰ ਉਠਦੀ ਕਿ ਉਮਰ ਤਾਂ ਬੀਤ ਹੀ ਚੱਲੀ ਆ, ਆਪਣੇ ਲਈ ਤਾਂ ਸਮਾਂ ਮਿਲਿਆ ਹੀ ਨਹੀਂ?

ਸਮਾਂ ਬਹੁਤ ਤੇਜੀ ਨਾਲ ਬਦਲ ਰਿਹਾ ਅਤੇ ਬਦਲ ਰਹੇ ਨੇ ਲੋਕਾਂ ਦੇ ਸੁਹਜ-ਸਵਾਦ ਅਤੇ ਤਰਜ਼ੀਹਾਂ। ਅਜੋਕੇ ਜੀਵਨ ਵਿਚ ਨਿੱਜਵਾਦ ਭਾਰੂ। ਹਰ ਕੋਈ ਆਪਣੇ ਤੀਕ ਹੀ ਸੀਮਤ। ਉਹ ਆਪਣੀਆਂ ਸੁੱਖ-ਸੁਵਿਧਾਵਾਂ ਮਾਣਦਾ, ਆਪਣੇ ਹੀ ਤਰੀਕੇ ਨਾਲ ਜ਼ਿੰਦਗੀ ਜਿਊਣ ਲਈ ਬਜਿੱਦ। ਕਈ ਵਾਰ ਤਾਂ ਇੰਝ ਲੱਗਦਾ ਕਿ ਜ਼ਿਆਦਾਤਰ ਅੱਜ ਕੱਲ ਦੇ ਮਾਪੇ ਆਪਣੀ ਔਲਾਦ ਲਈ ਉਨੇ ਫ਼ਿਕਰਮੰਦ ਨਹੀਂ, ਜਿੰਨੇ ਸਾਡੇ ਸਮਿਆਂ ਵਿਚ ਹੁੰਦੇ ਸਨ। ਉਨ੍ਹਾਂ ਨੇ ਆਪਣੇ ਸ਼ੌਕ ਪੂਰੇ ਕਰਨ ਤੀਕ ਹੀ ਖ਼ੁਦ ਨੂੰ ਸੀਮਤ ਕਰ ਲਿਆ ਹੈ।

ਸਾਡੇ ਸਮਿਆਂ ਵਿਚ ਮਾਪੇ ਨਿੱਕੇ ਨਿੱਕੀ ਕੁਤਾਹੀ 'ਤੇ ਟੋਕਦੇ, ਜੀਵਨੀ ਕਦਰਾਂ ਕੀਮਤਾਂ ਅਤੇ ਸੁਹਜਮਈ ਤੌਰ-ਤਰੀਕਿਆਂ ਰਾਹੀਂ ਸਾਡੇ ਸਖ਼ਸੀ ਵਿਕਾਸ ਪ੍ਰਤੀ ਸੁਚੇਤ ਹੁੰਦੇ ਸਨ। ਅਜੋਕੇ ਸਮੇਂ ਵਿਚ ਜਦ ਕਈ ਵਾਰ ਕਿਸੇ ਸਮਾਜਿਕ ਇਕੱਠ ਵਿਚ ਕੁਝ ਬੱਚਿਆਂ ਨੂੰ ਖਾਣਾ ਖਾਣ ਵੇਲੇ ਜਾਂ ਸਮਾਗਮ ਵਿਚ ਵਿਚਰਦਿਆਂ ਦੇਖਦਾ ਹਾਂ ਤਾਂ ਇੰਝ ਲੱਗਦਾ ਕਿ ਮਾਪਿਆਂ ਨੇ ਬੱਚਿਆਂ ਨੂੰ ਜੀਵਨ ਦੀਆਂ ਕਦਰਾਂ ਕੀਮਤਾਂ ਅਪਨਾਉਣ ਅਤੇ ਦਿਲਕੱਸ਼ ਸਖ਼ਸ਼ੀਅਤ ਬਣਾਉਣ ਵੱਲ ਤਾਂ ਕਦੇ ਧਿਆਨ ਦਿਤਾ ਹੀ ਨਹੀਂ। ਸਿਰਫ਼ ਉਹ ਤਾਂ ਖ਼ੁਦ ਤੀਕ ਹੀ ਸੀਮਤ ਰਹੇ।

ਔਲਾਦ ਦਾ ਖ਼ੁਦ ਤੀਕ ਹੀ ਸੁੰਗੜ ਜਾਣ ਦਾ ਸੱਭ ਤੋਂ ਵੱਡਾ ਸਬੂਤ ਹੈ ਕਿ ਅਸੀਂ ਆਪਣੇ ਬਜੁਰਗਾਂ ਨੂੰ ਸੀਨੀਅਰ ਹੋਮਾਂ ਵਿਚ ਵਾੜ ਦਿਤਾ ਅਤੇ ਉਨ੍ਹਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿਤੀ ਹੈ। ਭਲਾ! ਉਨ੍ਹਾਂ ਬਜੁਰਗਾਂ ਦੇ ਪੱਲੇ ਕੀ ਪਿਆ ਜਿਨ੍ਹਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਲੇਖੇ ਲਾਈ ਪਰ ਆਖਰੀ ਉਮਰੇ ਬਜੁਰਗ ਆਸ਼ਰਮ




ਵਿਚ ਹੀ ਪਨਾਹ ਮਿਲੀ। ਉਹ ਸੋਚਦੇ ਤਾਂ ਜ਼ਰੂਰ ਹੋਣਗੇ ਕਿ;

ਜਿਸ ਘਰ ਲਈ ਅਸੀਂ ਸਾਰੀ ਉਮਰ ਗਾਲ਼ੀ ਉਹ ਘਰ ਕਿਧਰ ਗਿਆ?

ਬਹੁਤੇ ਕਮਰਿਆਂ ਵਾਲੇ ਘਰ 'ਚ ਸਾਡੇ ਲਈ ਇਕ ਕਮਰਾ ਵੀ ਨਾ ਰਿਹਾ।

ਬੁੱਢੀ ਉਮਰੇ ਸਾਡੀ ਡੰਗੋਰੀ ਦਾ ਤਿੱੜਕ ਜਾਣਾ, ਸਾਹੀਂ ਸੋਗ ਧਰ ਗਿਆ।

ਚੰਗਾ ਭਲਾ ਵੱਸਦਿਆਂ ਦੇ ਹੱਡਾਂ 'ਚ ਕੁੱਖੋਂ ਜਾਇਆਂ ਦਾ ਨਾਸੂਰ ਰਿਸ ਰਿਹਾ।

ਦੁਹਾਈ ਲੋਕੋ! ਕੇਹਾ ਵਕਤ ਕਿ ਆਪਣੀ ਅਰਥੀ ਨੂੰ ਖ਼ੁਦ ਮੋਢਾ ਦੇਣਾ ਪਿਆ।

ਸੀਨੀਅਰ ਹੋਮ ਵਿਚ ਬੈਠਾ ਬਜੁਰਗ ਜ਼ਰੂਰ ਹਿਸਾਬ ਲਾਉਂਦਾ ਹੋਵੇਗਾ ਕਿ ਮੈਂ ਕੀ ਖੱਟਿਆ ਅਤੇ ਕੀ ਕਮਾਇਆ? ਰਹਿ ਗਿਆ ਮੈਂ ਖਾਲੀ ਹੱਥ, ਆਪਣੇ ਘਰ 'ਚ ਹੋਇਆ ਪਰਾਇਆ। ਜੇ ਮੇਰੇ ਨਾਲ ਇਹ ਹੀ ਹੋਣੀ ਸੀ ਤਾਂ ਮੈਂ ਆਪੇ ਨਾਲ ਸਮਾਂ ਕਿਉਂ ਨਾ ਬਿਤਾਇਆ? ਆਪਣੀਆਂ ਰੀਝਾਂ ਨੂੰ ਮਨ ਵਿਚ ਕਿਉਂ ਦਫ਼ਨਾਇਆ। ਕਿਉਂ ਮੈਂ ਆਪਣੇ ਹਿੱਸੇ ਦਾ ਵਕਤ ਗਵਾਇਆ? ਕਿਉਂ ਮੈਂ ਉਸ ਔਲਾਦ ਲਈ ਖੱਪ ਖੱਪ ਮਰਦਾ ਰਿਹਾ ਜਿਹੜੀ ਆਖਰੀ ਵਕਤ ਮੇਰੇ ਸਾਹਾਂ ਨੂੰ ਸੂਲੀ ਤੇ ਟੰਗ ਕੇ ਤੁੱਰ ਗਈ?

ਅਜੇਹੀ ਤਰਾਸਦੀ ਮੇਰੇ ਹੀ ਹਿੱਸੇ ਕਿਉਂ ਆਈ? ਮੇਰੀ ਔਲਾਦ ਇੰਨੀ ਭਾਵਹੀਣ ਅਤੇ ਨਿਰਮੋਹੀ ਕਿਉਂ ਹੋ ਗਈ? ਕੀ ਉਸਦੀਆਂ ਮੋਹ ਦੀਆਂ ਤੰਦਾਂ ਸਿਰਫ਼ ਆਪਣੇ ਹਿੱਤਾਂ ਦੀ ਪੂਰਤੀ ਤੀਕ ਹੀ ਸੀਮਤ ਸਨ। ਮੈਂ ਤਾਂ ਦੋ ਡੰਗ ਦੀ ਰੋਟੀ ਦਾ ਪ੍ਰਾਹੁਣਾ ਸਾਂ। ਪਤਾ ਨਹੀਂ ਕਦੋਂ ਸਦਾ ਲਈ ਜਾਣ ਦਾ ਸੱਦਾ ਆ ਜਾਣਾ ਅਤੇ ਘਰ ਨੂੰ ਵਿਹਲਾ ਕਰ ਜਾਣਾ? ਇਹ ਕੇਹੀ ਕਾਹਲ ਔਲਾਦ ਦੇ ਮਨ ਵਿਚ ਵੱਸੀ ਕਿ ਮਰਨ ਦਾ ਇੰਤਜ਼ਾਰ ਵੀ ਨਾ ਕਰ ਸਕੇ। ਸਗੋਂ ਉਹ ਮੇਰੇ ਜਿਉਂਦੇ ਜੀਅ ਹੀ ਸੱਭ ਕੁਝ ਹੜੱਪਣ ਲਈ ਕਾਹਲੇ? ਬਹੁਤ ਸਾਰੇ ਵਿਚਾਰ ਅਤੇ ਪ੍ਰਸ਼ਨ ਇਕੱਲ ਭੋਗਦੇ ਵਿਅਕਤੀ ਨੂੰ ਘੇਰ ਲੈਂਦੇ। ਇਨ੍ਹਾਂ ਘੁੰਮਣ-ਘੇਰੀਆਂ ਵਿਚ ਉਹ ਆਪਣੇ ਸਾਹਾਂ ਦਾ ਹਿਸਾਬ ਖਤਮ ਕਰ, ਆਪਣਾ ਬਿਸਤਰ ਵਲੇਟ ਲੈਂਦਾ। ਫਿਰ ਕਿਸੇ ਨੂੰ ਯਾਦ ਹੀ ਨਹੀਂ ਰਹਿੰਦਾ ਕਿ ਕੋਈ ਹੁੰਦਾ ਸੀ ਮਾਂ ਵਰਗਾ ਬਾਪ ਜਾਂ ਬਾਪ ਵਰਗੀ ਮਾਂ ਜੋ ਸਾਡੀਆਂ ਲੋੜਾਂ ਅਤੇ ਥੋੜ੍ਹਾਂ ਨੂੰ ਸਾਡੇ ਤੋਂ ਪਹਿਲਾਂ ਜਾਣ ਲੈਂਦਾ/ਲੈਂਦੀ। ਉਸਦਾ ਖਾਲੀ ਬੋਝਾ ਵੀ ਸਾਡੇ ਲਈ ਹਮੇਸ਼ਾ ਭਰਿਆ ਹੁੰਦਾ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਤੁਰਨੋਂ-ਫਿਰਨੋਂ ਆਰੀ ਹੋ ਜਾਈਏ, ਸਾਡਾ ਖਾਣਾ-ਪੀਣਾ ਵੀ ਸੀਮਤ ਹੋ ਜਾਵੇ, ਸਾਡੇ ਸ਼ੌਕ ਸਿਊਂਕੇ ਜਾਣ ਜਾਂ ਸਾਡੇ ਸੁਪਨਿਆਂ ਦਾ ਸੰਦਲੀ ਰੰਗ ਧੁੰਧਲਕੇ ਦਾ ਸ਼ਿਕਾਰ ਹੋ ਜਾਵੇ, ਕੁਝ ਸਮਾਂ ਤਾਂ ਆਪਣੇ ਲਈ ਕੱਢ ਲਿਆ ਕਰੀਏ। ਆਪਣੇ ਅੰਤਰੀਵੀ ਨਾਦ ਨੂੰ ਸੁਣੀਏ। ਅੰਦਰ ਸੁੱਤੀਆਂ ਕਲਾਵਾਂ ਨੂੰ ਜਗਾਈਏ। ਅਚੇਤ ਵਿਚ ਬੈਠੀਆਂ ਸੱਧਰਾਂ ਨੂੰ ਪੂਰਾ ਕਰਨ ਦਾ ਅਹਿਦ ਕਰੀਏ। ਕੁਝ ਅਣਗਾਹੇ ਥਾਵਾਂ ਅਤੇ ਗਰਾਵਾਂ ਨੂੰ ਮਿਲ ਕੇ ਆਪਣੀ ਸੋਚ-ਸੰਵੇਦਨਾ ਨੂੰ ਵਿਸਥਾਰੀਏ। ਆਪਣੇ ਮਨ ਵਿਚ ਸੁੰਘੜ ਗਈ ਸੂਖ਼ਮਤਾ ਨੂੰ ਫੈਲਾਈਏ। ਆਪਣੀ ਸਹਿਜਤਾ ਅਤੇ ਸੁਹਜਤਾ ਵਿਚੋਂ ਸੁਖਨ ਦਾ ਜਾਗ ਆਪਣੀ ਜੀਵਨ ਦੇ ਨਾਮ ਲਾਈਏ ਤਾਂ ਕਿ ਸਾਨੂੰ ਇਹ ਗਿਲ਼ਾ ਨਾ ਹੋਵੇ ਕਿ ਅਸੀਂ ਸਾਰੀ ਉਮਰ ਬੇਅਰਥੀ ਹੀ ਵਿਹਾਜ ਲਈ। ਅਸੀਂ ਆਪਣੇ ਲਈ ਤਾਂ ਵਕਤ ਕੱਢਿਆ ਹੀ ਨਹੀਂ। ਕਿਉਂ ਨਾ ਇਸਦੀ ਸ਼ੁਰੂਆਤ ਅੱਜ ਤੋਂ ਹੀ ਕਰੀਏ।

ਤਿਲਕਦਾ ਜਾ ਰਿਹਾ ਵਕਤ ਸਾਡੀ ਤਲੀ ਤੇ ਇਕ ਪ੍ਰਸ਼ਨ ਖੁਣ ਰਿਹਾ ਕਿ ਮੈਂ ਤਾਂ ਅਰੋਕ ਹਾਂ। ਪਰ ਹੱਥੋਂ ਨਿਕਲ ਰਹੇ ਵਕਤ ਨੂੰ ਐ ਬੰਦੇ! ਕਿਵੇਂ ਵਰਤਣਾ, ਇਹ ਤਾਂ ਤੂੰ ਸੋਚਣਾ ਕਿ ਇਹ ਸਮਾਂ ਤੇਰਾ ਹੈ ਜਾਂ ਤੂੰ ਇਸਨੂੰ ਕਿਸੇ ਅਕ੍ਰਿਤਘਣ ਦੇ ਲੇਖੇ ਲਾਉਣਾ? ਐ ਬੰਦੇ! ਆ ਆਪਾਂ ਦੋਵੇਂ ਇਕਸਾਰ ਹੋਈਏ। ਇਕ ਦੂਜੇ ਵਿਚ ਘੁੱਲ ਮਿਲ ਜਾਈਏ। ਆਉਣ ਵਾਲੇ ਵਕਤ ਨੂੰ ਆਪਣੀ ਤਾਸੀਰ ਅਤੇ ਤਰਜ਼ੀਹ ਅਨੁਸਾਰ ਮਾਣ। ਇਸ ਰੰਗਲੀ ਦੁਨੀਆਂ ਤੋਂ ਤਾਂ 'ਕੇਰਾਂ ਸਭ ਨੇ ਹੀ ਤੁੱਰ ਜਾਣਾ। ਮਨ ਵਿਚ ਸੰਤੁਸ਼ਟੀ ਰੱਖ ਕੇ ਅਤੇ ਬਿਨਾਂ ਕਿਸੇ ਗਿਲ਼ੇ ਜਾਂ ਸ਼ਿਕਵੇ ਤੋਂ, ਹੱਸ ਕੇ ਆਪਣਾ ਆਖਰੀ ਕਦਮ ਧਰਨ ਵਾਲੇ ਜੀਵਨ ਦੇ ਸ਼ਾਹ-ਅਸਵਾਰ ਬਣਨਾ ਜਾਂ ਮਨ ਵਿਚ ਅਣਮਾਣੀਆਂ, ਅਧੂਰੀਆਂ ਤੇ ਅਪੂਰਨ ਆਸਾਂ ਦੀ ਧੂਣੀ ਬਾਲ ਕੇ ਖ਼ੁਦ ਨੂੰ ਰਾਖ਼ ਕਰਦਿਆਂ ਸਿਵੇ ਦੀ ਰਾਖ ਬਨਣਾ, ਇਹ ਤਾਂ ਬੰਦੇ ਤੈਨੂੰ ਹੀ ਸੋਚਣਾ ਪੈਣਾ।

ਮੇਰਾ ਕਾਲਜ ਦਾ ਦੋਸਤ ਹੈ। ਪਿਛਲੇ 50 ਕੁ ਸਾਲਾਂ ਤੋਂ ਵੱਖਰੇ ਵੱਖਰੇ ਦੇਸ਼ਾਂ ਵਿਚ ਪ੍ਰਵਾਸ ਹੰਢਾਉਂਦਾ, ਅਜੇ ਤੀਕ ਵੀ ਗੈਰ-ਕਾਨੂੰਨੀ ਪਰਵਾਸੀ ਹੀ ਹੈ। ਦਿਨ-ਰਾਤ ਮਿਹਨਤ ਕਰਦਾ, ਪਿਛੇ ਪਰਿਵਾਰ ਨੂੰ ਪੈਸੇ ਭੇਜਦਾ, ਇਕ ਮਸ਼ੀਨ ਬਣਿਆ ਹੋਇਆ ਹੈ। ਉਹ ਵਿਆਹਿਆ ਹੋਇਆ ਵੀ ਅਣਵਿਆਹਿਆ ਹੈ। ਘਰ ਵਾਲੀ ਉਸਨੂੰ ਉਡੀਕਦਿਆਂ ਚਾਂਦੀ ਰੰਗੇ ਵਾਲਾਂ ਵਿਚੋਂ ਹੁਣ ਵੀ ਆਪਣੇ ਸੁਹਾਗ ਦਾ ਰੰਗ ਦੇਖਦੀ ਹੈ। ਉਸਦੀਆਂ ਧੀਆਂ ਦੇ ਵਿਆਹ ਵੀ ਉਸਦੀ ਗੈਰਹਾਜਰੀ ਵਿਚ ਹੋਏ। ਉਸਦੇ ਮਾਪੇ ਆਪਣੇ ਪੁੱਤ ਨੂੰ ਮਿਲਣ ਦੀ ਆਸ ਵਿਚ ਇਸ ਦੁਨੀਆਂ ਤੋਂ ਰੁੱਖਸਤ ਹੋ ਗਏ।

ਕਈ ਵਾਰ ਮੈਂ ਸੋਚਦਾ ਹਾਂ ਕਿ ਉਸਦਾ ਸਾਰਾ ਜੀਵਨ ਕਿਸ ਲੇਖੇ ਲੱਗਿਆ? ਕੀ ਉਸਨੇ ਪਰਿਵਾਰਕ ਸੁਖ ਨੂੰ ਮਾਣਿਆ ਜਾਂ ਉਹ ਮਾਣਨਾ ਹੀ ਨਹੀਂ ਸੀ ਚਾਹੁੰਦਾ। ਆਪਣੀਆਂ ਧੀਆਂ ਦਾ ਬਚਪਨਾ ਅਤੇ ਉਨ੍ਹਾਂ ਦੇ ਚਾਵਾਂ ਦੀ ਪੂਰਤੀ ਦਾ ਅਹਿਸਾਸ ਉਹ ਕਿਹੜੇ ਮੁੱਲ ਖਰੀਦੇਗਾ? ਵਿਆਹੁਤਾ ਜੀਵਨ ਦੇ ਰਾਂਗਲੇ ਦਿਨਾਂ ਦੀ ਕਿਹੜੀ ਯਾਦ ਨੂੰ ਉਹ ਚੇਤੇ ਰੱਖੇਗਾ? ਆਪਣੇ ਮਾਪਿਆਂ ਨੂੰ ਅਗਨੀ ਨਾ ਦੇਣ ਦੀ ਪੀੜਾ ਉਸਨੂੰ ਕਿਵੇਂ ਪਲ ਪਲ ਕੋਂਹਦੀ ਹੋਵੇਗੀ? ਉਹ ਕਿਹੜੀ ਦੌੜ ਦੌੜਦਾ ਰਿਹਾ ਕਿ ਉਹ ਖ਼ੁਦ ਨੂੰ ਵੀ ਭੁੱਲ ਗਿਆ। ਉਸਦੀ ਇਸ ਭੁੱਲ ਕਾਰਨ ਉਸਦੀ ਘਰਵਾਲੀ, ਮਾਪੇ ਅਤੇ ਧੀਆਂ ਦੀ ਮਾਨਸਿਕਤਾ ਵਿਚ ਆਈਆਂ ਕੁੜੱਤਣਾਂ ਅਤੇ ਕਰੂਰਤਾ ਦਾ ਹਰਜ਼ਨਾ ਤਾਂ ਉਸਨੂੰ ਰਹਿੰਦੀ ਉਮਰ ਤੀਕ ਭਰਨਾ ਪਵੇਗਾ। ਫਿਰ ਇਕ ਹਿਰਸ ਲੈ ਕੇ ਉਹ ਇਸ ਜਹਾਨ ਤੋਂ ਤੁੱਰ ਜਾਵੇਗਾ ਕਿ ਕਾਸ਼!

ਉਹ ਸਮੇਂ ਸਿਰ ਕੁਝ ਅਜੇਹਾ ਕਰਦਾ ਕਿ ਉਹ ਆਪਣੇ ਹਿੱਸੇ ਦਾ ਜੀਵਨ ਜਿਊਂਦਾ ਤਾਂ ਕਿ ਉਸਦੇ ਪਰਿਵਾਰਕ ਮੈਂਬਰ ਵੀ ਆਪਣੇ ਹਿੱਸੇ ਦੀ ਜ਼ਿੰਦਗੀ ਮਾਣਦੇ, ਆਪਣੇ ਵਕਤ ਨੂੰ ਆਪਣੇ ਰੰਗ ਵਿਚ ਰੰਗਦੇ। ਅਜੇਹੇ ਅਕਾਰਥ ਜੀਵਨ ਦਾ ਕੌਣ ਲੇਖਾ ਕਰੇਗਾ? ਉਸਦੇ ਜਾਣ ਤੋਂ ਬਾਅਦ ਉਹ ਆਪਣਿਆਂ ਦੇ ਚੇਤਿਆਂ ਵਿਚੋਂ ਸਿਵੇ ਦੀ ਰਾਖ ਵਾਂਗ ਉਡ ਜਾਵੇਗਾ।

ਯਾਦ ਰਹੇ ਇਹ ਤਾਂ ਮਨੁੱਖ ਨੇ ਖ਼ੁਦ ਹੀ ਸੋਚਣਾ ਕਿ ਉਸ ਨੇ ਆਪਣੀ ਜੀਵਨ-ਸ਼ੈਲੀ ਨੂੰ ਕਿਸ ਤਰ੍ਹਾਂ ਦਾ ਬਣਾਉਣਾ ਤਾਂ ਕਿ ਉਹ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦਾ, ਆਪਣੇ ਹਿੱਸੇ ਦਾ ਸਮਾਂ ਆਪਣੀ ਇੱਛਾ ਅਨੁਸਾਰ ਬਿਤਾਵੇ। ਉਸਨੂੰ ਕੋਈ ਸ਼ਿਕਵਾ ਨਾ ਹੋਵੇ ਕਿ ਉਹ ਆਪਣੇ ਆਪ ਨੂੰ ਤਾਂ ਮਿਲਿਆ ਹੀ ਨਹੀਂ। ਆਪਣੇ ਹਿੱਸੇ ਦੇ ਪਲਾਂ ਨੂੰ ਆਪਣੀਆਂ ਤਰਜ਼ੀਹਾਂ ਅਨੁਸਾਰ ਮਾਣਿਆ ਹੀ ਨਹੀਂ। ਯਾਰੋ ਵਾਸਤਾ ਈ! ਕਦੇ-ਕਦਾਈਂ ਆਪਣੀ ਜ਼ਿੰਦਗੀ ਨੂੰ ਆਪਣੀ ਚਾਹਤ ਅਨੁਸਾਰ ਜੀਵੀਆ ਕਰੋ। ਇਕ ਵਾਰ ਤੁਰ ਗਏ ਤਾਂ ਕਿਸੇ ਨੇ ਨਹੀਂ ਕਹਿਣਾ ਕਿ ਉਸਨੇ ਸਾਡੇ ਲਈ ਬਹੁਤ ਕੁਝ ਕੀਤਾ। ਸਗੋਂ ਕਹਿਣਗੇ ਕਿ ਉਹ ਕੋਹਲੂ ਦੇ ਬਲਦ ਦੀ ਜੂਨ ਕੱਟ ਗਿਆ। ਆਪਣੀ ਜ਼ਿੰਦਗੀ ਨੂੰ ਤਾਂ ਉਸ ਮਾਣਿਆ ਹੀ ਨਹੀਂ।

ਜ਼ਿੰਦਗੀ ਦੇ ਰੁਝੇਵਿਆਂ ਵਿਚ ਵਕਤ ਦਾ ਪਤਾ ਹੀ ਨਹੀਂ ਲੱਗਦਾ। ਪਰ ਆਪਣੇ ਆਪ ਲਈ ਸਮਾਂ ਤਾਂ ਖ਼ੁਦ ਹੀ ਕੱਢਣਾ ਪੈਣਾ, ਆਪਣੇ ਆਪ ਨੂੰ ਮਿਲਣਾ ਪੈਣਾ ਅਤੇ ਖ਼ੁਦ ਨੂੰ ਕਹਿਣਾ ਪੈਣਾ ਕਿ ਮੈਂ ਹੁਣ ਆਪਣੇ ਸਮਾਂ ਦਾ ਹੱਕਦਾਰ ਹਾਂ। ਬਥੇਰਾ ਕਰ ਲਿਆ ਆਪਣਿਆਂ ਦਾ, ਕੁਝ ਆਪ ਵੀ ਜੀਅ ਕੇ ਦੇਖ ਲਾਂ।

ਆਪਣਾ ਖ਼ਿਆਲ ਰੱਖਣ ਲਈ, ਖ਼ੁਦ ਨੂੰ ਪਿਆਰ ਕਰਨ ਲਈ, ਆਪਣੀਆਂ ਸਰੀਰਕ, ਭਾਵਨਾਤਮਕ ਅਤੇ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਕਰਨ ਲਈ ਅਤੇ ਆਪਣੇ ਅੰਤਰੀਵ ਦੀ ਯਾਤਰਾ ਕਰਨ ਲਈ ਸਮਾਂ ਤਾਂ ਅੱਜ ਹੀ ਕੱਢੋਗੇ ਤਾਂ ਤੁਹਾਡੇ ਲਈ ਬਿਹਤਰ ਹੋਵੇਗਾ। ਉਡੀਕ ਕਿਸ ਗੱਲ ਦੀ ਕਰਦੇ ਹੋ?

ਤੁਸੀਂ ਬੇਸ਼ਕੀਮਤੀ ਹੋ, ਇਸ ਸੱਚ ਨੂੰ ਸਮਝੋ। ਜਦ ਤੱਕ ਇਹ ਨਹੀਂ ਸਮਝਦੇ ਤੁਸੀਂ ਆਪਣੇ ਆਪ ਲਈ ਸਮਾਂ ਕੱਢ ਹੀ ਨਹੀਂ ਸਕੋਗੇ। ਖ਼ੁਦ ਦੀ ਅਹਿਮੀਅਤ ਨੂੰ ਸਮਝਣ ਵਾਲੇ ਆਪਣੇ ਲਈ ਵਕਤ ਵਿਚੋਂ ਵੀ ਵਕਤ ਕੱਢ ਹੀ ਲੈਂਦੇ। ਆਖਰ ਨੂੰ ਤਾਂ;

ਸਾਹਾਂ ਸੰਦੜਾ ਸਾਜ ਇਕ ਦਮ ਰੁੱਕ ਜਾਣਾ।
ਦੁਨੀਆਂ ਉਤੋਂ ਦਾਣਾ ਪਾਣੀ ਮੁੱਕ ਜਾਣਾ।
ਯਾਦਾਂ ਤੇਰੀਆਂ ਕੁਝ ਚਿਰ ਚੇਤੇ ਰਹਿਣਗੀਆਂ,
ਆਖਰ ਨੂੰ ਇਨ੍ਹਾਂ ਵੀ ਮਨਾਂ 'ਚੋਂ ਉੱਕ ਜਾਣਾ।
ਐਂਵੇਂ ਭਰਮ ਭੁਲੇਖੇ ਤੇਰੀਆਂ ਗਿਣਤੀਆਂ ਦੇ,
ਕੁੜਮ ਕਬੀਲਾ ਪਲ 'ਚ ਸੱਥਰੀਂ ਢੁੱਕ ਜਾਣਾ।
ਹਰ ਪਲ ਨੂੰ ਰੱਜ ਜੀਣਾ ਜ਼ਿੰਦਗੀ ਹੁੰਦਾ ਏ,
ਤੇਰੀ ਹੋਂਦ ਨੇ ਬੀਤੇ ਦੇ ਵਿਚ ਲੁੱਕ ਜਾਣਾ।
ਵਕਤ ਦੀ ਬੀਹੀ ਕਈ ਵਜਾ'ਗੇ ਵਾਜੇ ਨੇ,
ਤੇਰੀ ਹੋਂਦ ਨੇ ਆਖਰ ਮਿੱਟੀ 'ਚ ਛੁੱਪ ਜਾਣਾ।
ਸਾਹਾਂ ਦਾ ਸਿਰਨਾਵਾਂ ਤੈਨੂੰ ਲੱਭਣਾ ਨਹੀਂ,
ਅੰਬਰੀਂ ਜਾਪਦੀ ਡੋਰ ਨੇ ਦੇਖੀਂ ਟੁੱਟ ਜਾਣਾ।

ਚੇਤੇ ਰਹੇ! ਆਪਣੇ ਆਪ ਲਈ ਸੱਭ ਤੋਂ ਵੱਡਾ ਤੋਹਫ਼ਾ ਖ਼ੁਦ ਨੂੰ ਦਿੱਤਾ ਸਮਾਂ ਹੁੰਦਾ ਜਦੋਂ ਤੁਸੀਂ ਖ਼ੁਦ ਵਿਚੋਂ ਉਸ ਖ਼ੁਦ ਨੂੰ ਭਾਲਦੇ ਹੋ ਜਿਹੜਾ ਤੁਹਾਡੇ ਤੋਂ ਸਦਾ ਅਣਜਾਣ ਹੀ ਰਿਹਾ।

ਯਾਰਾ ਆਪਣਾ ਖਿਆਲ ਰੱਖਿਆ ਕਰ। ਆਪਣੇ ਲਈ ਵਕਤ ਜ਼ਰੂਰ ਕੱਢੀਂ ਕਿਉਂਕਿ ਤੇਰੇ ਵਰਗਾ ਮੇਰੇ ਕੋਲ ਹੋਰ ਨਹੀਂ ਹੈ। ਐਂਵੇ ਸ਼ਿਕਵਾ ਨਾ ਕਰਿਆ ਕਰ ਕਿ ਕਦੋਂ ਮੈਨੂੰ ਆਪਣੇ ਆਪ ਲਈ ਸਮਾਂ ਮਿਲੇਗਾ?

ਜ਼ਿੰਦਗੀ ਨੂੰ ਅੱਜ ਵਿਚ ਜੀਓ। ਕੱਲ ਨੂੰ ਪਤਾ ਨਹੀਂ ਕੀ ਹੋਵੇ। ਤੁਸੀਂ ਰਹੋ ਜਾਂ ਨਾ ਰਹੋ। ਅੱਜ ਤਾਂ ਤੁਹਾਡੇ ਹੱਥ-ਵੱਸ ਹੈ। ਇਸਨੂੰ ਜੀਵਨ ਦੀ ਅਣਮੁੱਲੀ ਅਮਾਨਤ ਬਣਾਓ।

# ਫ਼ਿਲਮ ਲੋਕ

## ਆਮਰ ਹੋ ਗਿਆ ਬਾਲੀਵੁੱਡ ਦਾ 'ਹੀ ਮੈਨ'

ਧਰਮਿੰਦਰ ਮੰਨੇ ਪ੍ਰਮੰਨੇ ਸੁਪਰ ਸਟਾਰਾਂ 'ਚੋਂ ਇਕ ਸਨ। ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਾਲੀਵੁੱਡ ਦੇ "ਹੀ ਮੈਨ" ਧਰਮਿੰਦਰ ਨੇ ਜੋ ਮੁਕਾਮ ਫ਼ਿਲਮ ਇੰਡਸਟਰੀ 'ਚ ਹਾਸਿਲ ਕੀਤਾ ਸ਼ਾਇਦ ਹੀ ਕੋਈ ਹਾਸਲ ਕਰ ਸਕਿਆ ਹੋਵੇ। ਅਭਿਨੇਤਾ, ਨੇਤਾ, ਨਿਰਮਾਤਾ ਤੇ ਸ਼ਾਇਰ ਧਰਮਿੰਦਰ ਨੇ ਸਿਨੇਮਾ ਦੀ ਦੁਨੀਆ 'ਚ ਇਕ ਡੂੰਘੀ ਛਾਪ ਛੱਡੀ ਹੈ। ਉਹ ਸਿਰਫ ਇਕ ਫ਼ਿਲਮੀ ਸਿਤਾਰਾ ਹੀ ਨਹੀਂ ਸੀ ਬਲਕਿ ਹਿੰਦੀ ਫ਼ਿਲਮਾਂ ਦੇ ਹਰ ਰੁਝਾਨ ਨੂੰ ਸਮਝਣ ਵਾਲਾ ਤੇ ਉਸ ਨੂੰ ਆਪਣੀ ਅਦਾਕਾਰੀ ਨਾਲ ਪਰਿਭਾਸ਼ਿਤ ਕਰਨ ਵਾਲਾ ਮਹਾਨਾਇਕ ਵੀ ਸੀ। ਉਸ ਨੇ ਸਾਰੇ ਸ਼ਤਰੰਜੀ ਸਟੰਟਾਂ ਵਾਲੇ ਕਿਰਦਾਰਾਂ ਤੋਂ ਲੈ ਕੇ ਡੂੰਘੀਆਂ ਭਾਵਨਾਵਾਂ ਦੀ ਪੇਸ਼ਕਸ਼ ਤੱਕ, ਹਰ ਕਿਰਦਾਰ 'ਚ ਜ਼ਿੰਦਗੀ ਦੀ ਇਕ ਨਵੀਂ ਤਸਵੀਰ ਪੇਸ਼ ਕੀਤੀ। ਇਕ ਫ਼ਿਲਮ ਪੱਤ੍ਰਿਕਾ 'ਚ ਨਵੇਂ ਕਲਾਕਾਰਾਂ ਦੀ ਚੋਣ ਨੂੰ ਲੈ ਕੇ ਇਕ ਇਸ਼ਤਿਹਾਰ ਛਪਿਆ ਤਾਂ ਧਰਮਿੰਦਰ ਨੇ ਆਪਣੀ ਫੋਟੋ ਭੇਜ ਦਿੱਤੀ। ਜਿਨ੍ਹਾਂ ਜੱਜਾਂ ਨੇ ਉਨ੍ਹਾਂ ਫੋਟੋਆਂ 'ਚੋਂ ਧਰਮਿੰਦਰ ਨਾਂਅ ਦੇ ਸਖ਼ਸ਼ ਦੀ ਫੋਟੋ ਨੂੰ ਚੁਣਿਆ ਉਨ੍ਹਾਂ ਜੱਜਾਂ 'ਚ ਅਭਿਨੇਤਾ ਸੁਨੀਲ ਦੱਤ ਤੇ ਅਭਿਨੇਤਰੀ ਨਰਗਿਸ ਦੇ ਨਾਂਅ ਸ਼ਾਮਲ ਹਨ। ਇਸ ਤੋਂ ਬਾਅਦ ਧਰਮਿੰਦਰ ਨੂੰ ਮੁੰਬਈ ਬੁਲਾਇਆ ਗਿਆ ਤੇ ਉਨ੍ਹਾਂ ਦਾ ਆਡੀਸ਼ਨ ਲਿਆ ਗਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ 1960 'ਚ ਨਿਰਦੇਸ਼ਕ ਅਰਜੁਨ ਹਿੰਗਰੋਨੀ ਨਾਲ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' 'ਚ ਕੰਮ ਕੀਤਾ, ਜਿਸ 'ਚ ਉਨ੍ਹਾਂ ਦੀ ਹੀਰੋਇਨ ਕੁਮਕੁਮ ਸੀ। ਫ਼ਿਲਮ 'ਫੂਲ ਔਰ ਪੱਥਰ' ਤੋਂ ਉਨ੍ਹਾਂ ਨੂੰ ਪਹਿਚਾਣ ਮਿਲੀ। ਇਸ ਤੋਂ ਬਾਅਦ ਤਾਂ ਉਨ੍ਹਾਂ ਲਈ ਸਫ਼ਲਤਾ



ਦੇ ਰਸਤੇ ਖੁੱਲ੍ਹ ਗਏ। ਧਰਮਿੰਦਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ 'ਚ ਮੀਨਾ ਕੁਮਾਰੀ, ਰਾਜ ਸ੍ਰੀ, ਤਨੂਜਾ, ਨੂਤਨ, ਵੈਜੰਤੀ ਮਾਲਾ, ਮਾਲਾ ਸਿਨ੍ਹਾ, ਸ਼ਰਮੀਲਾ ਟੈਗੋਰ, ਵਹੀਦਾ ਰਹਿਮਾਨ, ਆਸ਼ਾ ਪਾਰੇਖ, ਸਾਧਨਾ, ਸਾਇਰਾ ਬਾਨੋ, ਰਾਖੀ ਤੇ ਜ਼ੀਨਤ ਅਮਾਨ ਆਦਿ ਅਭਿਨੇਤਰੀਆਂ ਨਾਲ ਕੰਮ ਕੀਤਾ ਪਰ ਸਭ ਤੋਂ ਜ਼ਿਆਦਾ ਫ਼ਿਲਮਾਂ ਉਨ੍ਹਾਂ ਨੇ ਅਦਾਕਾਰਾ ਹੇਮਾ ਮਾਲਿਨੀ ਨਾਲ ਕੀਤੀਆਂ। ਇਸ ਤੋਂ ਬਾਅਦ ਜਿਨ੍ਹਾਂ ਅਭਿਨੇਤਰੀਆਂ ਨਾਲ ਧਰਮਿੰਦਰ ਨੇ ਸਭ ਤੋਂ ਜ਼ਿਆਦਾ ਕੰਮ ਕੀਤਾ ਉਨ੍ਹਾਂ 'ਚ ਰੇਖਾ, ਅਨੀਤਾ ਰਾਜ, ਜਯਾ ਪ੍ਰਦਾ, ਰੀਨਾ ਰਾਏ, ਰੱਤੀ ਅਗਨੀਹੋਤਰੀ, ਅੰਮ੍ਰਿਤਾ ਸਿੰਘ ਤੇ ਡਿੰਪਲ ਕਪਾਡੀਆ ਆਦਿ ਹਨ। ਕੁਝ ਨਾਇਕਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਨਾਲ ਧਰਮਿੰਦਰ ਸਿਰਫ਼ ਇਕ ਅੱਧੀ ਵਾਰ ਹੀ ਨਜ਼ਰ ਆਏ। ਇਨ੍ਹਾਂ 'ਚ ਅਦਾਕਾਰਾ ਸ੍ਰੀਦੇਵੀ ਨਾਲ ਫ਼ਿਲਮ 'ਨਾਕਾਬੰਦੀ', ਨੀਤੂ ਸਿੰਘ ਨਾਲ ਫ਼ਿਲਮ 'ਚੁਨੌਤੀ', ਕਿਮੀ ਕਾਟਕਰ ਨਾਲ ਫ਼ਿਲਮ 'ਹਮਲਾ', ਬਬੀਤਾ ਨਾਲ ਫ਼ਿਲਮ 'ਕਬ ਕਿਉਂ ਔਰ ਕਹਾਂ', ਦੀਪਾ ਸਾਹੀ ਨਾਲ ਫ਼ਿਲਮ 'ਤ੍ਰੀਨੇਤਰ', ਪੂਨਮ ਢਿੱਲੋਂ ਨਾਲ ਫ਼ਿਲਮ 'ਸੋਨੇ ਪੇ ਸੁਹਾਗਾ', ਦੀਪਸ਼ਿਖ਼ਾ ਨਾਲ ਫ਼ਿਲਮ 'ਸੈਕਿੰਡ ਹੈਂਡ ਹਸਬੈਂਡ', ਅਦਾਕਾਰਾ ਸਮਿਤਾ ਪਾਟਿਲ ਨਾਲ




ਫ਼ਿਲਮ 'ਬਦਲੇ ਕੀ ਆਗ', ਪਰਵੀਨ ਬਾਬੀ ਨਾਲ ਫ਼ਿਲਮ 'ਜਾਨੀ ਦੋਸਤ', ਜਯਾ ਭਾਦੁੜੀ ਨਾਲ ਫ਼ਿਲਮ 'ਸਮਾਧੀ', ਸ਼ਬਾਨਾ ਆਜ਼ਮੀ ਨਾਲ 'ਮਰਦੋਂ ਵਾਲੀ ਬਾਤ', ਤੇ ਲੀਨਾ ਚੰਦਾ ਵਰਕਰ ਨਾਲ ਫ਼ਿਲਮ "ਰਖਵਾਲਾ" ਦੇ ਨਾਮ ਸ਼ਾਮਿਲ ਹਨ।ਜਦ ਲੀਨਾ ਦੇ ਪਹਿਲੇ ਪਤੀ ਹਸਪਤਾਲ ਵਿੱਚ ਸਨ ਤਾਂ ਧਰਮਿੰਦਰ ਨੇ ਆਪਣੇ ਵਿਦੇਸ਼ ਦੌਰੇ ਦੌਰਾਨ ਫੋਨ ਕਰਕੇ ਕੁਝ ਦਵਾਈਆਆਂ ਹਸਪਤਾਲ 'ਚ ਪਹੁੰਚਦੀਆਂ ਕੀਤੀਆਂ। ਜਦ ਲੀਨਾ ਦੇ ਭਰਾ ਨੇ ਦਵਾਈਆਂ ਤੇ ਆਏ ਖ਼ਰਚੇ ਬਾਰੇ ਧਰਮਿੰਦਰ ਨਾਲ ਗੱਲ ਕਰਨੀ ਚਾਹੀ ਤਾਂ ਧਰਮਿੰਦਰ ਨੇ ਖ਼ਰਚੇ ਬਾਰੇ ਗੱਲ ਕਰਨ ਤੋਂ ਇਨਕਾਰ ਕਰਦਿਆਂ ਲੀਨਾ ਦੇ ਭਰਾ ਨੂੰ ਪਿਆਰ ਨਾਲ ਝਿੜਕ ਦਿੱਤਾ ਸੀ। ਕੂੱਲ ਮਿਲਾ ਕੇ ਧਰਮਿੰਦਰ ਜ਼ਮੀਨ ਨਾਲ ਜੁੜੇ ਹੋਏ ਕਲਾਕਾਰ ਸਨ। ਫ਼ਿਲਮ 'ਰਖ਼ਵਾਲਾ' ਤੋਂ ਬਾਅਦ ਚਾਹੇ ਲੀਨਾ ਚੰਦਾ ਵਰਕਰ ਦੀ ਇਹ ਖ਼ਵਾਹਿਸ਼ ਰਹੀ ਕਿ ਧਰਮਿੰਦਰ ਨਾਲ ਕੰਮ ਕਰੇ ਪਰ ਉਸ ਦੀ ਇਹ ਇੱਛਾ ਪੂਰੀ ਨਾ ਹੋ ਸਕੀ। ਫ਼ਿਲਮ 'ਮਰਦੋਂ ਵਾਲੀ ਬਾਤ' 'ਚ ਧਰਮਿੰਦਰ ਤੇ ਅਦਾਕਾਰਾ ਪ੍ਰੀਤੀ ਸਪਰੂ 'ਤੇ ਇਕ ਗੀਤ ਵੀ ਫ਼ਿਲਮਾਇਆ ਗਿਆ ਸੀ ਜਿਸ ਨੂੰ ਗਾਇਕਾ ਆਸ਼ਾ ਭੌਂਸਲੇ ਨੇ ਗਾਇਆ ਸੀ। ਫ਼ਿਲਮ 'ਇਜ਼ ਕੇ ਉਸ ਪਾਰ 'ਚ ਧਰਮਿੰਦਰ ਤੇ ਯੋਗਿਤਾ ਬਾਲੀ 'ਤੇ ਵੀ ਇਕ ਗੀਤ ਫ਼ਿਲਮਾਇਆ ਗਿਆ ਸੀ ਇਸ ਗੀਤ 'ਚ ਵੀ ਆਸ਼ਾ ਭੌਂਸਲੇ ਨੇ ਹੀ ਆਵਾਜ਼ ਦਿੱਤੀ ਸੀ। ਇਸੇ ਤਰ੍ਹਾਂ ਹੀ ਫ਼ਿਲਮ ਇੱਜ਼ਤ 'ਚ ਵੀ ਧਰਮਿੰਦਰ ਤੇ ਜਯਾਲਲਿਤਾ ਤੇ ਇਕ ਗੀਤ ਫ਼ਿਲਮਾਇਆ ਸੀ ਜਿਸ ਨੂੰ ਲਤਾ ਮੰਗੇਸ਼ਕਰ ਨੇ ਆਪਣੀ ਮਿੱਠੀ ਆਵਾਜ਼ ਦਿੱਤੀ ਸੀ।

## ਦਰਸ਼ਕਾਂ ਦੇ ਦਿਲਾਂ 'ਤੇ ਖੁਣੀ ਗਈ ਧਰਮਿੰਦਰ ਦੀ "ਪ੍ਰਤਿੱਗਿਆ"

ਸਾਲ 1975 ਹਿੰਦੀ ਸਿਨੇਮਾ ਲਈ ਸਭ ਤੋਂ ਯਾਦਗਾਰ ਸਾਲ ਰਿਹਾ ਸੀ। 'ਸ਼ੋਅਲੇ', 'ਦੀਵਾਰ' 'ਚੁਪਕੇ-ਚੁਪਕੇ' ਤੇ 'ਆਂਧੀ' ਵਰਗੀਆਂ ਫਿਲਮਾਂ ਨੇ ਸ਼ੈਲੀ ਤੇ ਕਹਾਣੀ ਕਹਿਣ ਦੇ ਢੰਗ ਦੀ ਪਰਿਭਾਸ਼ਾ ਨਵੇਂ ਸਿਰੇ ਤੋਂ ਬਣਾਈ। ਇਸੇ ਦੌਰ 'ਚ ਪ੍ਰਦਰਸ਼ਿਤ ਹੋਈ ਦੁਲਾਲ ਗੋਹਾ ਦੀ ਫਿਲਮ 'ਪ੍ਰਤਿੱਗਿਆ'। ਫਿਲਮ ਨੇ ਬਿਨਾਂ ਕਿਸੇ ਝਿਜਕ ਦੇ ਦਰਸ਼ਕਾਂ ਨੂੰ ਮਸਾਲੇਦਾਰ ਮਨੋਰੰਜਨ ਦਾ ਪੂਰਾ ਸਵਾਦ ਦਿੱਤਾ। ਧਰਮਿੰਦਰ ਤੇ ਹੇਮਾ ਮਾਲਿਨੀ ਦੀ ਇਹ ਫਿਲਮ ਐਕਸ਼ਨ, ਹਾਸਰਸ, ਸੰਗੀਤ ਤੇ ਮੇਲੋਡਰਾਮਾ ਦਾ ਅਨੋਖਾ ਸੰਗਮ ਸੀ। ਇਹ 20ਵੀਂ ਸ਼ਤਾਬਦੀ ਦੇ ਸੱਤਵੇਂ ਦਹਾਕੇ ਦੀ ਹਰਮਨਪਿਆਰੀ ਫਿਲਮਾਂ ਦਾ ਆਦਰਸ਼ ਉਦਾਹਰਣ ਬਣ ਗਈ, ਜਿਸ ਦੀ ਤਾਜ਼ਗੀ ਅਤੇ ਆਕਰਸ਼ਣ 50 ਸਾਲ ਬਾਅਦ ਵੀ ਕਾਇਮ ਹੈ। ਜਿੱਥੇ 'ਸ਼ੋਅਲੇ' ਨੇ ਧਰਮਿੰਦਰ ਦੀ ਪਛਾਣ ਇਕ ਰੋਮਾਂਟਿਕ ਐਕਸ਼ਨ ਹੀਰੋ ਦੇ ਰੂਪ 'ਚ ਮਜ਼ਬੂਤ ਕੀਤੀ, ਉੱਥੇ ਹੀ 'ਪ੍ਰਤਿੱਗਿਆ' ਨੇ ਉਨ੍ਹਾਂ ਦੀ ਇਸ ਛਵੀ ਦੇ ਨਾਲ-ਨਾਲ ਉਨ੍ਹਾਂ ਦਾ ਹਾਸਰਸ ਪੱਖ ਵੀ ਉਜਾਗਰ ਕੀਤਾ।

ਇਹ ਫਿਲਮ ਸਿਰਫ਼ ਬਾਕਸ ਆਫਿਸ 'ਤੇ ਸਫਲਤਾ ਦੇ ਲਈ ਹੀ ਨਹੀਂ ਸਗੋਂ ਧਰਮਿੰਦਰ ਨੂੰ ਉਨ੍ਹਾਂ ਦੇ ਯਾਦਗਾਰ ਗੀਤ 'ਮੈਂ ਜੱਟ ਯਮਲਾ ਪਗਲਾ 'ਦੀਵਾਨਾ' ਦੇ ਲਈ ਵੀ ਜਾਣੀ ਜਾਂਦੀ ਹੈ। ਇਸ ਗੀਤ ਦੀ ਹਰਮਨਪਿਆਰਤਾ ਨੇ 'ਪ੍ਰਤਿੱਗਿਆ' ਫਿਲਮ ਨੂੰ ਹਿੰਦੀ ਸਿਨੇਮਾ ਦੇ ਇਤਿਹਾਸ 'ਚ ਪੱਕੀ ਥਾਂ ਦਿਵਾ ਦਿੱਤੀ। ਹੋਰ ਰਵਾਇਤੀ ਹਿੰਦੀ ਫਿਲਮਾਂ ਦੇ ਵਾਂਗ 'ਪ੍ਰਤਿੱਗਿਆ' ਵੀ ਗੁਆਚੇ ਹੋਏ ਪਰਿਵਾਰ, ਡਕੈਤ, ਬਦਲੇ ਅਤੇ ਵਿਅਕਤੀ ਦਾ ਨਾ-ਇਨਸਾਫ਼ੀ ਦੇ ਖ਼ਿਲਾਫ਼ ਖੜ੍ਹੇ ਹੋਣ ਵਰਗੀ ਕਹਾਣੀ 'ਤੇ ਆਧਾਰਿਤ ਹੈ ਪਰ ਦੁਲਾਲ ਗੋਹਾ ਨੇ ਇਸ 'ਚ ਚਟਪਟੈ ਟਵਿਸਟ ਨਾਲ ਅਜਿਹਾ ਰੰਗ ਭਰਿਆ ਕਿ ਪੂਰੀ ਕਹਾਣੀ ਜੀਵੰਤ ਅਤੇ ਮਜ਼ੇਦਾਰ ਸਫ਼ਰ ਬਣ ਗਈ। ਧਰਮਿੰਦਰ ਨੇ ਇਸ ਫਿਲਮ 'ਚ ਇਕ ਟਰੱਕ ਡਰਾਈਵਰ ਅਜੀਤ ਸਿੰਘ ਦਾ ਕਿਰਦਾਰ ਨਿਭਾਇਆ, ਜਿਸ ਦੇ ਪਰਿਵਾਰ ਦੀ ਹੱਤਿਆ ਡਕੈਤ ਭਰਤ (ਅਜੀਤ) ਕਰ ਦਿੰਦਾ ਹੈ ਅਤੇ ਸਭ ਕੁਝ ਗਵਾ ਕੇ ਅਜੀਤ ਆਪਣੇ ਪਰਿਵਾਰ ਦੀ ਹੱਤਿਆ ਦਾ ਬਦਲਾ ਲੈਣ ਦੀ ਪ੍ਰਤਿਗਿਆ ਲੈਂਦਾ ਹੈ। ਗੋਹਾ ਅਤੇ ਲੇਖਕ ਨਰੇਂਦੂਘੋਸ਼ ਨੇ ਇਸ 'ਚ ਕਾਮੇਡੀ ਦਾ ਅਜਿਹਾ ਤੜਕਾ ਲਾਇਆ, ਜਿਸ ਨਾਲ ਇਹ ਰੌਚਕ ਹੋ ਗਈ। ਡਕੈਤਾਂ ਦੇ ਇਲਾਕੇ 'ਚ ਵੜਨ ਅਤੇ ਬਦਲਾ ਲੈਣ ਦੇ ਲਈ ਅਜੀਤ (ਧਰਮਿੰਦਰ) ਇਕ ਪੁਲਿਸ ਇੰਸਪੈਕਟਰ ਹੋਣ ਦਾ ਨਾਟਕ ਕਰਦਾ



ਹੈ। ਉਸਦਾ ਇਹੀ ਰੂਪ ਫਿਲਮ ਦੇ ਸਭ ਤੋਂ ਮਜ਼ੇਦਾਰ ਦ੍ਰਿਸ਼ ਰਚਦਾ ਹੈ। ਆਮ ਆਦਮੀ ਦਾ ਆਪਣਾ ਕੰਮ ਕੱਢਣ ਦੇ ਲਈ ਪੁਲਿਸ ਦਾ ਡਰਾਮਾ ਕਰਨਾ ਕੋਈ ਨਵਾਂ ਵਿਚਾਰ ਨਹੀਂ ਸੀ ਪਰ ਇੱਥੇ ਧਰਮਿੰਦਰ ਦੀ ਕਾਮਿਕ ਟਾਈਮਿੰਗ ਅਤੇ ਅਦਾਕਾਰੀ ਇਸ ਨੂੰ ਰੌਚਕ ਬਣਾ ਦਿੰਦੇ ਹਨ। ਹੇਮਾ ਮਾਲਿਨੀ ਇਸ 'ਚ ਪਿੰਡ ਦੀ ਚੰਚਲ ਕੁੜੀ ਰਾਧਾ ਦੇ ਕਿਰਦਾਰ 'ਚ ਹੈ ਜੋ ਅਜੀਤ ਦੇ ਝੂਠੇ ਪੁਲਸੀਆ ਅੰਦਾਜ਼ 'ਤੇ ਫਿਦਾ ਹੋ ਜਾਂਦੀ ਹੈ। ਹੇਮਾ ਤੇ ਧਰਮਿੰਦਰ ਦੀ ਜੋੜੀ ਪਹਿਲਾਂ 'ਸੀਤਾ ਔਰ ਗੀਤਾ' 'ਚ ਸ਼ਲਾਘਾਯੋਗ ਸੀ ਅਤੇ ਬਾਅਦ 'ਚ 'ਸ਼ੋਅਲੇ' 'ਚ ਅਮਰ: ਹੋ ਗਈ। ਪ੍ਰਤਿੱਗਿਆ 'ਚ ਵੀ ਦੋਵਾਂ ਨੇ ਨੋਕ-ਝੋਕ ਮਸਤੀ ਭਰੇ ਝਗੜੇ ਅਤੇ ਗਾਣੇ ਦਰਸ਼ਕਾਂ ਨੂੰ ਖ਼ੂਬ ਪਸੰਦ ਆਏ। ਇਹ ਫਿਲਮ ਪੂਰੀ ਤਰ੍ਹਾਂ ਧਰਮਿੰਦਰ ਦੇ ਆਲੇ-ਦੁਆਲੇ ਘੁੰਮਦੀ ਹੈ। 1975 ਤੱਕ ਧਰਮਿੰਦਰ ਨੇ ਅਜਿਹੀ ਛਵੀ ਬਣਾ ਲਈ ਸੀ, ਜਿਸ ਵਿਚ ਤਾਕਤ ਅਤੇ ''ਕਾਮੇਡੀ ਦਾ ਸੁਮੇਲ ਸੀ। ਅਜਿਹਾ ਮੇਲ ਬਹੁਤ ਘੱਟ ਅਦਾਕਾਰ ਕਰ ਪਾਉਂਦੇ ਹਨ। ਜਿੱਥੇ ਅਮਿਤਾਭ ਬੱਚਨ ਦਾ 'ਐਂਗਰੀ ਯੰਗਮੈਨ' ਰੂਪ ਉਸ ਦਹਾਕੇ ਵਿਚ ਹਾਵੀ ਸੀ, ਉੱਥੇ ਹੀ ਧਰਮਿੰਦਰ ਦੀ ਖ਼ਾਸੀਅਤ ਉਨ੍ਹਾਂ ਦਾ ਹਲਕਾ-ਫੁਲਕਾ ਅੰਦਾਜ਼ ਸੀ। ਫਿਰ ਆਉਂਦਾ ਹੈ ਗੀਤ'ਮੈ ਜੱਟ ਜਮਲਾ ਪਗਲਾ ਦੀਵਾਨਾ' ਇਹ ਸਿਰਫ਼ ਗੀਤ ਨਹੀਂ ਰਿਹਾ ਸਗੋਂ ਧਰਮਿੰਦਰ ਦੀ ਇਕ ਪਛਾਣ ਬਣ ਗਿਆ। ਇਸ ਗਾਣੇ 'ਚ ਕੀਤੇ ਗਏ ਉਨ੍ਹਾਂ ਦੇ ਡਾਂਸ ਸਟੈਪ ਨੂੰ ਕਈ ਫਿਲਮਾਂ 'ਚ ਅਣਗਿਣਤ ਵਾਰ ਦੁਹਰਾਇਆ ਹੈ। ਬਾਅਦ 'ਚ ਇਸ ਗੀਤ ਦੇ ਆਧਾਰ 'ਤੇ ਫਿਲਮਾਂ ਦੇ ਨਾਂ ਵੀ ਬਣੇ (ਯਮਲਾ ਪਗਲਾ ਦੀਵਾਨਾ ਸੀਰੀਜ਼)।



1975 ਤੱਕ ਹੇਮਾ ਮਾਲਿਨੀ 'ਡਰੀਮ ਗਰਲ' ਦੇ ਰੂਪ 'ਚ ਹਰਮਨ ਪਿਆਰੀ ਹੋ ਚੁੱਕੀ ਸੀ ਅਤੇ ਫਿਲਮ 'ਚ ਉਨ੍ਹਾਂ ਨੇ ਧਰਮਿੰਦਰ ਦੇ ਨਾਲ ਸ਼ਾਨਦਾਰ ਅਦਾਕਾਰੀ ਕੀਤੀ। ਫਿਲਮ 'ਚ ਹੇਮਾ ਦਾ ਕਿਰਦਾਰ ਕੇਵਲ ਸਜਾਵਟੀ ਨਹੀਂ ਸਗੋਂ ਹਾਸਰਸ ਤੇ ਰੋਮਾਂਸ ਨਾਲ ਭਰਪੂਰ ਹੈ। ਸਹਾਇਕ ਕਲਾਕਾਰਾਂ ਨੇ ਵੀ ਫਿਲਮ ਨੂੰ ਰੰਗੀਨ ਬਣਾਇਆ। ਇਸ 'ਚ ਦੁਖੀ ਨਾਇਕ, ਬਦਲਾ, ਜ਼ਿੱਦੀ ਨਾਇਕਾ, ਚਲਾਕ ਖਲਨਾਇਕ, ਰੋਮਾਂਟਿਕ ਤੇ ਲੋਕ ਸੁਰਾਂ ਨਾਲ ਸਜੇ ਗਾਣੇ ਸਾਰੇ ਮਸਾਲੇ ਮੌਜੂਦ ਹਨ। ਬੇਸ਼ੱਕ ਕਹਾਣੀ ਅਨੁਮਾਨਤ ਹੈ ਪਰ ਪੇਸ਼ਕਾਰੀ ਤੇ ਸਟਾਰ ਪਾਵਰ ਨੇ ਫਿਲਮ ਨੂੰ ਬੇਹੱਦ ਮਨੋਰੰਜਕ ਬਣਾ ਦਿੱਤਾ। ਅੱਧੀ ਸ਼ਤਾਬਦੀ ਬੀਤ ਜਾਣ ਦੇ ਬਾਅਦ ਵੀ 'ਪ੍ਰਤਿੱਗਿਆ' ਨਾ ਸਿਰਫ਼ ਕਾਰੋਬਾਰੀ ਰੂਪ ਨਾਲ ਸਫਲ ਰਹੀ ਸਗੋਂ ਉਸ ਦਹਾਕੇ ਦੇ ਹਿੰਦੀ ਸਿਨੇਮਾ ਨੂੰ ਮਨੋਰੰਜਕ ਤੇ ਯਾਦਗਾਰ ਬਣਾਉਣ ਵਾਲੀ ਫਿਲਮ 'ਚ ਸ਼ਾਮਿਲ ਹੈ। ਨਿਰਦੇਸ਼ਕ ਦੁਲਾਲ ਗੋਹਾ ਨੂੰ ਬੇਸ਼ੱਕ ਮਹਾਨ ਨਿਰਦੇਸ਼ਕਾਂ 'ਚ ਨਾ ਗਿਣਿਆ ਜਾਵੇ ਪਰ ਉਨ੍ਹਾਂ ਨੇ ਸੰਤੁਲਿਤ ਮਨੋਰੰਜਨ ਤੇ ਭਾਵਨਾਵਾਂ ਨਾਲ ਭਰਪੂਰ ਕਈ ਫਿਲਮਾਂ ਦਿੱਤੀਆਂ ਜੋ ਆਮ ਪਰਿਵਾਰਾਂ, ਦਰਸ਼ਕਾਂ ਨੂੰ ਦਹਾਕਿਆਂ ਤੱਕ ਖਿੱਚਦੀਆਂ ਰਹੀਆਂ ਹਨ। 'ਪ੍ਰਤਿੱਗਿਆ' ਉਸ ਦੌਰ ਦੀ ਬਿਹਤਰੀਨ ਮਨੋਰੰਜਨ ਫਿਲਮ ਮੰਨੀ ਜਾਂਦੀ ਹੈ ਜੋ ਇਹ ਦਰਸਾਉਂਦੀ ਹੈ ਕਿ ਉਸ ਸਮੇਂ ਸਿਰਫ਼ ਗੰਭੀਰ ਜਾਂ ਮਹਾਕਵਿਆਤਮਕ ਹੀ ਨਹੀਂ ਸਗੋਂ ਹਾਸਰਸ, ਮਸਤੀ ਅਤੇ ਸੰਗੀਤ ਨਾਲ ਭਰਪੂਰ ਸਿਨੇਮਾ ਵੀ ਬਹੁਤ ਹਰਮਨ ਪਿਆਰਾ ਸੀ।

-0-

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 7722 Curry Dr Gilroy CA 95020
2. 5645 Evergreen terr Fremont CA 94536
3. 1916 Ticino Ct Pleasanton CA 94566
4. 4643 Sloan St Fremont CA 94538
5. 30252 Cedarbrook Dr Hayward ca 94544
6. 4452 Alice Way Union city CA 94587
7. 776 Vereda ct San Jose CA 95123
8. 8455 Peachtree Ave Newark CA 94560
9. 2169 Charger Dr San Jose CA 95131
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 9550 Appaloosa Pl Elk Grove CA 95624

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

19-20